
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 11
June 27, 2018

Postal Address
5101 Doe Hollow Pl., Antelope, CA-95843

www.deshdoaba.com
www.ambedkartimes.com




Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਪ੍ਰਕਾਸ਼ ਦਿਹਾੜਾ 28, 29, 30) ਅਤੇ ਫਰਿਜ਼ਨੋ (8 ਜੁਲਾਈ) ਨੂੰ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਤਿਗੁਰੂ ਕਬੀਰ ਸਾਹਿਬ ਜੀ ਦੇ ਮਨਾਏ ਜਾ ਰਹੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ।

## ਔਰੇਗਨ ਜੇਲ੍ਹ 'ਚ ਬੰਦ ਪੰਜਾਬੀਆਂ ਨੂੰ ਮਿਲੇਗੀ ਕਾਨੂੰਨੀ ਸਹਾਇਤਾ




ਵਾਸ਼ਿੰਗਟਨ (ਬਿਊਰੋ)- ਇਕ ਅਮਰੀਕੀ ਜੱਜ ਨੇ ਔਰੇਗਨ ਸੂਬੇ ਦੀ ਸੰਘੀ ਜੇਲ੍ਹ ਵਿੱਚ ਬੰਦ ਦਰਜਨਾਂ ਭਾਰਤੀਆਂ ਸਮੇਤ 120 ਪਰਵਾਸੀਆਂ ਨੂੰ ਫੌਰੀ ਵਕੀਲਾਂ ਨਾਲ ਮਿਲਣ ਦੇਣ ਦਾ ਹੁਕਮ ਦਿੱਤਾ ਹੈ। 100 ਦੇ ਕਰੀਬ ਭਾਰਤੀ ਜਿਨ੍ਹਾਂ 'ਚੋਂ ਬਹੁਤੇ ਪੰਜਾਬੀ ਹਨ, ਨੂੰ ਦੱਖਣੀ ਸਰਹੱਦ ਰਾਹੀਂ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦਿਆਂ ਫੜ ਲਿਆ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ 40-45 ਭਾਰਤੀ ਦੱਖਣੀ ਰਾਜ ਨਿਊ ਮੈਕਸਿਕੋ ਦੇ ਸੰਘੀ ਹਿਰਾਸਤੀ ਕੇਂਦਰ ਵਿੱਚ ਤਾੜੇ ਹੋਏ ਹਨ ਜਦਕਿ 52 ਭਾਰਤੀਆਂ ਜਿਨ੍ਹਾਂ 'ਚ ਬਹੁਤੇ ਸਿੱਖ ਤੇ ਈਸਾਈ ਹਨ, ਨੂੰ ਔਰੇਗਨ ਵਿੱਚ ਰੱਖਿਆ ਹੋਇਆ ਹੈ। 'ਪੋਰਟਲੈਂਡ ਮਰਕਰੀ' ਦੀ ਰਿਪੋਰਟ ਮੁਤਾਬਕ ਔਰੇਗਨ ਦੇ ਫੈਡਰਲ ਜੱਜ ਨੇ ਸ਼ੈਰੀਡਨ ਜੇਲ੍ਹ ਵਿੱਚ ਹਿਰਾਸਤ ਵਿੱਚ ਲਏ ਗਏ ਆਵਾਸੀਆਂ ਨੂੰ ਫੌਰੀ ਕਾਨੂੰਨੀ ਮਦਦ ਮੁਹੱਈਆ ਕਰਾਉਣ ਦੇ ਹੁਕਮ ਦਿੱਤੇ ਹਨ। ਅਮਰੀਕੀ ਜ਼ਿਲਾ ਜੱਜ ਮਾਈਕਲ ਸਾਇਮਨ ਨੇ ਅਮੈਰਿਕਨ ਸਿਵਿਲ ਲਿਬਰਟੀਜ਼ ਯੂਨੀਅਨ (ਏਸੀਐਲਯੂ) ਅਤੇ ਇਕ ਗ਼ੈਰਲਾਭਕਾਰੀ ਸੰਸਥਾ ਇਨੋਵੇਸ਼ਨ ਲਾਅ ਲੈਬ ਦੀ ਪਟੀਸ਼ਨ 'ਤੇ ਇਹ ਹੁਕਮ ਸੁਣਾਏ ਹਨ। ਜੱਜ ਨੇ ਕਿਹਾ '' ਇਸ ਦੇਸ਼ ਵਿੱਚ ਕਾਨੂੰਨ ਦਾ ਰਾਜ ਹੈ। ਕਾਨੂੰਨ ਦਾ ਰਾਜ ਸਾਡੇ ਸਭ ਤੋਂ ਵੱਧ ਸਤਿਕਾਰੇ ਜਾਂਦੇ ਅਸੂਲਾਂ ਵਿੱਚ ਸ਼ੁਮਾਰ ਹੈ। ਇਸ ਲਈ ਇੱਥੇ ਕਾਨੂੰਨ ਦਾ ਰਾਜ ਹੋਣ ਕਰ ਕੇ ਹੀ ਕਾਨੂੰਨੀ ਸਲਾਹ ਦਾ ਉਹ ਹੱਕ ਹੈ ਜਿਸ ਨੂੰ ਸਤਿਕਾਰ ਦੇਣ ਦੀ ਲੋੜ ਹੈ। ਜੱਜ ਸਾਇਮਨ ਨੇ ਲੰਘੇ ਸ਼ੁੱਕਰਵਾਰ ਯੂਐਸ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈਸੀਈ) ਅਤੇ ਫੈਡਰਲ ਬਿਊਰੋ ਆਫ ਪ੍ਰਿਜ਼ਨਜ਼ (ਬੀਓਪੀ) ਨੂੰ ਬੰਦੀਆਂ ਦੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਕਰਨ ਤੋਂ ਵਰਜਿਆ ਸੀ।

## ਅਮਰੀਕੀ ਸੁਪਰੀਮ ਕੋਰਟ ਵੱਲੋਂ ਰਾਸ਼ਟਰਪਤੀ ਟਰੰਪ ਦਾ ਟਰੈਵਲ ਬੈਨ ਜਾਇਜ਼ ਕਰਾਰ



**ਵਾਸ਼ਿੰਗਟਨ (ਬਿਊਰੋ)-** ਕਈ ਮੁਸਲਿਮ ਦੇਸਾਂ ਦੇ ਲੋਕਾਂ ਵੱਲੋਂ ਅਮਰੀਕਾ ਆਉਣ 'ਤੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਪਾਬੰਦੀ ਦੇ ਫੈਸਲੇ ਉੱਤੇ ਅਮਰੀਕਾ ਦੀ ਸੁਪਰੀਮ ਕੋਰਟ ਨੇ ਉਨ੍ਹਾਂ ਦੇ ਹੱਕ ਵਿੱਚ ਫੈਸਲਾ ਦਿੱਤਾ ਹੈ। ਹੇਠਲੀ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੇ ਇਸ ਫੈਸਲੇ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ ਸੀ, ਪਰ ਉੱਚ ਅਦਾਲਤ ਨੇ ਮੰਗਲਵਾਰ ਨੂੰ ਇਸ ਫੈਸਲੇ ਨੂੰ ਪਲਟ ਦਿੱਤਾ। ਟਰੰਪ ਦਾ ਫੈਸਲਾ ਈਰਾਨ, ਲੀਬੀਆ, ਸੋਮਾਲੀਆ, ਸੀਰੀਆ ਅਤੇ ਯਮਨ ਦੇ ਲੋਕਾ ਨੂੰ ਅਮਰੀਕਾ ਦੀ ਯਾਤਰਾਂ ਤੋਂ ਰੋਕਦਾ ਹੈ।

ਚੀਫ ਜਸਟਿਸ ਜੌਨ ਗੌਬਰਟਜ ਨੇ ਆਪਣੇ ਫੈਸਲੇ ਵਿੱਚ ਕਿਹਾ ਇਹ ਫੈਸਲਾ "ਰਾਸ਼ਟਰਪਤੀ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ"। "ਸਰਕਾਰ ਨੇ ਕੌਮੀ ਸੁਰੱਖਿਆ ਦੇ ਲਿਹਾਜ ਨਾਲ ਆਪਣੀ ਦਲੀਲ ਪੇਸ਼ ਕੀਤੀ ਹੈ। ਇਸ ਪਾਲਿਸੀ ਉੱਤੇ ਸਾਡੀ ਕੋਈ ਰਾਇ ਨਹੀਂ ਹੈ" ਇਸ ਫੈਸਲੇ ਦੀ ਰਫਿਊਜੀ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ ਆਲੋਚਨਾ ਹੁੰਦੀ ਹੈ। ਅਮਰੀਕਾ ਵਿੱਚ ਪਰਵਾਸੀਆਂ ਹਿੱਤਾਂ ਲਈ ਕੰਮ ਕਰਨ ਵਾਲੇ ਉਮਰ ਜਡਵਾਤ ਨੇ ਅਦਾਲਤ ਦਾ ਇਹ ਫੈਸਲਾ ਇੱਕ "ਵੱਡੀ ਅਸਫਲਤਾ ਹੈ"।

ਅਮਰੀਕੀ ਰਾਸ਼ਟਰਪਟੀ ਡੋਨਲਡ ਟਰੰਪ ਨੇ ਸੁਪਰੀਮ ਕੋਰਟ ਦੇ ਫੈਸਲੇ ਉੱਤੇ ਖੁਸ਼ੀ ਜ਼ਾਹਿਰ ਕੀਤੀ ਹੈ। ਟਰੰਪ ਪ੍ਰਸ਼ਾਸਨ ਨੇ ਟਰੈਵਲ ਬੈਨ ਵਿੱਚ ਕਈ ਸੋਧਾਂ ਕੀਤੀਆਂ ਸਨ। ਪਹਿਲਾਂ ਇਸ ਵਿੱਚ ਇਰਾਕ ਅਤੇ ਚਾਡ ਨੂੰ ਵੀ ਸ਼ਾਮਲ ਕੀਤਾ ਗਿਆ ਸੀ, ਪਰ ਬਾਅਦ ਵਿੱਚ ਇਨ੍ਹਾਂ ਦੇਸਾਂ ਨੂੰ ਲਿਸਟ ਵਿੱਚੋਂ ਕੱਢ ਦਿੱਤਾ ਗਿਆ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


LIC# 01959890
Independently Owned & Operated
Jiwan Rattu Jiwan.realtor@gmail.com
Realtor2081 Arena Boulevard Suite # 100
Sacramento, CA 95834
RE/MAX GOLD
Cell: (703) 546-6755, Office: (916) 285-1000, Fax: (916) 285-1010
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ



Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
rajasweetsandcatering
Follow us on Twitter
rajasweets




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਔਰਤਾਂ ਖ਼ਿਲਾਫ਼ ਜਿਨਸੀ ਹਿੰਸਾ 'ਚ ਭਾਰਤ ਪਹਿਲੇ ਨੰਬਰ 'ਤੇ

**ਲੰਡਨ–** ਕੌਮਾਂਤਰੀ ਮਾਹਿਰਾਂ ਦੇ ਇਕ ਪੈਨਲ ਵੱਲੋਂ ਕੀਤੇ ਸਰਵੇਖਣ ਦੀ ਮੰਨੀਏ ਤਾਂ ਜਿਨਸੀ ਹਿੰਸਾ ਦੇ ਵਧੇਰੇ ਜੋਖ਼ਮ ਕਰਕੇ ਭਾਰਤ ਮਹਿਲਾਵਾਂ ਲਈ ਵਿਸ਼ਵ ਦੇ ਸਭ ਤੋਂ ਖ਼ਤਰਨਾਕ ਮੁਲਕਾਂ 'ਚ ਸਿਖਰ 'ਤੇ ਹੈ। ਇਸ ਸੂਚੀ ਵਿੱਚ ਦੂਜਾ ਤੇ ਤੀਜਾ ਨੰਬਰ ਜੰਗ ਦੇ ਝੰਬੇ ਅਫ਼ਗਾਨਿਸਤਾਨ ਤੇ ਸੀਰੀਆ ਦਾ ਹੈ। ਥੌਮਸਨ ਰਾਇਟਰਜ਼ ਫਾਊਂਡੇਸ਼ਨ ਦੇ 550 ਮਾਹਿਰਾਂ ਵੱਲੋਂ ਕੀਤੇ ਇਸ ਸਰਵੇਖਣ ਵਿੱਚ ਸੋਮਾਲੀਆ ਤੇ ਸਾਊਦੀ ਅਰਬ ਨੂੰ ਕ੍ਰਮਵਾਰ ਚੌਥਾ ਤੇ ਪੰਜਵਾਂ ਥਾਂ ਦਿੱਤਾ ਗਿਆ ਹੈ। ਇਨ੍ਹਾਂ ਮਾਹਿਰਾਂ ਦੀ ਮਹਿਲਾਵਾਂ ਦੇ ਮੁੱਦਿਆਂ 'ਤੇ ਖਾਸੀ ਪਕੜ ਦੱਸੀ ਜਾਂਦੀ ਹੈ। 548 ਲੋਕਾਂ 'ਤੇ ਅਧਾਰਿਤ ਇਹ ਸਰਵੇਖਣ 26 ਮਾਰਚ ਤੋਂ 4 ਮਈ ਦੇ ਅਰਸੇ ਦੌਰਾਨ ਆਨਲਾਈਨ, ਫੋਨ ਤੇ ਆਹਮੋ ਸਾਹਮਣੇ ਹੋ ਕੇ ਕੀਤਾ ਗਿਆ ਸੀ। ਸਰਵੇਖਣ ਵਿੱਚ ਯੂਰੋਪ, ਅਫ਼ਰੀਕਾ, ਅਮਰੀਕਾ, ਦੱਖਣ ਪੂਰਬੀ ਏਸ਼ੀਆ, ਦੱਖਣੀ ਏਸ਼ੀਆ ਤੇ ਪ੍ਰਸ਼ਾਂਤ ਖਿੱਤੇ ਦੇ ਲੋਕਾਂ ਤੋਂ ਸਵਾਲ ਪੁੱਛੇ ਗਏ।

ਫਾਊਂਡੇਸ਼ਨ ਮੁਤਾਬਕ, 'ਇਸ ਸੂਚੀ ਵਿੱਚ ਪਹਿਲੇ ਦਸ ਮੁਲਕਾਂ 'ਚ ਪੱਛਮੀ ਮੁਲਕਾਂ 'ਚੋਂ ਸਿਰਫ਼ ਅਮਰੀਕਾ ਸ਼ਾਮਲ ਹੈ। ਉਂਜ ਜਦੋਂ ਜਿਨਸੀ ਹਿੰਸਾ ਤੇ




ਤਸ਼ੱਦਦ ਦੇ ਵਧੇਰੇ ਜੋਖ਼ਮ ਨੂੰ ਲੈ ਕੇ ਸਵਾਲ ਪੁੱਛੇ ਗਏ ਤਾਂ ਲੋਕਾਂ ਨੇ ਜਿਹੜੇ ਜਵਾਬ ਦਿੱਤੇ ਉਸ ਆਧਾਰ 'ਤੇ ਅਮਰੀਕਾ ਨੂੰ ਸਾਂਝੇ ਤੀਜੇ ਸਥਾਨ 'ਤੇ ਰੱਖਿਆ ਗਿਆ।' ਇਸ ਤੋਂ ਪਹਿਲਾਂ ਸਾਲ 2011 ਵਿੱਚ ਵੀ ਅਫ਼ਗਾਨਿਸਤਾਨ, ਕਾਂਗੋ ਗਣਰਾਜ, ਪਾਕਿਸਤਾਨ, ਭਾਰਤ ਤੇ ਸੋਮਾਲੀਆ ਵਿੱਚ ਅਜਿਹਾ ਸਰਵੇਖਣ ਕੀਤਾ ਜਾ ਚੁੱਕਾ ਹੈ। ਸਰਵੇ ਦੌਰਾਨ ਲੋਕਾਂ ਨੂੰ ਪੁੱਛਿਆ ਗਿਆ ਸੀ ਕਿ ਉਹ ਸੰਯੁਕਤ ਰਾਸ਼ਟਰ ਦੇ 193 ਮੈਂਬਰ ਮੁਲਕਾਂ 'ਚੋਂ ਕਿਹੜੇ ਪੰਜ ਮੁਲਕਾਂ ਨੂੰ ਮਹਿਲਾਵਾਂ ਲਈ ਸਭ ਤੋਂ ਖ਼ਤਰਨਾਕ ਮੰਨਦੇ ਹਨ। ਸਰਵੇ ਦਾ ਦੂਜਾ ਸਵਾਲ ਸੀ ਕਿ ਸਿਹਤ ਸੇਵਾਵਾਂ, ਆਰਥਿਕ ਵਸੀਲਿਆਂ, ਸਭਿਆਚਾਰਕ ਤੇ ਰਵਾਇਤੀ ਰੀਤੀ ਰਿਵਾਜਾਂ, ਜਿਨਸੀ ਹਿੰਸਾ ਤੇ ਤਸ਼ੱਦਦ, ਗੈਰ ਜਿਨਸੀ ਹਿੰਸਾ ਤੇ ਮਨੁੱਖੀ ਤਸਕਰੀ ਦੀ ਗੱਲ ਕਰੀਏ ਤਾਂ ਕਿਹੜੇ ਮੁਲਕ 'ਚ ਹਾਲਾਤ ਬਦ ਤੋਂ ਬੱਦਤਰ ਹਨ। ਫਾਊਂਡੇਸ਼ਨ ਨੇ ਇਕ ਬਿਆਨ ਵਿੱਚ ਕਿਹਾ ਕਿ ਲੋਕਾਂ ਨੇ ਸਰਵੇਖਣ ਦੌਰਾਨ ਮਨੁੱਖੀ ਤਸਕਰੀ, ਜਿਨਸੀ ਸ਼ੋਸ਼ਣ ਤੇ ਘਰੇਲੂ ਕੰਮਕਾਜ ਲਈ ਗੁਲਾਮ ਬਣਾਉਣਾ, ਜਬਰੀ ਵਿਆਹ ਤੇ ਭਰੂਣ ਹੱਤਿਆ ਜਿਹੇ ਪੈਮਾਨਿਆਂ ਦੇ ਆਧਾਰ 'ਤੇ ਭਾਰਤ ਨੂੰ ਮਹਿਲਾਵਾਂ ਲਈ ਸਭ ਤੋਂ ਖ਼ਤਰਨਾਕ ਮੁਲਕ ਦੱਸਿਆ ਹੈ।

# ਪੰਜਾਬ ਆਨਲਾਈਨ ਰਜਿਸਟਰੀਆਂ ਕਰਨ ਵਾਲਾ ਪਹਿਲਾ ਸੂਬਾ ਬਣਿਆ

**ਚੰਡੀਗੜ੍ਹ–** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 27 ਜੂਨ ਨੂੰ ਜ਼ਿਲ੍ਹਾ ਅੰਮ੍ਰਿਤਸਰ ਤੋਂ ਆਨ-ਲਾਈਨ ਜਾਇਦਾਦ ਰਜਿਸਟ੍ਰੇਸ਼ਨ ਪ੍ਰਣਾਲੀ ਨੂੰ ਵੀਡੀਓ ਕਾਨਫਰੰਸ ਰਾਹੀਂ ਸ਼ੁਰੂ ਕੀਤੀ ਅਤੇ ਅਜਿਹਾ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ। ਕਲਾਊਡ-ਬੇਸਡ ਐਨ.ਜੀ. ਡੀ.ਆਰ. ਐਸ (ਨੈਸ਼ਨਲ ਜੈਨਰਿਕ ਡਾਕੂਮੈਂਟ ਰਜਿਸਟ੍ਰੇਸ਼ਨ ਸਿਸਟਮ) ਪ੍ਰਣਾਲੀ ਰਾਹੀਂ ਹੋਣ ਵਾਲੀਆਂ ਆਨਲਾਈਨ ਰਜਿਸਟਰੀਆਂ ਨਾਲ ਆਮ ਲੋਕਾਂ ਨੂੰ ਖੱਜਲ-ਖੁਆਰੀ ਅਤੇ ਦਫਤਰਾਂ ਦੇ ਵਾਧੂ ਚੱਕਰਾਂ ਤੋਂ ਨਿਜਾਤ ਮਿਲੇਗੀ। ਮੁੱਖ ਮੰਤਰੀ ਨੇ ਆਨਲਾਈਨ ਰਜਿਸਟਰੀਆਂ ਦੇ ਪਾਇਲਟ ਪ੍ਰਾਜੈਕਟ ਦੀ




ਸ਼ੁਰੂਆਤ ਪਿਛਲੇ ਸਾਲ ਨਵੰਬਰ ਮਹੀਨੇ ਮੋਗਾ ਅਤੇ ਆਦਮਪੁਰ ਤੋਂ ਕੀਤੀ ਸੀ ਅਤੇ ਅੱਠ ਮਹੀਨਿਆਂ ਦੇ ਸਮੇਂ ਵਿਚ ਇਸ ਪ੍ਰਾਜੈਕਟ ਨੂੰ 21 ਜ਼ਿਲ੍ਹਿਆਂ ਦੇ 162 ਸਬ-ਰਜਿਸਟਰਾਰ ਦਫ਼ਤਰਾਂ ਵਿਚ ਲਾਗੂ ਕੀਤਾ ਜਾ ਚੁੱਕਾ ਹੈ। ਅੰਮ੍ਰਿਤਸਰ ਜ਼ਿਲ੍ਹੇ ਵਿੱਚ ਸ਼ੁਰੂ ਹੋਣ ਬਾਅਦ ਇਸ ਪ੍ਰਾਜੈਕਟ ਅਧੀਨ ਸਾਰਾ ਪੰਜਾਬ ਆ ਜਾਵੇਗਾ। ਮਾਲ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਨੇ ਕਿਹਾ ਕਿ ਕਾਗਜ਼ ਮੁਕਤ ਅਤੇ ਲੋਕ ਪੱਖੀ ਇਸ ਪ੍ਰਾਜੈਕਟ ਨਾਲ ਪਾਰਦਰਸ਼ਤਾ ਆਈ ਹੈ। ਉਨ੍ਹਾਂ ਦੱਸਿਆ ਕਿ ਜਾਇਦਾਦ ਦੀ ਰਜਿਸਟਰੀ ਲਈ ਸਮਾਂ ਲੈਣ ਦੀ 'ਤਤਕਾਲ' ਸੁਵਿਧਾ ਵੀ ਜਲਦ ਸ਼ੁਰੂ ਕੀਤੀ ਜਾਵੇਗੀ।

# ਮਾਲਿਆ ਵੱਲੋਂ ਬੈਂਕ ਕਰਜ਼ਿਆਂ ਦੀ ਅਦਾਇਗੀ ਲਈ ਆਪਣੀ ਜਾਇਦਾਦ ਵੇਚਣ ਦੀ ਪੇਸ਼ਕਸ਼

**ਬੰਗਲੌਰ–** ਭਗੌੜੇ ਸ਼ਰਾਬ ਕਾਰੋਬਾਰੀ ਵਿਜੈ ਮਾਲਿਆ ਨੇ ਬੈਂਕ ਕਰਜ਼ਿਆਂ ਦੀ ਅਦਾਇਗੀ ਲਈ ਅਸਾਸੇ ਵੇਚਣ ਦੀ ਪੇਸ਼ਕਸ਼ ਕਰਦਿਆਂ ਕਰਨਾਟਕ ਹਾਈ ਕੋਰਟ ਤੋਂ ਇਸ ਬਾਬਤ ਇਜਾਜ਼ਤ ਮੰਗੀ ਹੈ।

ਮਾਲਿਆ ਨੇ ਹਾਈ ਕੋਰਟ ਨੂੰ ਕਿਹਾ ਕਿ ਉਸ ਨੂੰ ਅਤੇ ਉਸ ਦੀ ਫ਼ਰਮ ਯੂਬੀਐਚਐਲ ਨੂੰ ਜੁਡ-ਸ਼ਿਲ ਨਿਗਰਾਨੀ ਵਿੱਚ ਅਸਾਸੇ ਵੇਚਣ ਦੀ ਪ੍ਰਵਾਨਗੀ ਦਿੱਤੀ ਜਾਵੇ ਤਾਂ ਕਿ ਉਹ ਸਰਕਾਰੀ ਬੈਂਕਾਂ ਸਮੇਤ ਹੋਰਨਾਂ ਕਰਜ਼ਿਆਂ ਨੂੰ ਮੋੜ ਸਕੇ। ਮਾਲਿਆ ਨੇ ਕਿਹਾ ਕਿ ਉਹ ਬੈਂਕ ਨਾਲ ਧੋਖਾਧੜੀ ਦਾ 'ਪੋਸਟਰ ਬੁਆਏ' ਬਣ ਚੁੱਕਾ ਹੈ ਤੇ ਲੋਕ ਰੋਹ ਦੀ ਮਸ਼ਾਲ ਉਸ ਖ਼ਿਲਾਫ਼ ਹਮੇਸ਼ਾਂ ਬਲਦੀ ਰਹਿੰਦੀ ਹੈ। ਮਾਲਿਆ ਨੇ ਦਾਅਵਾ ਕੀਤਾ ਕਿ ਉਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ 15 ਅਪਰੈਲ 2016 ਨੂੰ ਲਿਖੇ ਪੱਤਰ ਵਿੱਚ ਆਪਣੀ ਸਥਿਤੀ ਸਪਸ਼ਟ ਕਰਦਿਆਂ ਦੇਣਦਾਰੀਆਂ ਦੇ ਨਿਬੇੜੇ ਲਈ ਦਖ਼ਲ ਦੀ ਮੰਗ ਕੀਤੀ ਸੀ, ਪਰ ਦੋਵਾਂ 'ਚੋਂ ਕਿਸੇ ਨੇ ਵੀ ਹੱਥ ਪੱਲਾ ਨਹੀਂ ਫੜਾਇਆ। ਮਾਲਿਆ ਨੇ ਦਾਅਵਾ ਕੀਤਾ ਕਿ ਉਸ ਨੇ ਮਸਲੇ ਦੇ ਹੱਲ ਲਈ ਕਈ ਯਤਨ ਕੀਤੇ ਪਰ ਸਿਆਸੀ ਤੇ ਬਾਹਰੀ ਕਾਰਕਾਂ ਕਰਕੇ ਉਹ ਅਸਫ਼ਲ ਰਿਹਾ।

ਮਾਲਿਆ ਦੇ ਦਫ਼ਤਰ ਨੇ ਲੰਡਨ ਤੋਂ ਸ਼ਰਾਬ ਕਾਰੋਬਾਰੀ ਦੇ ਹਵਾਲੇ ਨਾਲ ਜਾਰੀ ਬਿਆਨ ਵਿੱਚ ਕਿਹਾ, 'ਯੂਬੀਐਚਐਲ (ਯੂਨਾਈਟਿਡ ਬ੍ਰਿਊਰੀਜ਼) ਤੇ ਮੇਰੇ ਵੱਲੋਂ ਕਰਨਾਟਕ ਹਾਈ ਕੋਰਟ 'ਚ 22 ਜੂਨ ਨੂੰ ਇਕ ਅਰਜ਼ੀ ਦਾਖ਼ਲ ਕਰਕੇ 13,900 ਕਰੋੜ ਰੁਪਏ ਦੇ ਉਪਲਬਧ ਅਸਾਸੇ ਵੇਚਣ ਦੀ ਪੇਸ਼ਕਸ਼ ਕੀਤੀ ਗਈ ਹੈ।' ਯਾਦ ਰਹੇ ਕਿ 62 ਸਾਲਾ ਸ਼ਰਾਬ ਕਾਰੋਬਾਰੀ 2 ਮਾਰਚ 2016 ਨੂੰ ਭਾਰਤ ਤੋਂ ਭੱਜ ਕੇ ਲੰਡਨ ਚਲਾ ਗਿਆ ਸੀ। ਵੱਖ ਵੱਖ ਅਦਾਲਤਾਂ ਤੇ ਲਾਅ ਐਨਫੋਰਸਮੈਂਟ ਏਜੰਸੀਆਂ ਵੱਲੋਂ ਕਈ ਮਾਮਲਿਆਂ ਵਿੱਚ ਉਸ ਨੂੰ ਸੰਮਨ ਕੀਤੇ ਜਾਣ ਦੇ ਬਾਵਜੂਦ ਉਹ ਪੇਸ਼ ਨਹੀਂ ਹੋਇਆ। ਮਾਲਿਆ ਨੇ ਉਪਰੋਕਤ ਬਿਆਨ 'ਚ ਜ਼ੋਰ ਦਿੰਦਿਆਂ ਕਿਹਾ ਕਿ ਕਰਜ਼ੇ ਦੀ ਉਗਰਾਹੀ ਸਿਵਲ ਮਾਮਲਾ ਹੈ, ਪਰ ਸੀਬੀਆਈ ਤੇ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਉਸ ਵੱਲੋਂ ਬੈਂਕਾਂ ਨਾਲ ਮਸਲਾ ਸੁਲਝਾਉਣ ਦੀ ਪੇਸ਼ਕਸ਼ ਦੇ ਬਾਵਜੂਦ ਇਸ ਨੂੰ ਅਪਰਾਧਿਕ ਬਣਾ ਦਿੱਤਾ। ਮਾਲਿਆ ਵੱਖ ਵੱਖ ਬੈਂਕਾਂ ਦਾ 13 ਹਜ਼ਾਰ ਕਰੋੜ ਰੁਪਏ ਦਾ ਦੇਣਦਾਰ ਹੈ।


**ਮਾਲਿਆ ਕੋਲ ਕਰਜ਼ੇ ਮੋੜਨ ਲਈ ਵਾਧੂ ਸਮਾਂ ਸੀ: ਐਮ.ਜੇ.ਅਕਬਰ**

ਵਿਦੇਸ਼ ਰਾਜ ਮੰਤਰੀ ਐਮ.ਜੇ.ਅਕਬਰ ਨੇ ਕਿਹਾ ਕਿ ਜੇਕਰ ਭਗੌੜਾ ਸ਼ਰਾਬ ਕਾਰੋਬਾਰ ਵਿਜੈ ਮਾਲਿਆ ਆਪਣੀਆਂ ਬੈਂਕ ਦੇਣਦਾਰੀਆਂ ਦਾ ਨਿਬੇੜਾ ਕਰਨਾ ਚਾਹੁੰਦਾ ਸੀ ਤਾਂ ਉਸ ਕੋਲ ਅਜਿਹਾ ਕਰਨ ਲਈ ਕਈ ਸਾਲ ਸਨ।

ਇਥੇ ਇਕ ਪ੍ਰੈਸ ਕਾਨਫਰੰਸ ਦੌਰਾਨ ਅਕਬਰ ਨੇ ਕਿਹਾ, 'ਜੇਕਰ ਮਾਲਿਆ ਬੈਂਕਾਂ ਨੂੰ ਕਰਜ਼ੇ ਮੋੜਨਾ ਚਾਹੁੰਦਾ ਸੀ ਤਾਂ ਉਸ ਕੋਲ ਕਈ ਸਾਲ ਸਨ, ਜਿਸ ਵਿੱਚ ਉਹ ਅਜਿਹਾ ਕਰ ਸਕਦਾ ਸੀ।'

# ਕਸ਼ਮੀਰ ਬਾਰੇ ਪਾਕਿ ਦੇ ਦਾਅਵੇ ਖੋਖਲੇ: ਭਾਰਤ

ਸੰਯੁਕਤ ਰਾਸ਼ਟਰ– ਭਾਰਤ ਨੇ ਪਾਕਿਸਤਾਨ ਨੂੰ ਕਿਹਾ ਹੈ ਕਿ ਮਹਿਜ਼ 'ਖੋਖਲੇ ਦਾਅਵਿਆਂ' ਨਾਲ ਇਹ ਸਚਾਈ ਨਹੀਂ ਬਦਲ ਜਾਂਦੀ ਕਿ ਜੰਮੂ ਤੇ ਕਸ਼ਮੀਰ ਭਾਰਤ ਦਾ ਅਟੁੱਟ ਹਿੱਸਾ ਹਨ। ਭਾਰਤ ਨੇ ਇਹ ਟਿੱਪਣੀ ਇਸਲਾਮਾਬਾਦ ਦੇ ਰਾਜਦੂਤ ਵੱਲੋਂ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿੱਚ ਵਿਚਾਰ ਚਰਚਾ ਦੌਰਾਨ




ਕਸ਼ਮੀਰ ਦਾ ਹਵਾਲਾ ਦਿੱਤੇ ਜਾਣ ਦੇ ਸੰਦਰਭ ਵਿੱਚ ਕੀਤੀ ਹੈ। ਯੂਐਨ ਵਿੱਚ ਭਾਰਤ ਦੇ ਸਥਾਈ ਮਿਸ਼ਨ ਦੇ ਪਹਿਲੇ ਸਕੱਤਰ ਸੰਦੀਪ ਕੁਮਾਰ ਬਯੱਪੂ ਨੇ ਪਾਕਿਸਤਾਨ ਵੱਲੋਂ ਕਸ਼ਮੀਰ ਦਾ ਹਵਾਲਾ ਦਿੱਤੇ ਜਾਣ 'ਤੇ ਸਖ਼ਤ ਇਤਰਾਜ਼ ਦਰਜ ਕਰਦਿਆਂ ਕਿਹਾ ਕਿ ਉਸ ਵੱਲੋਂ ਇਸ ਮੰਚ ਦੀ ਗਲਤ ਵਰਤੋਂ ਕੀਤੀ ਜਾ ਰਹੀ ਹੈ।

# ਸੁਰੱਖਿਆ ਅਮਲੇ ਦੀ ਪ੍ਰਵਾਨਗੀ ਤੋਂ ਬਗ਼ੈਰ ਕੋਈ ਨਹੀ ਆ ਸਕੇਗਾ ਮੋਦੀ ਦੇ ਨੇੜੇ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ਨੂੰ ਲੈ ਕੇ ਇਸ ਕਦਰ ਸਖ਼ਤੀ ਵਰਤੀ ਜਾ ਰਹੀ ਹੈ ਕਿ ਆਮ ਲੋਕ ਤਾਂ ਖ਼ੈਰ ਕੀ, ਬਿਨਾਂ ਆਗਿਆ ਤੋਂ ਮੰਤਰੀਆਂ ਨੂੰ ਵੀ ਉਨ੍ਹਾਂ ਦੇ ਨੇੜੇ ਫਟਕਣ ਨਹੀਂ ਦਿੱਤਾ ਜਾ ਰਿਹਾ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਰਾਜਾਂ ਲਈ ਜਾਰੀ ਕੀਤੀਆਂ ਗਈਆਂ ਨਵੀਆਂ ਸੇਧਾਂ ਵਿੱਚ ਕਿਹਾ ਗਿਆ ਹੈ ਕਿ ਸਪੈਸ਼ਲ ਪ੍ਰੋਟੈਕਸ਼ਨ ਗਰੁਪ ਐਸਪੀਜੀ ਤੋਂ ਪ੍ਰਵਾਨਗੀ ਲਏ ਬਗ਼ੈਰ ਕਿਸੇ ਨੂੰ ਵੀ ਪ੍ਰਧਾਨ ਮੰਤਰੀ ਦੇ ਨੇੜੇ ਨਾ ਆਉਣ ਦਿੱਤਾ ਜਾਵੇ।



ਇਸ ਵਰਤਾਰੇ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਲਈ ਖ਼ਤਰਾ 'ਬਹੁਤ ਜ਼ਿਆਦਾ' ਵਧ ਗਿਆ ਹੈ ਤੇ 2019 ਦੀਆਂ ਚੋਣਾਂ ਦੇ ਪੇਸ਼ੇਨਜ਼ਰ ਉਹ 'ਸਭ ਤੋਂ ਬੇਸ਼ਕੀਮਤੀ ਨਿਸ਼ਾਨਾ' ਬਣ ਗਏ ਹਨ। ਗ੍ਰਹਿ ਮੰਤਰਾਲੇ ਦੀਆਂ ਸੇਧਾਂ ਵਿੱਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਦੀ ਵਿਸ਼ੇਸ਼ ਸੁਰ-ਖਿਆ ਦੀ ਕਲੀਅਰੈਂਸ ਤੋਂ ਬਿਨਾਂ ਕਿਸੇ ਨੂੰ ਵੀ, ਭਾਵੇਂ ਕੋਈ ਵੀ ਮੰਤਰੀ ਜਾਂ ਅਫ਼ਸਰ ਹੋਵੇ , ਉਨ੍ਹਾਂ ਦੇ ਨੇੜੇ ਨਾ ਆਉਣ ਦਿੱਤਾ ਜਾਵੇ। ਸੁਣਨ 'ਚ ਆਇਆ ਹੈ ਕਿ ਐਸਪੀਜੀ ਨੇ ਸ੍ਰੀ ਮੋਦੀ ਨੂੰ ਰੋਡ ਸ਼ੋਅ ਘੱਟ ਕਰਨ ਦੀ ਸਲਾਹ ਦਿੱਤੀ ਹੈ ਕਿਉਂਕਿ ਇਨ੍ਹਾਂ ਮੌਕਿਆਂ 'ਤੇ ਉਹ ਜ਼ਿਆਦਾ ਨਿਸ਼ਾਨਾ ਬਣ ਸਕਦੇ ਹਨ।

ਇਸ ਦੀ ਬਜਾਏ ਉਹ ਜਨਤਕ ਰੈਲੀਆਂ ਜ਼ਿਆਦਾ ਕਰ ਸਕਦੇ ਹਨ ਜਿੱਥੇ ਸੁਰੱਖਿਆ ਪ੍ਰਬੰਧ ਕਰਨੇ ਨਿਸਬਤਨ ਸੌਖੇ ਹੁੰਦੇ ਹਨ। ਪ੍ਰਧਾਨ ਮੰਤਰੀ ਦੀ ਕਲੋਜ਼ ਪ੍ਰੋਟੈਕਸ਼ਨ ਟੀਮ ਸੀਪੀਟੀ ਨੂੰ ਨਵੀਆਂ ਸੇਧਾਂ ਤੇ ਖ਼ਤਰੇ ਦੀ ਸਮੀਖਿਆ ਬਾਰੇ ਜਾਣਕਾਰੀ ਦਿੱਤੀ ਜਾ ਚੁੱਕੀ ਹੈ ਤੇ ਆਦੇਸ਼ ਦਿੱਤੇ ਗਏ ਹਨ ਕਿ ਮੰਤਰੀ ਹੋਵੇ ਜਾਂ ਕੋਈ ਅਫ਼ਸਰ ਸਭ ਦੀ ਤਲਾਸ਼ੀ ਲੈ ਕੇ ਹੀ ਨੇੜੇ ਆਉਣ ਦਿੱਤਾ ਜਾਵੇ। ਹਾਲ ਹੀ ਵਿੱਚ ਮੋਦੀ ਦੀ ਪੱਛਮੀ ਬੰਗਾਲ ਫੇਰੀ ਦੌਰਾਨ ਇਕ ਸ਼ਖ਼ਸ ਸੁਰੱਖਿਆ ਦੀਆਂ ਛੇ ਪਰਤਾਂ ਤੋੜ ਕੇ ਉਨ੍ਹਾਂ ਦੇ ਪੈਰੀਂ ਹੱਥ ਲਾਉਣ 'ਚ ਕਾਮਯਾਬ ਹੋ ਗਿਆ ਸੀ ਜਿਸ ਤੋਂ ਸੁਰੱਖਿਆ ਏਜੰਸੀਆਂ ਦੇ ਹੋਸ਼ ਉੱਡ ਗਏ ਸਨ। ਇਨ੍ਹਾਂ ਘਟਨਾਵਾਂ ਤੋਂ ਬਾਅਦ ਸਰਕਾਰ ਨੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਦਾ ਜਾਇਜ਼ਾ ਲਿਆ ਸੀ।

# ਇਕਰਾਮਊਲਾ ਵੱਲੋਂ ਬੇਨਜ਼ੀਰ ਦੀ ਹੱਤਿਆ ਵਿੱਚ ਭੂਮਿਕਾ ਤੋਂ ਇਨਕਾਰ

**ਇਸਲਾਮਾਬਾਦ–** ਸਾਲ 2017 ਵਿੱਚ ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਹੱਤਿਆ ਵਿੱਚ ਸ਼ਾਮਲ ਮੰਨੇ ਜਾਂਦੇ ਤਾਲਿਬਾਨ ਅਤਿਵਾਦੀ ਇਕਰਾਮਊਲਾ ਨੇ ਇੱਕ ਵੀਡੀਓ ਜਾਰੀ ਕਰਕੇ ਭੁੱਟੋ ਦੀ ਹੱਤਿਆ ਵਿੱਚ ਆਪਣੀ ਭੂਮਿਕਾ ਤੋਂ ਪੂਰੀ ਤਰ੍ਹਾਂ ਇਨਕਾਰ ਕਰ ਦਿੱਤਾ ਹੈ।



ਹੁਣ ਤੱਕ ਇਹ ਮੰਨਿਆ ਜਾਂਦਾ ਹੈ ਕਿ ਬੇਨਜ਼ੀਰ ਭੁੱਟੋ ਦੀ ਹੱਤਿਆ ਦੀ ਸਾਜਿਸ਼ ਵਿੱਚ ਪਾਕਿਸਤਾਨ ਤਾਲਿਬਾਨ ਨੇ ਇਕਰਾਮਉਲਾ ਨੂੰ ਦੂਜੀ ਲਾਈਨ ਵਿੱਚ ਆਤਮਘਾਤੀ ਬੰਬਾਰ ਵਜੋਂ ਸ਼ਾਮਲ ਕੀਤਾ ਸੀ। ਪਰ ਹੁਣ ਅਚਨਚੇਤੀ ਇਕਰਾਮਉਲਾ ਨੇ ਤਾਲਿਬਾਨ ਵੱਲੋਂ ਜਾਰੀ ਕੀਤੀ ਵੀਡੀਓ ਵਿੱਚ ਬੇਨਜ਼ੀਰ ਦੀ ਹੱਤਿਆ ਵਿੱਚ ਕਿਸੇ ਪ੍ਰਕਾਰ ਦੀ ਭੂਮਿਕਾ ਤੋਂ ਇਨਕਾਰ ਕਰ ਦਿੱਤਾ ਹੈ। ਇਹ ਖ਼ਬਰ ਬੀਬੀਸੀ ਨੇ ਦਿੱਤੀ ਹੈ। ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ (54) ਨੂੰ 27 ਦਸੰਬਰ 2007 ਨੂੰ ਰਾਵਲਪਿੰਡੀ ਵਿੱਚ ਇੱਕ ਚੋਣ ਰੈਲੀ ਦੌਰਾਨ ਆਤਮਘਾਤੀ ਬੰਬ ਧਮਾਕਾ ਕਰਕੇ ਅਤੇ ਗੋਲੀਆਂ ਚਲਾ ਕੇ ਮਾਰ ਦਿੱਤਾ ਗਿਆ ਸੀ। ਇਸ ਹਮਲੇ ਵਿੱਚ 20 ਲੋਕ ਹੋਰ ਵੀ ਮਾਰੇ ਗਏ ਸਨ। ਤਹਿਰੀਕ ਏ ਤਾਲਿਬਾਨ ਵੱਲੋਂ ਕੀਤੀ ਗਈ ਬੇਨਜ਼ੀਰ ਦੀ ਹੱਤਿਆ ਸਮੇਂ ਇਕਰਾਮਉਲਾ ਸਿਰਫ 16 ਸਾਲ ਦਾ ਸੀ। ਉਸ ਨੂੰ ਆਤਮਘਾਤੀ ਬੰਬਾਰ ਦੇ ਪਿੱਛੇ ਤਾਇਨਾਤ ਕੀਤਾ ਗਿਆ ਸੀ। ਇਕਰਾਮਉਲਾ ਨੇ ਪਹਿਲੀ ਵਾਰ ਬੇਨਜ਼ੀਰ ਦੀ ਹੱਤਿਆ ਵਿੱਚ ਆਪਣਾ ਹੱਥ ਹੋਣ ਤੋਂ ਇਨਕਾਰ ਕੀਤਾ ਹੈ।

# ਪੰਜਾਬੀ ਮਲਟੀਕਲਚਰਲ ਸੁਸਾਇਟੀ ਆਫ ਪਿਟਸਬਰਗ ਵੱਲੋਂ ਤੀਆਂ ਦਾ ਮੇਲਾ 21 ਜੁਲਾਈ ਨੂੰ

**ਪਿਟਸਬਰਗ (ਬਿਊਰੋ)–** ਪੰਜਾਬੀ ਮਲਟੀਕਲਚਰਲ ਸੁਸਾਇਟੀ ਆਫ ਪਿਟਸਬਰਗ ਵੱਲੋਂ ਹਰ ਸਾਲ ਵਾਂਗ ਇਸ ਸਾਲ ਵੀ ਤੀਆਂ ਦਾ ਮੇਲਾ 21 ਜੁਲਾਈ 2018 ਦਿਨ ਸ਼ਨਿਚਵਰਾਰ ਦੁਪਹਿਰ 1 ਵਜੇ ਤੋਂ ਸ਼ਾਮੀ 4 ਵਜੇ ਤੱਕ 300 Presidio Lane Pittsburg (CA) 94565 ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੇਲੇ ਵਿਚ ਭੰਗੜਾ, ਡਾਂਸ, ਹਿਪ ਹੌਪ, ਗਿੱਧਾ, ਸਕਿੱਟਾਂ, ਲਾਈਵ ਡੀ. ਜੇ. ਅਤੇ ਹੋਰ ਮਨੋਰੰਜਨ ਦੇ ਪ੍ਰੋਗਰਾਮ ਹੋਣਗੇ। ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਸੰਪਰਕ ਕਰੋ ਰੂਬੀ ਰਾਜੂ 925-550-1088, ਕਸ਼ਮੀਰ ਕੌਰ 925-329-9835, ਬਲਵੀਰ ਕੌਰ 915-864-3855, ਸੁਮਨ 925-219-599





## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਰੈਡ ਕਰਾਸ ਵੱਲੋਂ ਖ਼ੂਨਦਾਨ ਕੈਂਪ




**June 30, 2017 Saturday Blood Drive SRI GURU RAVIDASS TEMPLE, PITTSBURG Mata Kalsa Langar Hall**

**From 9:00 AM to 2:45 PM**

**To Schedule your appointment or for more information visit Redcrossblood.org and enter sponsor code: SEVA or call: 800-RED-CROSS (1-800-733-2767)**

**Please register for donating blood, it is a noble cause. For more information regarding eligibility, you can click on the link below: https://www.redcrossblood.org/faq.html#eligibility**



## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਹੋਣ ਵਾਲੇ ਜੂਨ ਮਹੀਨੇ ਦੇ ਸਮਾਗਮ

**ਪ੍ਰਕਾਸ਼ ਉਤਸਵ ਸਤਿਗੁਰੂ ਕਬੀਰ ਮਹਾਰਾਜ ਜੀ**

**ਮਿਤੀ 28, 29, 30 ਜੂਨ**

28 ਜੂਨ 2018 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ

30 ਜੂਨ 2018 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ-ਢਾਡੀ ਹਰ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।

30 ਜੂਨ ਦਿਨ ਸ਼ਨਿਚਰਵਾਰ ਨੂੰ 5.30 ਵਜੇ ਸ਼ਾਮ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਚੋਲਾ ਸਾਹਿਬ ਜੀ ਦੀ ਸੇਵਾ ਕੀਤੀ ਜਾਵੇਗੀ ਜੀ, ਜਿਸ ਦੀ ਸੇਵਾ ਗੁਰੂ ਘਰ ਦੇ ਕਮੇਟੀ ਮੈਂਬਰ ਸ੍ਰੀ ਜਸਪਾਲ ਜੱਸਲ ਪਰਿਵਾਰ ਵੱਲੋਂ ਕੀਤੀ ਜਾਵੇਗੀ ਜੀ।



## ਗੁਰੂ ਘਰ ਟਾਇਰਾ ਬਿਊਨਾ ਯੂਬਾ ਸਿਟੀ ਦੇ ਜੂਨ-ਜੁਲਾਈ ਮਹੀਨੇ ਦੇ ਪ੍ਰੋਗਰਾਮ

30 ਜੂਨ ਸ਼ਨਿਚਰਵਾਰ ਵਿਆਹ ਬੇਟੀ ਕੀਰਤਨ ਕੌਰ ਪੁੱਤਰੀ ਸ. ਕੁਲਦੀਪ ਸਿੰਘ ਬੈਂਸ।

30 ਜੂਨ ਸ਼ਨਿਚਰਵਾਰ ਸੁਖਮਨੀ ਸਾਹਿਬ ਦੇ ਪਾਠ ਸ. ਬਲਬੀਰ ਸਿੰਘ ਪੂਨੀ ਦੇ ਗ੍ਰਹਿ ਵਿਖੇ।

30 ਜੂਨ ਐਤਵਾਰ ਸਵੇਰੇ ਦੀਵਾਨ ਸੁਖਮਨੀ ਸਾਹਿਬ ਪਾਠ ਅਤੇ ਲੰਗਰ ਸੇਵਾ ਵੱਲੋਂ ਸ. ਪੁਨੀਤ ਸਿੰਘ ਬਾਸੀ ਪਰਿਵਾਰ ਵੱਲੋਂ।

ਭਾਈ ਜੁਝਾਰ ਸਿੰਘ ਜੀ ਹਜ਼ੂਰੀ ਰਾਗੀ ਜਥਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸ਼ੁੱਕਰਵਾਰ ਤੋਂ ਲੈ ਕੇ ਐਤਵਾਰ ਤੱਕ ਕੀਰਤਨ ਦੀ ਸੇਵਾ ਨਿਭਾਉਣਗੇ ਜੀ।

1 ਜੁਲਾਈ ਐਤਵਾਰ ਮੇਨ ਹਾਲ 2 ਵਜੇ ਸ਼ਾਮ ਤੋਂ 3 ਵਜੇ ਸ਼ਾਮ ਤੱਕ ਅੰਤਿਮ ਅਰਦਾਸ ਸਵਰਗੀ ਸ. ਸੋਹਨ ਸਿੰਘ ਮਾਨ।

# ਕਾਂਗਰਸ ਦੀ ਸਰਕਾਰ ਆਉਣ ਨਾਲ ਲੋਕਾਂ 'ਚ ਭੈਅ ਖਤਮ ਹੋਇਆ- ਟਿੱਕਾ

**ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਅਤੇ ਲੁਧਿਆਣਾ ਤੋਂ ਕਾਂਗਰਸੀ ਆਗੂ ਅਮਰਜੀਤ ਸਿੰਘ ਟਿੱਕਾ ਅੱਜਕਲ੍ਹ ਅਮਰੀਕਾ ਫੇਰੀ ਦੌਰਾਨ ਸੈਕਰਾਮੈਂਟੋ ਵਿਖੇ ਪਹੁੰਚੇ ਤੇ ਆਪਣੀ ਵਾਰਤਾਲਾਪ ਦੌਰਾਨ ਉਹਨਾਂ ਕਿਹਾ ਕਿ ਜੋ ਲੋਕ ਆਪਣਾ ਨਿਆਂ ਲੈਣ ਲਈ ਜਥੇਦਾਰਾਂ ਤੋਂ ਭੈਅ ਖਾਂਦੇ ਸੀ ਤੇ ਥਾਣਿਆਂ ਵਿਚ ਭੈਅ ਦਾ ਮਾਹੌਲ ਸੀ, ਹੁਣ ਕਾਂਗਰਸ ਦੇ ਆਉਣ ਨਾਲ ਭੈਅ ਖਤਮ ਹੋਇਆ ਹੈ ਤੇ ਲੋਕਾਂ ਦੇ ਕੰਮ ਹੋਣੇ ਆਰੰਭ ਹੋਏ ਹਨ।



ਉਹਨਾਂ ਕਿਹਾ ਕਿ ਸਧਾਰਨ ਲੋਕਾਂ ਦੇ ਕਰਜ਼ੇ ਮੁਆਫ ਹੋਣੇ ਵੱਡੀ ਗੱਲ ਹੈ, ਜਿਸ ਨਾਲ ਗਰੀਬ ਲੋਕਾਂ ਨੂੰ ਭਾਰੀ ਰਾਹਤ ਮਿਲੀ ਹੈ। ਉਹਨਾਂ ਕਿਹਾ ਕਿ ਅਕਾਲੀਆਂ ਨੇ ਪੰਜਾਬੀਆਂ ਨੂੰ ਸ਼ਰੇਆਮ ਲੁੱਟਿਆ ਅਤੇ ਅਕਾਲੀ ਸਰਕਾਰ ਵੇਲੇ ਫੰਡਾਂ ਦੀ ਦੁਰਵਰਤੋਂ ਹੋਈ। ਸ. ਟਿੱਕਾ ਨੇ ਕਿਹਾ ਕਿ ਇਮਾਨਦਾਰ ਪ੍ਰਸ਼ਾਸਨ ਨੇ ਪੰਜਾਬੀਆਂ ਨੂੰ ਰਾਹਤ ਦਿੱਤੀ ਹੈ ਜੋ ਕਿ ਕਾਂਗਰਸ ਦੀ ਵੱਡੀ ਪ੍ਰਾਪਤੀ ਹੈ। ਉਹਨਾਂ ਕਿਹਾ ਕਿ ਐਨ. ਆਰ. ਆਈ. ਵੀਰ ਕਾਂਗਰਸ ਦੀ ਹਮਾਇਤ ਕਰਨ ਤਾਂ ਜੋ ਪੰਜਾਬ ਵਿਚ ਕਈ ਲਟਕਦੇ ਮਸਲੇ ਤੇ ਹੋਰ ਗੰਧਲੇ ਪਾਣੀਆਂ ਦੀ ਸਮੱਸਿਆ ਅਤੇ ਪਿੰਡਾਂ ਦੀ ਬਦਲਦੀ ਨੁਹਾਰ ਵਿਚ ਹੋਰ ਤੇਜ਼ ਕੰਮ ਹੋ ਸਕੇ।

# ਨਿਊਜਰਸੀ ਸੁਪਰੀਮ ਕੋਰਟ ਵਲੋਂ ਮੇਅਰ ਰਵੀ ਭੱਲਾ ਅਨੈਤਿਕ ਵਿਵਹਾਰ ਲਈ 3 ਮਹੀਨੇ ਲਈ ਮੁਅੱਤਲ

**ਨਿਊਜਰਸੀ, (ਹੁਸਨ ਲੜੋਆ ਬੰਗਾ)–** ਨਿਊਜਰਸੀ ਦੀ ਸਟੇਟ ਸੁਪਰੀਮ ਕੋਰਟ ਨੇ ਹੋਬੋਕੇਨ ਦੇ ਮੇਅਰ ਰਵੀ ਭੱਲਾ ਨੂੰ 3 ਮਹੀਨੇ ਲਈ ਮੁਅੱਤਲ ਕਰ ਦਿੱਤਾ ਹੈ। ਅਦਾਲਤ ਦਾ ਕਹਿਣਾ ਹੈ ਕਿ ਭਾਰਤੀ ਅਮਰੀਕੀ ਸਿਆਸਤਦਾਨ ਨੇ ਅਨੈਤਿਕ ਵਿਵਹਾਰ ਦਾ ਪ੍ਰਗਟਾਵਾ ਕੀਤਾ ਹੈ। ਹਾਲਾਂਕਿ ਮੁਅੱਤਲ ਦੀ ਸ਼ਰਤਾਂ ਸਪਸ਼ਟ ਨਹੀਂ ਸਨ ਪਰ ਹੋਬੋਕੇਨ ਸਿਟੀ ਕੌਂਸਲ ਨੇ ਤੁਰੰਤ ਕਾਰਵਾਈ ਕਰਦਿਆਂ 7-2 ਦੇ ਵੋਟ ਨਾਲ ਆਰਡੀਨੈਂਸ ਪਾਸ ਕਰ ਦਿੱਤਾ ਜਿਸ ਤਹਿਤ ਭੱਲਾ ਨੂੰ ਆਪਣੀ ਲਾਅ ਫਰਮ 'ਤੇ ਉਸ ਵਲੋਂ ਕੀਤੇ ਕੰਮ ਤੋਂ ਹੋਣ ਵਾਲੀ ਆਮਦਨ ਦਾ ਖੁਲਾਸਾ ਕਰਨਾ ਹੋਵੇਗਾ। ਆਰਡੀਨੈਂਸ ਅਨੁਸਾਰ ਭੱਲਾ ਨੂੰ ਫਰਮ ਨਾਲ ਸਬੰਧਤ ਸਾਰੇ ਗ੍ਰਾਹਕ ਅਤੇ ਠੇਕੇ ਬਾਰੇ ਤਿਮਾਹੀ ਦੇ ਆਧਾਰ 'ਤੇ ਖੁਲਾਸਾ ਕਰਨਾ ਹੋਵੇਗਾ। ਭੱਲਾ ਸ਼ਹਿਰ ਦੇ ਮੇਅਰ ਵਜੋਂ ਆਪਣਾ ਪਹਿਲਾ ਕਾਰਜਕਾਲ ਚਲਾ ਰਹੇ ਹਨ। ਸੁਪਰੀਮ ਕੋਰਟ ਅਨੁਸਾਰ 2008 ਅਤੇ 2009 ਦੇ ਪਹਿਲੇ ਅੱਧ ਵਿਚ ਭੱਲਾ ਨੇ ਆਪਣੇ ਸਾਥੀ ਐਂਡਰਿਊ ਬੈਂਟਸਨ ਦੇ ਪੇਚੈਕ ਦਾ 10 ਫੀਸਦੀ ਲਿਆ ਸੀ ਜੋ ਕਿ ਉਸਦੀ ਸੇਵਾ-ਮੁਕਤ ਫੰਡ ਵਿਚ ਜਮਾ ਕਰਵਾਏ ਜਾਣੇ ਸਨ। ਬੈਂਟਸਨ ਨਾਲ ਕੀਤੇ ਕਰਾਰ ਤਹਿਤ ਭੱਲਾ ਨੂੰ 3 ਫੀਸਦੀ ਬੈਂਟਸਨ ਦੇ ਯੋਗਦਾਨ ਵਿਚ ਦੇਣੇ ਬਣਦੇ ਸਨ। ਇਸ ਲਈ ਸਾਲ 2008 ਲਈ ਭਲਾ ਨੂੰ ਚਾਹੀਦਾ ਸੀ ਕਿ ਉਹ ਬੈਂਟਸਨ ਦੀ ਕੁਲ ਆਮਦਨ ਵਿਚੋਂ 6000 ਡਾਲਰ ਰੋਕ ਲੈਂਦਾ ਅਤੇ ਇਸ ਨੂੰ ਉਸਦੇ ਖਾਤੇ ਵਿਚ ਜਮਾ ਕਰਾਉਂਦਾ ਅਤੇ ਫਿਰ ਬੈਂਟਸਨ ਦੇ ਪੈਨਸ਼ਨ ਵਿਚ 1800 ਡਾਲਰ ਆਪਣੇ ਵਲੋਂ ਜਮਾ ਕਰਾਉਂਦਾ। ਪਰ ਬੈਂਟਸਨ ਦੀ ਦਸੰਬਰ 2008 ਦੀ ਬੈਂਕ ਸਟੇਟਮੈਂਟ ਵਿਚ ਕੇਵਲ 5792.29 ਡਾਲਰ ਹੀ ਜਮਾ ਹੋਏ । ਜਿਸ ਵਿਚੋਂ 2049.29 ਡਾਲਰ ਬੈਂਟਸਨ ਦੇ ਯੋਗਦਾਨ ਵਿਚੋਂ ਸਨ ਅਤੇ 3750ਡਾਲਰ ਭੱਲਾ ਦੇ ਆਪਣੇ ਸਨ। ਇਸ ਤਰਾਂ ਬੈਂਟਸਨ ਦੇ ਸੇਵਾਮੁਕਤੀ ਵਾਲੇ ਖਾਤੇ ਵਿਚ 2007.71 ਡਾਲਰ ਘੱਟ ਰਕਮ ਪਾਈ ਗਈ। ਇਹੀ ਕੁਝ 2009 ਵਿਚ ਵੀ ਇਸੇ ਤਰਾਂ ਚਲਦਾ ਰਿਹਾ। ਕੁਲ ਮਿਲਾਕੇ ਭੱਲਾ ਸਾਲ 2008 ਅਤੇ 2009 ਦੇ ਸਾਲ ਲਈ ਆਪਣੇ ਬਣਦਾ 6207.70 ਡਾਲਰ ਦਾ ਯੋਗਦਾਨ ਨਹੀਂ ਪਾ ਸਕਿਆ। ਅਦਾਲਤ ਦਾ ਕਹਿਣਾ ਸੀ ਕਿ ਭੱਲਾ ਨੇ ਬੇਈਮਾਨੀ, ਫਰਾਡ ਅਤੇ ਅਨੈਤਿਕ ਵਤੀਰੇ ਦਾ ਪ੍ਰਗਟਾਵਾ ਕੀਤਾ ਹੈ। ਅਟਾਰਨੀ ਦਾ ਕਹਿਣਾ ਸੀ ਕਿ ਮੇਅਰ ਦੇ ਨਾਲ ਨਾਲ ਭੱਲਾ ਦਾ ਲਾਅ ਦਫਤਰ ਨਾਲ ਜੁੜੇ ਰਹਿਣਾ ਕਈ ਤਰਾਂ ਦੇ ਗੰਭੀਰ ਕਾਨੂੰਨੀ ਅਤੇ ਨੈਤਿਕ ਸਵਾਲ ਖੜੇ ਕਰਦਾ ਹੈ। ਇਸ ਸਬੰਧੀ ਭੱਲਾ ਦਾ ਕਹਿਣਾ ਸੀ ਕਿ ਫਰਵਰੀ ਤੋਂ ਲੈਕੇ ਉਸ ਨੇ ਕੇਵਲ ਇਕ ਗ੍ਰਾਹਕ ਨੂੰ ਹੀ ਭੁਗਤਾਇਆ ਹੈ ਅਤੇ ਨਾਲ ਹੀ ਕਿਹਾ ਕਿ ਉਸ ਨੇ ਇਸ ਵਿਚੋਂ ਇਕ ਡਾਲਰ ਦੀ ਵੀ ਕਮਿਸ਼ਨ ਨਹੀਂ ਲਈ ਹੈ। ਉਸ ਨੇ ਕਿਹਾ ਕਿ ਇਸ ਵਿਚ ਛੁਪਾਉਣ ਵਾਲੀ ਕੋਈ ਵੀ ਗੱਲ ਨਹੀਂ ਹੈ।



# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਸਾਹਿਤਕ ਮਿਲਣੀ 1 ਜੁਲਾਈ ਨੂੰ

ਯੂਬਾ ਸਿਟੀ- ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਸਾਹਿਤਕ ਮਿਲਣੀ 1 ਜੁਲਾਈ 2018 ਦਿਨ ਐਤਵਾਰ ਨੂੰ ਦੁਪਹਿਰ 2 ਵਜੇ ਤੋਂ ਸ਼ਾਮੀ 6 ਵਜੇ ਤੱਕ ਗੁਰਦੁਆਰਾ ਸਾਹਿਬ, ਟੈਰਾ ਬੁਆਇਨਾ ਰੋਡ ਦੇ ਕਮੇਟੀ ਰੂਮ ਵਿਖੇ ਹੋਵੇਗੀ। ਇਸ ਮੌਕੇ ਮਹਾਰਾਜਾ ਰਣਜੀਤ ਸਿੰਘ ਦੀ 179ਵੀਂ ਬਰਸੀ (ਜੋ29 ਜੂਨ ਨੂੰ ਹੈ) ਉੱਤੇ ਚਰਚਾ ਹੋਵੇਗੀ। ਉਹਨਾਂ ਨੂੰ ਕਵਿਤਾਵਾਂ ਅਤੇ ਲੇਖਾਂ ਆਦਿ ਰਾਹੀਂ ਯਾਦ ਕੀਤਾ ਜਾਵੇਗਾ। ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਮੈਂਬਰ ਅਤੇ ਉਘੇ ਲੇਖਕ ਸ. ਨਿਰਮਲ ਸਿੰਘ ਲਾਲੀ ਦੀ ਚੌਦਵੀਂ ਪੁਸਤਕ 'ਨਵੇਂ ਜ਼ਖਮ' ਨੂੰ ਲੋਕ ਅਰਪਣ ਕੀਤਾ ਜਾਵੇਗਾ ਅਤੇ ਸੰਖੇਪ ਜਾਣਕਾਰੀ ਦਿੱਤੀ ਜਾਵੇਗੀ। ਇਸ ਮੌਕੇ ਸਾਹਿਤਕ ਚਰਚਾ ਅਤੇ ਕਵੀ ਦਰਬਾਰ ਹੋਵੇਗਾ। ਸਭਾ ਦੇ ਅਹੁਦੇਦਾਰਾਂ ਵੱਲੋਂ ਸਾਹਿਤਕਾਰ ਲਿਖਾਰੀ, ਮੈਂਬਰ ਵੀਰਾਂ ਨੂੰ ਇਸ ਮੌਕੇ ਸ਼ਾਮਲ ਹੋਣ ਲਈ ਹਾਰਦਿਕ ਸੱਦਾ ਦਿੱਤਾ ਗਿਆ ਹੈ।

## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖ਼ਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

# ਕਰਮਨ ਪੰਜਾਬੀ ਸਕੂਲ ਦਾ ਸਲਾਨਾ ਸੱਭਿਆਚਾਰਕ ਪ੍ਰੋਗਰਾਮ ਛੱਡ ਗਿਆ ਅਮਿੱਟ ਪੈੜਾਂ





**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਕੈਲੀਫੋਰਨੀਆਂ ਵਿੱਚ ਫਰਿਜ਼ਨੋ ਨਜ਼ਦੀਕੀ ਕਰਮਨ ਸ਼ਹਿਰ ਵਿਖੇ 'ਕਰਮਨ ਪੰਜਾਬੀ ਸਕੂਲ' ਵੱਲੋਂ ਸਾਲ ਦੀ ਸਮਾਪਤੀ 'ਤੇ ਪਰਿਵਾਰਕ ਮਿਲਣੀ ਅਤੇ ਸੱਭਿਆਚਾਰਕ ਪ੍ਰੋਗਰਾਮ ਕੀਤਾ ਗਿਆ। ਇਹ ਸਕੂਲ ਪਿਛਲੇ ਕਈ ਸਾਲਾਂ ਤੋਂ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ, ਗੁਰਮੁੱਖੀ ਲਿੱਪੀ, ਗੁਰਮਤਿ ਸਿੱਖਿਆ ਅਤੇ ਪੰਜਾਬੀ ਸੱਭਿਆਚਾਰ ਦੀ ਸਿੱਖਿਆ ਦਿੰਦਾ ਆ ਰਿਹਾ ਹੈ। ਇਸ ਪ੍ਰੋਗਰਾਮ ਦੀ ਸੁਰੂਆਤ ਕੁਲਵੰਤ ਸਿੰਘ ਉੱਭੀ ਨੇ ਸਭ ਨੂੰ 'ਜੀ ਆਇਆ' ਕਹਿਣ ਨਾਲ ਕੀਤੀ। ਇਸ ਉਪਰੰਤ ਬੱਚਿਆਂ ਨੇ ਗੁਰਮਤਿ ਮਰਿਆਦਾ ਅਨੁਸਾਰ 'ਮੂਲ-ਮੰਤਰ' ਦਾ ਸਿਮਰਨ ਕੀਤਾ। ਸਕੂਲ ਦੇ ਪ੍ਰਧਾਨ ਸ. ਗੁਰਜੰਟ ਸਿੰਘ ਗਿੱਲ ਨੇ ਸਮੁੱਚੇ ਪ੍ਰਬੰਧਕੀ ਬੋਰਡ ਮੈਂਬਰ ਜਿਹਨਾਂ ਵਿੱਚ ਕਮਲਜੀਤ ਸਿੰਘ ਸਰ੍ਹਾਂ, ਕੁਲਵੰਤ ਸਿੰਘ ਉੱਭੀ, ਜਸਮੀਤ ਕੌਰ ਮਾਨ, ਬਲਜੀਤ ਕੌਰ ਜੌਹਲ, ਕਮਲਜੀਤ ਕੌਰ ਬੈਂਸ ਅਤੇ ਹਰਦੀਪ ਕੌਰ ਜਾਨੀ ਸਮੇਤ ਬੋਲਦੇ ਹੋਏ ਸਕੂਲ ਪੰਜਾਬੀ ਦੇ ਵਿਕਾਸ ਪ੍ਰਤੀ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਇਸ ਉਪਰੰਤ ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਦੇ ਸਮੂਹ ਮੈਂਬਰਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਅਧਿਆਪਕਾਂ ਅਤੇ ਵਲੰਟੀਅਰਾਂ ਨੂੰ ਵੀ ਹਾਜ਼ਰੀਨ ਦੇ ਰੂਬਰੂ ਕਰਦੇ ਹੋਏ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਵੱਖ-ਵੱਖ ਪੜਾਈ, ਗੁਰਬਾਣੀ ਉਚਾਰਨ ਅਤੇ ਸੱਭਿਆਚਾਰਿਕ ਸਰਗਰਮੀਆਂ ਵਿੱਚ ਪਹਿਲੇ ਸਥਾਨਾਂ 'ਤੇ ਰਹਿਣ ਵਾਲੇ ਬੱਚਿਆ ਨੂੰ ਸਰਟੀਫ਼ਿਕੇਟ ਅਤੇ ਟ੍ਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਬਾਅਦ ਆਪਣੇ ਸੱਭਿਆਚਾਰ ਪ੍ਰਤੀ ਪਿਆਰ ਦਿਖਾਉਦੇ ਹੋਏ ਗਿੱਧੇ ਅਤੇ ਭੰਗੜੇ ਦੇ ਵੱਖ-ਵੱਖ ਗਰੁੱਪਾਂ ਵਿੱਚ ਜੌਹਰ ਦਿਖਾਏ। ਇਸ ਸਮੇਂ ਬੱਚਿਆ ਵੱਲੋਂ ਸਪੀਚ ਅਤੇ ਸਕਿੱਟਾਂ ਵੀ ਪੇਸ਼ ਕੀਤੀਆਂ ਗਈਆਂ। ਇਸ ਸਮੇਂ ਸਾਰੇ ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਮੈਂਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਪੰਜਾਬ ਤੋਂ ਪਹੁੰਚੇ ਹਰਜਿੰਦਰ ਸਿੰਘ ਖਾਲਸਾ ਅਤੇ ਕਰਮਨ ਸ਼ਹਿਰ ਦੀ ਪੁਲੀਸ ਦੇ ਮੁੱਖੀ ਨੇ ਵੀ ਸੰਬੋਧਿਤ ਕੀਤਾ। ਕੈਲੀਫੋਰਨੀਆਂ ਦੇ ਪ੍ਰਸਿੱਧ ਕਮੇਡੀਅਨ ਵਿਜੈ ਸਿੰਘ ਨੇ ਕਮੇਡੀ ਅਤੇ ਗਾਇਕਾ ਰਣਜੀਤ ਕੌਰ ਨੇ ਗਾਇਕੀ ਰਾਹੀ ਹਾਜ਼ਰੀਨ ਦਾ ਮਨੋਰੰਜਨ ਕੀਤਾ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਕੁਲਵੰਤ ਸਿੰਘ ਉੱਭੀ ਅਤੇ ਦਵਿੰਦਰ ਕੌਰ ਸਰ੍ਹਾਂ ਨੇ ਬਾਖੂਬੀ ਕੀਤਾ। ਇਸ ਤੋਂ ਇਲਾਵਾ ਬੱਚਿਆ ਲਈ ਹੌਸਲਾ ਅਫਜ਼ਾਈ ਕਰਦੇ ਹੋਏ ਬਹੁਤ ਸਾਰੇ ਰੈਂਫਲ ਡਰਾਅ ਵੀ ਕੱਢੇ ਗਏ। ਇਸ ਸਮੁੱਚੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਅਧਿਆਪਕ ਸੁਖਵਿੰਦਰ ਕੌਰ ਸਰ੍ਹਾਂ, ਰਾਜਿੰਦਰ ਕੌਰ ਗਿੱਲ, ਦਵਿੰਦਰ ਕੌਰ ਸਰ੍ਹਾਂ, ਬਲਜੀਤ ਕੌਰ ਜੌਹਲ, ਜਸਮੀਤ ਕੌਰ ਹੇਅਰ, ਸਿਮਰਦੀਪ ਕੌਰ ਹੇਅਰ, ਜਸਮੀਨ ਮਾਨ, ਬਲਜੀਤ ਕੌਰ ਸਰ੍ਹਾਂ, ਮਨੀ ਹੇਅਰ ਅਤੇ ਗੁਰਪ੍ਰੀਤ ਕੌਰ ਬਰਾੜ, ਗੁਰਪ੍ਰੀਤ ਗਿੱਲ, ਗੁਰਪ੍ਰੀਤ ਜਾਨੀ, ਗੁਰਦੀਪ ਨਾਹਲ ਆਦਿਕ ਨੇ ਬਹੁਤ ਯੋਗਦਾਨ ਪਾਇਆ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਹੋਇਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।



# ਹਰਵਿੰਦਰ ਸਿੰਘ ਫੂਲਕਾ ਨੇ ਗੁਰਦਵਾਰਾ ਸਿੰਘ ਸਭਾ ਵਿਖੇ ਸੰਗਤ ਨੂੰ ਸੰਬੋਧਨ ਕੀਤਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-** ਜੂਨ ਦਾ ਮਹੀਨਾ ਸਿੱਖ ਕੌਮ ਲਈ 84 ਦੇ ਜ਼ਖ਼ਮ ਹਰ ਸਾਲ ਤਾਜ਼ੇ ਕਰ ਜਾਂਦਾ ਹੈ । ਇਹ ਮਹੀਨਾ ਦੋ ਵੱਡੇ ਘੱਲੂ ਘਾਰਿਆ ਦੀ ਯਾਦ ਵੀ ਸਾਨੂੰ ਦਿਵਾਉਦਾ ਹੈ। ਪਹਿਲਾ ਘੱਲੂਘਾਰਾ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੰਘਾਂ ਦੀ ਸ਼ਹਾਦਤ ਦੀ ਦਾਸਤਾਨ..! ਦੂਸਰਾ 84 ਦੇ ਘੱਲੂਘਾਰੇ ਵਿੱਚ ਮਾਰੇ ਗਏ ਹਜ਼ਾਰਾਂ ਬੇਕਸੂਰੇ ਸਿੱਖਾਂ ਦੇ ਕਤਲ ਦੀ। ਇਸੇ ਸੰਬੰਧ ਵਿੱਚ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਵਿਸ਼ੇਸ਼ ਦੀਵਾਨ ਸਜਾਏ ਗਏ। ਜਿੱਥੇ ਗੁਰਦਵਾਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਨੇ ਏਟੀ ਫੋਰ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਸੰਬੰਧੀ ਰੌਂਗਟੇ ਖੜੇ ਕਰਦੀ ਦਾਸਤਾਨ ਸੰਗਤਾਂ ਨਾਲ ਸਾਂਝੀ ਕੀਤੀ। ਇਸ ਪਿੱਛੋਂ ਗੁਰੂ ਘਰ ਦੇ ਸੈਕਟਰੀ ਗੁਰਪ੍ਰੀਤ ਸਿੰਘ ਮਾਨ ਨੇ ਹਰਵਿੰਦਰ ਸਿੰਘ ਫੂਲਕਾ ਨੂੰ ਨਿੱਘੀ ਜੀ ਆਇਆ ਕਹੀ ਤੇ ਸਟੇਜ ਤੇ ਆਉਣ ਦਾ ਸੱਦਾ ਦਿੱਤਾ। ਫੂਲਕਾ ਸਾਬ੍ਹ ਨੇ ਦੱਸਿਆ ਕਿ ਏਟੀ ਫੋਰ ਮੌਕੇ ਕਿਵੇਂ ਭੀੜ ਨੇ ਸਿੱਖਾਂ ਨੂੰ ਘਰਾਂ ਵਿੱਚੋਂ ਕੱਢ ਕੱਢਕੇ ਮਾਰਿਆਂ ਤੇ ਕਿਵੇਂ ਪੁਲਿਸ ਨੇ ਮੂਕ ਦਰਸ਼ਕ ਬਣਕੇ ਇਹ ਮੌਤ ਦਾ ਨੰਗਾ ਨਾਚ ਹਿੰਦੁਸਤਾਨ ਦੀ ਧਰਤੀ ਤੇ ਕਰਵਾਇਆ। ਇਸ ਪਿੱਛੋਂ ਫੂਲਕਾ ਸਾਬ੍ਹ ਨੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਲੰਮੀਂ ਲੜਾਈ ਲੜੀ ਪਰ ਸਾਡੇ ਆਪਣੇ ਹੀ ਲੋਕਾਂ ਨੇ ਗਵਾਹਾਂ ਨੂੰ ਮੁਕਰਵਾਇਆ ਜਿਸ ਕਰਕੇ ਐਚ ਕੇ ਆਲ ਭਗਤ, ਟਾਇਟਲਰ ਅਤੇ ਸੱਜਣ ਕੁਮਾਰ ਵਰਗੇ ਸਜ਼ਾਵਾਂ ਤੋਂ ਬਚਦੇ ਰਹੇ।



ਲੇਕਿਨ ਓਹਨਾਂ ਕਿਹਾ ਕਿ ਭਗਤ ਤਾਂ ਪਾਗਲ ਹੋਕੇ ਮਰਿਆ ਤੇ ਹਾਲ ਟਾਇਟਲਰ ਹੋਰਾਂ ਦਾ ਵੀ ਓਹਦੇ ਵਰਗਾ ਹੀ ਹੋਵੇਗਾ। ਇਸ ਮੌਕੇ ਓਹਨਾ ਲੋਕਾਂ ਨੂੰ ਆਪੋ ਆਪਣੇ ਪਿੰਡਾਂ ਦੇ ਸਕੂਲ ਗੋਦ ਲੈਣ ਲਈ ਵੀ ਅਪੀਲ ਕੀਤੀ ਤਾਂ ਕਿ ਪੰਜਾਬ ਦੇ ਵਿੱਚ ਨਿੱਘਰ ਰਹੇ ਐਜੂਕੇਸ਼ਨ ਦੇ ਪੱਧਰ ਨੂੰ ਉੱਪਰ ਚੱਕਿਆ ਜਾ ਸਕੇ। ਇਸ ਮੌਕੇ ਗੁਰੂ-ਘਰ ਵੱਲੋਂ ਉਹਨਾ ਨੂੰ ਸਿਰੋਪਾਓ ਵੀ ਬਖ਼ਸ਼ਿਆ ਗਿਆ।

ਇਸ ਤੋਂ ਬਿਨਾਂ ਉਹਨਾ ਗੁਰਦਵਾਰਾ ਪੈਸੇਫਿਕ ਕੋਸਟ ਸਿਲਮਾ ਵਿਖੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਉਪਰੰਤ ਉਹਨਾ ਕੁਝ ਸੱਜਣਾਂ ਨਾਲ ਸਥਾਨਿਕ ਇੰਡੀਆ ਓਵਨ ਰੈਸਟੋਰੈਂਟ ਵਿੱਚ ਮੀਟਿੰਗ ਵੀ ਕੀਤੀ ਜਿੱਥੇ ਜਦੋਂ ਉਹਨਾਂ ਨੂੰ ਪੰਜਾਬ ਦੀ ਸਿਆਸਤ ਜਾ ਆਪ ਪਾਰਟੀ ਦੇ ਆਪਸੀ ਕਾਟੋ ਕਲੇਸ਼ ਸੰਬੰਧੀ ਸਵਾਲ ਕੀਤੇ ਗਏ ਤਾਂ ਉਹ ਇਹਨਾ ਸਵਾਲਾਂ ਤੋਂ ਥੋੜੇ ਤਹਿਸ਼ ਵਿੱਚ ਟਾਲ੍ਹਾ ਵੱਟਦੇ ਨਜ਼ਰੀ ਪਏ।

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੀ ਮਾਸਿਕ ਇਕੱਤਰਤਾ





**ਯੂਨੀਅਨ ਸਿਟੀ-** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੀ ਮਾਸਿਕ ਇਕੱਤਰਤਾ 17 ਜੂਨ ਨੂੰ ਰਾਜਾ ਸਵੀਟਸ ਯੂਨੀਅਨ ਸਿਟੀ ਵਿਖੇ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਪ੍ਰੋਫੈਸਰ ਰਜੇਸ਼ ਸ਼ਰਮਾ , ਦਰਸ਼ਨ ਨੱਤ ਅਤੇ ਸੁਖਵਿੰਦਰ ਕੰਬੋਜ ਨੇ ਕੀਤੀ।

ਇਸ ਮੀਟਿੰਗ ਵਿਚ ਸੁੱਖਪਾਲ ਸੰਘੇੜਾ ਦੀ ਕਹਾਣੀ "ਬੋਣਾ ਆਦਮੀ" ਉੱਤੇ ਵਿਚਾਰ ਚਰਚਾ ਹੋਈ। ਇਸ ਚਰਚਾ ਵਿਚ ਦਰਸ਼ਨ ਨੱਤ, ਸੁਰਿੰਦਰ ਸਿੰਘ ਸੀਰਤ, ਸੁਖਵਿੰਦਰ ਕੰਬੋਜ ਅਤੇ ਕੁਲਵਿੰਦਰ ਨੇ ਆਪਣੇ ਆਪਣੇ ਸੁਝਾਅ ਦਿੱਤੇ। ਸੁੱਖਪਾਲ ਸੰਘੇੜਾ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਪ੍ਰੋਫੈਸਰ ਰਜੇਸ਼ ਸ਼ਰਮਾ ਜੀ ਦੀ ਜਾਣ ਪਛਾਣ ਸੁਖਵਿੰਦਰ ਕੰਬੋਜ ਨੇ ਕਰਵਾਈ। ਪ੍ਰੋਫੈਸਰ ਰਜੇਸ਼ ਸ਼ਰਮਾ ਜੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਅੰਗਰੇਜ਼ੀ ਵਿਭਾਗ ਦੇ ਮੁਖੀ ਹਨ । ਤ੍ਰੈਮਾਸਿਕ ਪੰਜਾਬੀ ਰਸਾਲੇ ਹੁਣ ਦੀ ਸਹਿ ਸੰਪਾਦਕ ਕਮਲ ਦੁਸਾਂਝ ਦਾ ਇਸ ਮੀਟਿੰਗ ਵਿੱਚ ਸਵਾਗਤ ਕੀਤਾ ਗਿਆ।

ਅਕਤੂਬਰ ਵਿੱਚ ਕਰਵਾਈ ਜਾਣ ਵਾਲੀ ਕਾਨਫਰੰਸ ਬਾਬਤ ਸਲਾਹ ਮਸ਼ਵਰਾ ਕੀਤਾ ਗਿਆ। ਇਸ ਮੀਟਿੰਗ ਵਿਚ ਕਾਵਿ ਸੰਗ੍ਰਹਿ " ਸਾਂਝਾ ਪਿਆਰ ਦੀਆਂ " ਅਤੇ " ਰਾਗ " ਰਸਾਲੇ ਨੂੰ ਲੋਕ ਅਰਪਤ ਕੀਤਾ ਗਿਆ।

ਸਭ ਤੋਂ ਅਖੀਰ ਵਿੱਚ ਕਵੀ ਦਰਬਾਰ ਹੋਇਆ ਜਿਸ ਵਿੱਚ ਅਰਚਨਾ ਪਾਂਡੇ ਨੇ ਕਵਿਤਾ ਦਾ ਪਾਠ ਕੀਤਾ। ਉਸ ਤੋਂ ਪਿੱਛੋਂ ਸੁੱਖਦੇਵ ਸਾਹਿਲ ਨੇ ਇਕ ਗ਼ਜ਼ਲ ਦੇ ਕੁੱਝ ਸ਼ਿਅਰ ਪੜ੍ਹੇ। ਇਸ ਕਵੀ ਦਰਬਾਰ ਵਿੱਚ ਆਏ ਹੋਏ ਸਾਰੇ ਮੈਬਰਾਂ ਨੇ ਹਾਜਰੀ ਲਗਵਾਈ। ਹਰਭਜਨ ਢਿੱਲੋਂ ਜੀ, ਤਾਰਾ ਸਾਗਰ ਜੀ, ਅਮਰਜੀਤ ਸਿੰਘ ਜੌਹਲ ਜੀ, ਮੇਜ਼ਰ ਭੁਪਿੰਦਰ ਸਿੰਘ ਦਲੇਰ ਜੀ, ਡਾਕਟਰ ਚਰਨਜੀਤ ਸਿੰਘ ਪਨੂੰ ਜੀ, ਸੁਖਪਾਲ ਸੰਘੇੜਾ ਜੀ, ਸੁਰਿੰਦਰ ਸਿੰਘ ਸੀਰਤ ਜੀ, ਕੁਲਵਿੰਦਰ ਜੀ , ਦਰਸ਼ਨ ਨੱਤ ਜੀ, ਕਮਲ ਦੇਵ ਪਾਲ, ਸੁਖਵਿੰਦਰ ਕੰਬੋਜ ਜੀ , ਪ੍ਰੋਫੈਸਰ ਰਜੇਸ਼ ਸ਼ਰਮਾ ਜੀ, ਕਮਲ ਦੁਸਾਂਝ ਜੀ ਅਤੇ ਅਜ਼ਲ ਦੁਸਾਂਝ ਨੇ ਆਪੋ ਆਪਣੇ ਕਲਾਮ ਸੁਣਾਏ। ਵਿਪਸਾਅ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਜੀ ਨੇ ਹਾਜ਼ਿਰ ਸਾਰੇ ਮਹਿਮਾਨਾਂ ਅਤੇ ਮੈਂਬਰਾਨ ਦਾ ਧੰਨਵਾਦ ਕੀਤਾ।


## Matrimonials

Punjabi (Ramdasia Sikh) Clean shave boy age 27 yrs. 5' 7" In San Jose, California. BA Degree in Accounting. Working in a corporate office as a Sr. Accountant. We are looking for a girl in a Sikh family. Caste: No Bar
Contact: 408.528.4489 Email: tsumman@yahoo.com

---------------

Parents seek suitable medico match for their Dentist Doctor daughter, US Citizen, 34 yrs, 5'-4", attractive, never married, family oriented. Caste no bar. Call or text, Ph: 916-254-6378 or E-mail:psmiles1212@gmail.com


# ਆਤਮ ਚਿੰਤਨ ਮੰਚ ਸੈਕਰਾਮੈਂਟੋ ਵੱਲੋਂ ਸਮਾਜ ਸੁਧਾਰ ਕਿਤਾਬਚੇ ਮੁਫਤ ਵੰਡਣ ਦਾ ਫੈਸਲਾ

**ਸੈਕਰਾਮੈਂਟੋ-** ਆਤਮ ਚਿੰਤਨ ਮੰਚ ਦੇ ਸੰਚਾਲਕਾਂ ਨੇ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ ਆਏ ਨਿਘਾਰ, ਰਸਾਤਲ, ਖੜੋਤ ਅਤੇ ਫਜ਼ੂਲ ਕਿਸਮ ਦੇ ਰਸਮਾਂ-ਰਿਵਾਜਾਂ ਵਿਰੁੱਧ ਆਪਣੀ ਮੁਹਿੰਮ ਨੂੰ ਅੱਗੇ ਵਧਾਉਂਦਿਆਂ ਸਮਾਜ ਦੇ ਲੋਕਾਂ ਵਿਚ ਜਾ ਕੇ ਆਪਣੀ ਆਵਾਜ਼ ਪਹੁੰਚਾਉਣ ਲਈ ਕਿਤਾਬਚੇ ਜਿਸਦਾ ਸਿਰਲੇਖ 'ਸਾਦੇ ਵਿਆਹ ਸਾਦੇ ਭੋਗ ਨਾ ਕਰਜ਼ਾ ਨਾ ਚਿੰਤਾ ਰੋਗ' ਹੈ, ਮੁਫਤ ਵੰਡਣ ਦਾ ਕਾਰਜ ਜਾਰੀ ਰੱਖਿਆ ਹੋਇਆ ਹੈ ਤਾਂ ਜੋ ਲੋਕ ਜਾਗਰੂਕ ਹੋ ਸਕਣ ਅਤੇ ਫਜ਼ੂਲ ਖਰਚੀ ਦੇ ਕੋਹੜ ਤੋਂ ਛੁਟਕਾਰਾ ਪਾ ਸਕਣ, ਜਿਸਨੇ ਸਾਡੇ ਸਮਾਜ ਨੂੰ ਤੰਦੂਏ ਵਾਂਗ ਜਕੜਿਆ ਹੋਇਆ ਹੈ, ਜਿਸ ਨਾਲ ਸਾਡੇ ਅਮੀਰ ਸਭਿਆਚਾਰਕ ਵਿਰਸੇ ਨੂੰ ਢਾਅ ਲੱਗ ਰਹੀ ਹੈ। ਸਿੱਟੇ ਵਜੋਂ ਸਮਾਜ ਦਾ ਗਰੀਬ ਵਰਗ ਵੀ 'ਨੱਕ ਰੱਖਣ' ਲਈ ਬੇਲੋੜੇ ਕਰਜ਼ੇ ਲੈਣ ਵਾਸਤੇ ਮਜਬੂਰ ਹੋ ਰਿਹਾ ਹੈ। ਇਸ ਕਿਤਾਬਚੇ ਵਿਚ ਇਕ-ਇਕ ਲੇਖ ਬੇਸ਼ਕੀਮਤੀ ਹੈ। ਇਸ ਆਰੰਭੀ ਮੁਹਿੰਮ ਦੇ ਸਬੰਧ ਵਿਚ ਮੰਚ ਸੰਚਾਲਕਾਂ ਨੇ ਬੀਤੇ ਐਤਵਾਰ 24 ਜੂਨ 2018 ਨੂੰ ਵੈਸਟ ਸੈਕਰਾਮੈਂਟੋ ਦੇ ਗੁਰੂ ਘਰ ਵਿਖੇ ਆਪਣਾ ਸਟਾਲ ਲਗਾਇਆ, ਜਿਸਦਾ ਆਈ ਸੰਗਤ ਨੇ ਭਰਪੂਰ ਹੁੰਗਾਰਾ ਦਿੱਤਾ ਅਤੇ ਮੰਚ ਸੰਚਾਲਕਾਂ ਵੱਲੋਂ ਲੈ ਕੇ ਗਏ ਸਾਰੇ ਕਿਤਾਬਚੇ ਹੀ ਸੰਗਤ ਨੇ ਬੜੇ ਉਤਸ਼ਾਹ ਨਾਲ ਪ੍ਰਾਪਤ ਕੀਤੇ। ਉਥੇ ਪਹੁੰਚੇ ਹੋਰ ਗੁਰੂ ਘਰਾਂ ਦੇ ਪ੍ਰਬੰਧਕਾਂ ਨੇ ਵੀ ਮੰਚ ਸੰਚਾਲਕਾਂ ਨੂੰ ਉਹਨਾਂ ਗੁਰੂ ਘਰਾਂ ਵਿਚ ਆਉਣ ਦਾ ਸੱਦਾ ਦਿੱਤਾ। ਇਸ ਤੋਂ ਪਹਿਲਾਂ ਵੀ ਮੰਚ ਸੰਚਾਲਕ ਸੈਕਰਾਮੈਂਟੋ ਦੇ ਵੱਖ-ਵੱਖ ਗੁਰੂ ਘਰਾਂ ਵਿਚ ਜਾਕੇ ਇਹ ਕਿਤਾਬਚੇ ਮੁਫਤ ਵੰਡ ਚੁੱਕੇ ਹਨ ਅਤੇ ਅੱਗੋਂ ਹੋਰ ਵੀ ਗੁਰੂ ਘਰਾਂ ਵਿਚ ਜਾ ਕੇ ਵੰਡਣ ਦਾ ਪ੍ਰੋਗਰਾਮ ਹੈ। ਮੰਚ ਦੇ ਮੈਂਬਰਾਂ ਵਿਚ ਪ੍ਰੋ. ਹਰਪਾਲ ਸਿੰਘ, ਦਲਜੀਤ ਸਿੰਘ ਅਟਵਾਲ, ਗੁਰਚਰਨ ਸਿੰਘ ਗਿੱਲ, ਦਰਸ਼ਨ ਸਿੰਘ, ਹਰਚਰਨ ਸਿੰਘ ਆਦਿ ਸ਼ਾਮਲ ਸਨ।

**ਰਿਪੋਰਟ- ਪ੍ਰੋ. ਹਰਪਾਲ ਸਿੰਘ 916-478-1640**


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

ਦੇਸ਼ ਦੁਆਬਾ

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਮਨਮੁਖ, ਮਨੂੰਵਾਦੀ ਅਤੇ ਮੁਗਲ ਹੁਕਮਰਾਨ

ਗੁਰੂ ਅਰਜਨ ਦੇਵ ਜੀ ਪਹਿਲੇ ਸਿੱਖ ਗੁਰੂ ਹਨ, ਜਿਹਨਾਂ ਨੂੰ ਸ਼ਹੀਦੀ ਦਾ ਜਾਮ ਪੀਣਾ ਨਸੀਬ ਹੋਇਆ। ਬਿਲਡਿੰਗਾਂ ਦਾ ਨਿਰਮਾਣ ਇੱਟਾਂ, ਸੀਮਿੰਟ, ਸਰੀਏ ਅਤੇ ਪਾਣੀ ਵਰਗੀਆਂ ਵਸਤਾਂ ਨਾਲ ਹੁੰਦਾ ਹੈ ਪਰ ਇਨ੍ਹਾਂ ਵਸਤਾਂ ਨੂੰ ਬਿਲਡਿੰਗ ਦਾ ਰੂਪ ਦੇਣ ਲਈ ਜ਼ਮੀਨ, ਆਰਚੀਟੈਕਟ, ਮਿਸਤਰੀਆਂ ਅਤੇ ਮਜ਼ਦੂਰਾਂ ਦੀ ਲੋੜ ਹੁੰਦੀ ਹੈ। ਹਰ ਕੰਮ ਕਰਨ ਦਾ ਇਕ ਸਮਾਂ ਅਤੇ ਤਰੀਕਾ ਹੁੰਦਾ ਹੈ। ਕਣਕ ਬੀਜਣ ਦਾ ਇਕ ਤਰੀਕਾ ਅਤੇ ਸਮਾਂ ਹੁੰਦਾ ਹੈ। ਕਣਕ ਵੱਢਣ ਦਾ ਵੀ ਇਕ ਤਰੀਕਾ ਅਤੇ ਸਮਾਂ ਹੁੰਦਾ ਹੈ। ਜੇ ਸਮੇਂ ਸਿਰ ਕਣਕ ਨਾ ਵੱਢੀ ਜਾਵੇ ਤਾਂ ਕਣਕ ਦੇ ਛਿੱਟੇ ਕਿਰ ਜਾਂਦੇ ਹਨ। ਮਿਹਨਤ ਵਿਅਰਥ ਜਾਂਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਤੋਂ ਪਹਿਲਾਂ ਦੇ ਚਾਰ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਪੂਰਵਗਾਮੀ ਅਤੇ ਸਮਕਾਲੀ ਮਹਾਪੁਰਖਾਂ ਦੀ ਬਾਣੀ ਨੂੰ 1604 ਈਸਵੀ ਵਿਚ ਸੋਧ ਕੇ ਸੰਪਾਦਿਤ ਕਰਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਪਹਿਲਾ ਪ੍ਰਕਾਸ਼ ਕੀਤਾ। ਬਾਬਾ ਬੁੱਢਾ ਜੀ ਜੋ ਉਸ ਸਮੇਂ ਦੀ ਹਿੰਦੂਆਂ ਦੀ ਵਰਣ ਵਿਵਸਥਾ ਵਿਚ ਚੌਥੇ ਦਰਜੇ ਸ਼ੂਦਰ ਵਰਣ ਦੀ ਜੱਟ ਜਾਤ 'ਚੋਂ ਪੈਦਾ ਹੋਏ, ਨੂੰ ਪਹਿਲਾ ਪਾਠੀ ਨਿਯੁਕਤ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਉਸ ਵਿਚ ਸ਼ੂਦਰ ਸਮਾਜ ਦੇ ਮਹਾਂਪੁਰਖਾਂ ਦੀ ਗੁਰਬਾਣੀ ਅਤੇ ਬਾਬਾ ਬੁੱਢਾ ਜੀ ਦੀ ਦਰਬਾਰ ਸਾਹਿਬ ਵਿਚ ਨਿਯੁਕਤੀ ਨਾਲ ਮਨੂੰਵਾਦੀਆਂ ਅਤੇ ਮੁਗਲ ਸ਼ਾਸਕਾਂ ਨੂੰ ਸਿਆਸਤ ਦੀ ਭਿਣਕ ਪਈ।

ਹਰ ਸਥਾਪਤ ਸਮਾਜ ਦੇ ਪੁਰੋਹਿਤ ਵਰਗ ਅਤੇ ਹੁਕਮਰਾਨਾਂ ਵਿਚ ਗੁਪਤ ਅਤੇ ਖੁੱਲ੍ਹਮ ਖੁੱਲ੍ਹਾ ਸਮਝੌਤਾ ਹੋਇਆ, ਜਿਸ ਤਹਿਤ ਪੁਰੋਹਿਤ ਬਾਦਸ਼ਾਹ-ਰਾਜੇ ਨੂੰ ਰੱਬ ਦਾ ਦੂਤ ਐਲਾਨਦਾ ਹੈ ਅਤੇ ਬਾਦਸ਼ਾਹ/ ਰਾਜਾ ਪੁਰੋਹਿਤ ਨੂੰ ਰੱਬ ਐਲਾਨਦਾ ਹੈ। ਖੁਆਜੇ ਦਾ ਗਵਾਹ ਡੱਡੂ। ਦੋਵੇਂ ਮਿਲ ਕੇ ਆਮ ਜਨਤਾ ਨੂੰ ਲੁੱਟਦੇ ਅਤੇ ਕੁੱਟਦੇ ਹਨ।

**ਮੁਹੰਮਦ ਬਿਨ ਕਾਸਿਮ ਹੱਥੋਂ ਸਿੰਧ ਦੇ ਰਾਜਾ ਦਾਹਿਰ ਦੀ ਹਾਰ ਨਾਲ ਦਿਨੋਂ ਦਿਨ ਭਾਰਤੀ ਸਮਾਜ ਉਪਰ ਬ੍ਰਾਹਮਣ, ਪ੍ਰੋਹਿਤ ਅਤੇ ਕਸ਼ੱਤਰੀ ਰਾਜਾਂ ਦਾ ਦਬਦਬਾ ਟੁੱਟਦਾ ਗਿਆ। ਇਸ ਨਾਲ ਸਭ ਤੋਂ ਵੱਧ ਸੁਖ ਦਾ ਸਾਹ ਸ਼ੂਦਰ ਅਛੂਤ ਵਰਗ ਨੂੰ ਹੋਇਆ। ਉਸ ਨੇ ਬ੍ਰਾਹਮਣ ਅਤੇ ਕਸ਼ੱਤਰੀ ਵਰਣਾਂ ਖ਼ਿਲਾਫ਼ ਵਿਦਰੋਹ ਕੀਤਾ ਜੋ ਸਾਨੂੰ ਗੁਰੂ ਨਾਮਦੇਵ, ਗੁਰੂ ਤਿਲੋਚਨ ਦੇ ਰੂਪ ਵਿਚ ਮਹਾਰਾਸ਼ਟਰ, ਗੁਰੂ ਰਵਿਦਾਸ, ਗੁਰੂ ਕਬੀਰ ਦੇ ਰੂਪ ਵਿਚ ਉਤਰ ਪ੍ਰਦੇਸ਼ ਦੇ ਧੁਰ ਪੂਰਬ ਵੱਲ, ਗੁਰੂ ਦਾਦੂ ਦਿਆਲ ਦੇ ਰੂਪ ਵਿਚ ਰਾਜਸਥਾਨ ਤੋਂ ਉਪਰ ਸਿੰਧ ਇਲਾਕੇ 'ਚ ਗੁਰੂ ਸਧਨਾ ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਦਰਅਸਲ ਇਹ ਵਿਦਰੋਹ ਨਹੀਂ ਕ੍ਰਾਂਤੀ ਸੀ, ਜਿਸ ਨੂੰ ਭਾਰਤ ਦੇ ਇਤਿਹਾਸਕਾਰਾਂ ਨੇ ਕਿਤਾਬਾਂ ਵਿਚ ਕਲਮਬੰਦ ਨਹੀਂ ਕੀਤਾ। ਜਿਸ ਕ੍ਰਾਂਤੀ ਨੇ ਨਾ ਸਿਰਫ਼ ਬ੍ਰਾਹਮਣ (ਪ੍ਰੋਹਿਤ), ਕਸ਼ੱਤਰੀ (ਰਾਜਾ) ਖ਼ਿਲਾਫ਼ ਵਿਦਰੋਹ ਕੀਤਾ, ਸਗੋਂ ਇਨ੍ਹਾਂ ਦੇ ਪ੍ਰੇਰਨਾ ਸਰੋਤ ਮਹਾਂਪੁਰਖਾਂ ਤੋਂ ਵੀ ਜ਼ਬਰਦਸਤ ਹਮਲਾਵਰੀ ਰੁਖ ਅਪਣਾਇਆ ਗਿਆ।**

*ਤੁਮ ਕਹੀਅਤ ਹੋ ਜਗਤ ਗੁਰ ਸੁਆਮੀ*
*ਹਮ ਕਹੀਅਤ ਕਲਿਜੁਗ ਕੇ ਕਾਮੀ*
*ਗੌਤਮ ਨਰਿ ਉਪਾਦਿ ਸਵਾਮੀ*
*ਸੀਸ ਧਰਨ ਸਤਸ ਭਗ ਗਾਮੀ।। (ਗੁਰੂ ਰਵਿਦਾਸ ਸਫਾ 710)*

ਇਨ੍ਹਾਂ ਮਹਾਂਪੁਰਖਾਂ ਨੇ ਹਿੰਦੂ ਧਰਮ ਦੇ ਮਨੂੰਵਾਦੀ ਦ੍ਰਿਸ਼ਟੀਕੋਣ ਦੀ ਆਲੋਚਨਾ ਕੀਤੀ ਅਤੇ ਉਸ ਦਾ ਬਦਲ ਵੀ ਦਿੱਤਾ। ਉਨ੍ਹਾਂ ਨੇ ਇਸਲਾਮ ਤੇ ਪੁਰੋਹਿਤ ਵਰਗ ਅਤੇ ਸ਼ਾਸਕਾਂ ਖ਼ਿਲਾਫ਼ ਵੀ ਵਿਦਰੋਹ ਕੀਤਾ, ਜਿਸ ਕਾਰਨ ਗੁਰੂ ਰਵਿਦਾਸ ਅਤੇ ਗੁਰੂ ਕਬੀਰ ਨੂੰ ਅਦਾਲਤਾਂ ਦੇ ਚੱਕਰ ਕੱਟਣੇ ਪਏ ਅਤੇ ਸਜ਼ਾਵਾਂ ਸਹਿਣੀਆਂ ਪਈਆਂ। ਗੁਰੂ ਰਵਿਦਾਸ ਵੱਲੋਂ ਰਾਜਪੂਤਣੀ ਸੰਤਣੀ ਮੀਰਾਂ ਬਾਈ ਔਰਤ ਨੂੰ ਨਾਮਦਾਨ ਦੇਣ ਤੇ ਤਾਂ ਮਨੂੰਵਾਦੀ ਵਿਵਸਥਾ ਅੱਗ ਬਬੂਲਾ ਹੋ ਗਈ ਅਤੇ ਉਨ੍ਹਾਂ ਨੇ ਗੁਰੂ ਰਵਿਦਾਸ ਜੀ ਨੂੰ ਚਿਤੌੜਗੜ੍ਹ ਵਿਖੇ ਸ਼ਹੀਦ ਕਰ ਦਿੱਤਾ। ਗੁਰੂ ਰਵਿਦਾਸ ਜੀ ਦੀ ਸਮਾਧ ਅਜੇ ਵੀ ਚਿਤੌੜਗੜ੍ਹ ਵਿਖੇ ਹੈ। ਗੁਰੂ ਰਵਿਦਾਸ ਛੱਤਰੀ ਧਰਮ ਸਥਾਨ ਵੀ ਹੈ।

*ਇਹ ਭੂਮਿਕਾ ਬਣਾਉਣ ਦਾ ਭਾਵ ਹੈ ਕਿ ਜਿਨ੍ਹਾਂ ਸ਼ੂਦਰ ਮਹਾਂਪੁਰਖਾਂ ਨੇ ਹਿੰਦੂ ਅਤੇ ਮੁਸਲਿਮ ਧਰਮਾਂ/ ਸਮਾਜਾਂ ਦੇ ਪੁਰੋਹਿਤ ਵਰਗਾਂ ਅਤੇ ਧਾਰਮਿਕ ਅਕੀਦਿਆਂ ਤੇ ਤਾਬੜਤੋੜ ਹਮਲੇ ਕੀਤੇ, ਉਹਨਾਂ ਦੀ ਹੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਮਹਾਰਾਜ ਨੇ ਸੁਸ਼ੋਭਿਤ ਕਰਕੇ ਮਨੂੰਵਾਦੀਆਂ ਮੁਗਲ ਸ਼ਾਸਕਾਂ ਨੂੰ ਤਰਲੋ ਮੱਛੀ ਕਰ ਦਿੱਤਾ। ਗੁਰਗੱਦੀ ਦੇ ਦਾਅਵੇਦਾਰ ਘਰੋਗੀ ਮਨਮੁਖਾਂ ਨੇ ਬਲਦੀ 'ਤੇ ਤੇਲ ਪਾਇਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਖ਼ਿਲਾਫ਼ ਲਿਖਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਪ੍ਰਕਾਸ਼ ਤੋਂ ਪਹਿਲਾਂ ਤੱਕ ਸਿੱਖ ਗੁਰੂਆਂ ਅਤੇ ਮੁਗਲ ਬਾਦਸ਼ਾਹਾਂ ਦੇ ਸਬੰਧ ਨਾ ਸਿਰਫ਼ ਸੁਖਾਵੇਂ ਸਨ ਸਗੋਂ ਅੰਮ੍ਰਿਤਸਰ ਵਸਾਉਣ ਲਈ ਜਮੀਨ ਮੁਗਲ ਬਾਦਸ਼ਾਹਾਂ ਨੇ ਹੀ ਦਾਨ ਵਿਚ ਦਿੱਤੀ ਸੀ। ਗੁਰੂ ਅਰਜਨ ਦੇਵ ਜੀ ਦੇ ਕਹਿਣ 'ਤੇ ਹੀ ਬਾਦਸ਼ਾਹ ਅਕਬਰ ਨੇ ਪੰਜਾਬ ਦੇ ਅਕਾਲ ਪੀੜਤ ਕਿਸਾਨਾਂ ਦਾ ਮਾਲੀਆ ਮੁਆਫ਼ ਕਰ ਦਿੱਤਾ ਸੀ।*

ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦੇ ਦੋ ਸਾਲ ਦੇ ਅੰਦਰ ਹੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦ ਹੋਣਾ ਸਿੱਧ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਗੁਰਬਾਣੀਕਾਰਾਂ ਦੀ ਵਿਚਾਰਧਾਰਾ ਅਤੇ ਹਿੰਦੂ ਸਮਾਜ ਦੇ ਤੀਜੇ ਦਰਜੇ ਦੇ ਵਰਣ ਖੱਤਰੀ ਵਿਚ ਪੈਦਾ ਹੋਏ ਸਿੱਖ ਗੁਰੂਆਂ ਦੇ ਧਾਰਮਿਕ ਗੁਰੂ ਬਣਨਾ ਬ੍ਰਾਹਮਣ ਪੁਰੋਹਿਤ ਵਰਗ ਨੂੰ ਪਸੰਦ ਨਹੀਂ ਸੀ। ਉਨ੍ਹਾਂ ਦੇ ਸਮਾਜ ਵਿਚਲੇ ਧਾਰਮਿਕ ਏਕਾਧਿਕਾਰ ਨੂੰ ਸਿੱਧਾ ਚੈਲੰਜ ਸੀ। ਉਹਨਾਂ ਦੇ ਰੁਜ਼ਗਾਰ ਦਾ ਵੀ ਸਵਾਲ ਸੀ, ਲੰਗਰ ਪ੍ਰਥਾ ਨਾਲ ਵੀ ਉਨ੍ਹਾਂ ਨੂੰ ਸਮਾਜ ਵਿਚ ਆ ਰਹੀ ਨੇੜਤਾ ਦਾ ਖਤਰਾ ਸੀ।



ਤਰਨਤਾਰਨ, ਅੰਮ੍ਰਿਤਸਰ, ਕਰਤਾਰਪੁਰ, ਗੋਇੰਦਵਾਲ, ਖਡੂਰ ਸਾਹਿਬ ਦੇ ਸਿੱਖ ਕੇਂਦਰ ਵਜੋਂ ਦਿੱਸਣ ਨਾਲ ਉਨ੍ਹਾਂ ਦੇ ਧਾਰਮਿਕ ਕੇਂਦਰ ਹੀ ਉਹਨਾਂ ਦੇ ਰਾਜਸੀ ਕੇਂਦਰ ਸਨ। ਸਮੇਂ-ਸਮੇਂ ਤੇ ਆਏ ਹੁਕਮਰਾਨਾਂ ਨਾਲ ਮਨੂੰਵਾਦੀਆਂ ਨੇ ਰਾਜਸੀ ਸਮਝੌਤੇ ਕਰਕੇ ਅਹਿਲਕਾਰ ਬਣ ਗਏ। ਕਦੇ ਉਨ੍ਹਾਂ ਨੇ ਧੀਆਂ ਦੇ ਡੋਲੇ ਦੇ ਕੇ ਸੱਤਾ ਦੇ ਕੇਂਦਰਾਂ 'ਚ ਗ੍ਰਹਿ ਪ੍ਰਵੇਸ਼ ਕਰਕੇ ਨਵੇਂ ਜੰਮੇ ਹੁਕਮਰਾਨਾਂ ਦੇ ਮਾਮੇ ਅਤੇ ਨਾਨੇ ਬਣ ਬੈਠੇ।

10 ਜੂਨ 2006 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਗੁਰੂ ਨਾਨਕ ਭਵਨ ਅੰਮ੍ਰਿਤਸਰ ਵਿਖੇ ਸੈਮੀਨਾਰ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਤਾਬਦੀ ਸ਼ਹੀਦੀ ਦਿਵਸ ਨੂੰ ਸਮਰਪਿਤ ਕੀਤਾ। ਜਿਸ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ, ਪੰਜਾਬ ਦੇ ਉਸ ਵਕਤ ਦੇ ਰਾਜਪਾਲ ਜਨਰਲ ਐਸ. ਐਫ. ਰੌਡਰਿਗਜ਼, ਸ. ਅਵਤਾਰ ਸਿੰਘ ਮੱਕੜ ਜੋ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ, ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਬੀਬੀ ਜਗੀਰ ਕੌਰ, ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਮੌਜੂਦਗੀ ਵਿਚ ਆਰੀਆ ਸਮਾਜ ਦੇ ਮੁਖੀ ਸਵਾਮੀ ਅਗਨੀਵੇਸ਼ ਨੇ ਕਿਹਾ ''ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਾਸਤੇ ਜਹਾਂਗੀਰ ਦੇ ਹਾਕਮਾਂ ਦੇ ਨਾਲ ਨਾਲ ਗੁਰੂ ਸਾਹਿਬ ਦੇ ਘਰੇਲੂ ਵਿਰੋਧੀ ਵੀ ਜ਼ਿੰਮੇਵਾਰ ਸਨ।'' ਸਵਾਮੀ ਅਗਨੀਵੇਸ਼ ਨੇ ਬੜੀ ਹੁਸ਼ਿਆਰੀ ਨਾਲ ਚੰਦੂ ਮਨੂੰਵਾਦੀ ਨੂੰ ਬਚਾ ਲਿਆ।

ਡਾ. ਕਰਤਾਰ ਸਿੰਘ ਸੂਰੀ ਪੀ. ਐਚ. ਡੀ. ਆਪਣੀ ਪੁਸਤਕ 'ਗੁਰੂ ਅਰਜਨ ਦੇਵ ਕਲਾ ਤੇ ਚਿੰਤਨ' (ਸਫਾ 36-37) ਵਿਚ ਚੰਦੂ ਬਾਰੇ ਲਿਖਦੇ ਹਨ, ਹੁਣ ਚੰਦੂ ਨੂੰ ਬਦਲਾ ਲੈਣ ਦਾ ਅਵਸਰ ਮਿਲ ਗਿਆ। ਮੁਗਲ ਹਕੂਮਤ ਦਾ ਦੀਵਾਨ ਤਾਂ ਉਹ ਹੀ ਹੈ ਜੋ ਹਾਕਮ ਨੂੰ ਕਹਿ ਕੇ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਮਾਰਨ ਦਾ ਨੀਚ ਕੰਮ ਉਸ ਨੇ ਆਪਣੇ ਜ਼ਿੰਮੇ ਲੈ ਲਿਆ। ਚੰਦੂ ਨੇ ਗੁਰੂ ਜੀ ਨੂੰ ਜੇਠ ਦੇ ਮਹੀਨੇ ਦੀ ਸੜਦੀ ਧੁੱਪ ਵਿਚ ਗਰਮ ਪਾਣੀ ਦੀ ਉਬਲਦੀ ਦੇਗ ਵਿਚ ਬਿਠਾਇਆ ਪਰ ਗੁਰੂ ਜੀ ਨੇ ਉਫ਼ ਤੱਕ ਨਾ ਕੀਤੀ ਅਤੇ ਆਪ ਬੜੀ ਸ਼ਾਂਤੀ ਨਾਲ ਇਹ ਸ਼ਬਦ ਉਚਾਰਦੇ ਰਹੇ-

*ਤੇਰਾ ਭਾਣਾ ਮੀਠਾ ਲਾਗੈ।। ਹਰਿਨਾਮ ਪਦਾਰਥ ਨਾਨਕ ਮਾਂਗੈ।।*

ਜਦੋਂ ਚੰਦੂ ਨੇ ਵੇਖਿਆ ਕਿ ਇਤਨਾ ਸਖ਼ਤ ਕਸ਼ਟ ਵੀ ਆਪ ਨੇ ਸਹਾਰ ਲਿਆ ਹੈ ਤਾਂ ਆਪ ਨੂੰ ਗਰਮ ਲੋਹ 'ਤੇ ਬਿਠਾਇਆ ਗਿਆ ਅਤੇ ਸਿਰ ਉੱਤੇ ਗਰਮ ਰੇਤ ਪਾਈ ਗਈ।

ਪੰਜ ਦਿਨ ਗੁਰੂ ਜੀ ਉਪਰ ਚੰਦੂ ਨੇ ਇਹ ਅੱਤਿਆਚਾਰ ਕੀਤਾ ਜਿਸ ਨਾਲ ਮੌਕੇ 'ਤੇ ਮੌਜੂਦ ਪੰਜ ਸਿੱਖ ਭਾਈ ਪਿਰਾਣਾ, ਭਾਈ ਲੰਗਾਹ, ਭਾਈ ਜੇਠਾ, ਭਾਈ ਬਿਧੀਆ ਅਤੇ ਭਾਈ ਪੈੜਾ ਸਣੇ ਸਾਈਂ ਮੀਆਂ ਮੀਰ ਦੀਆਂ ਅੱਖਾਂ ਵਿਚੋਂ ਰਾਵੀ ਦਰਿਆ ਵਹਿ ਤੁਰੇ ਤਾਂ ਗੁਰੂ ਅਰਜਨ ਦੇਵ ਜੀ ਨੇ ਆਖਿਆ:-

*ਨਾ ਕੋਈ ਮੇਰਾ ਦੁਸਮਨ ਰਹਿਆ ਨਾ ਹਮ ਕਿਸੇ ਕੇ ਬੈਰਾਈ। (ਰਾਗ ਧਨਾਸਰੀ)*

ਉਪਰੋਕਤ ਸੈਮੀਨਰ ਵਿਚ ਖੋਜੀ ਲੇਖਕਾਂ ਪ੍ਰੋ. ਨੇ ਆਪਣੇ ਖੋਜ ਪੱਤਰਾਂ ਵਿਚ ਹਿੰਦੂ ਕੱਟੜਵਾਦ ਦੀ ਖੂਬ ਨੁਕਤਾਚੀਨੀ ਕੀਤੀ ਤਾਂ ਆਰੀਆ ਸਮਾਜੀ ਸਵਾਮੀ ਅਗਨੀਵੇਸ਼ ਨੂੰ ਕਹਿਣਾ ਪਿਆ ਕਿ 'ਆਰੀਆ ਸਮਾਜ ਦਾ ਮੁਖੀ ਹੋਣ ਦੇ ਨਾਤੇ ਉਹ ਵਾਅਦਾ ਕਰਦੇ ਹਨ ਕਿ ਛੇਤੀ ਹੀ ਸਤਿਆਰਥ ਪ੍ਰਕਾਸ਼ ਗ੍ਰੰਥ ਦੁਬਾਰਾ ਛਾਪਿਆ ਜਾਵੇਗਾ।'।

**ਯਾਦ ਰਹੇ ਕਿ ਸਵਾਮੀ ਦਇਆ ਨੰਦ ਲਿਖਤ ਸਤਿਆਰਥ ਪ੍ਰਕਾਸ਼ ਵਿਚ ਗੁਰੂ ਨਾਨਕ, ਗੁਰੂ ਕਬੀਰ, ਗੁਰੂ ਦਾਦੂ ਦਿਆਲ, ਇਸਾਈਆਂ, ਮੁਸਲਮਾਨਾਂ, ਸਿੱਖਾਂ, ਬੋਧੀਆਂ, ਜੈਨੀਆਂ ਖ਼ਿਲਾਫ਼ ਖੂਬ ਜ਼ਹਿਰ ਉਗਲਿਆ ਹੈ। ਯਾਦ ਰਹੇ ਕਿ ਪ੍ਰੋ. ਦਿੱਤ ਰਾਮ ਉਰਫ ਗਿਆਨੀ ਦਿੱਤ ਸਿੰਘ (1850-1901) ਨੇ ਸਵਾਮੀ ਦਇਆ ਨੰਦ ਨੂੰ ਤਿੰਨ ਬਹਿਸਾਂ ਵਿਚ ਲਾਹੌਰ ਵਿਖੇ ਹਰਾਇਆ ਸੀ ਅਤੇ 'ਸਤਿਆਰਥ ਪ੍ਰਕਾਸ਼' ਦੰਭ ਵਿਕਾਰਣ ਪੁਸਤਕ ਵਿਚ ਸਤਿਆਰਥ ਪ੍ਰਕਾਸ਼ ਦਾ ਜਵਾਬ ਦਿੱਤਾ ਜਿਸ ਨੂੰ ਅਜੇ ਤੱਕ ਸ਼੍ਰੋਮਣੀ ਕਮੇਟੀ ਜਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਨਹੀਂ ਛਾਪਿਆ। ਸਤਿਆਰਥ ਪ੍ਰਕਾਸ਼ ਵਿਚ 150 ਵੇਰਾਂ ਮਨੂੰ ਸਮ੍ਰਿਤੀ ਦੇ ਹਵਾਲੇ ਹਨ। ਸਵਾਮੀ ਦਇਆ ਨੰਦ ਨੇ 'ਵੇਦਾਂ ਵੱਲ ਮੁੜੋ' ਦਾ ਨਾਅਰਾ ਦਿੱਤਾ। ਜਿਹੜੇ ਵੇਦ ਪੜ੍ਹਨ ਸੁਣਨ ਤੇ ਸ਼ੂਦਰ ਨੂੰ ਮੌਤ ਦੀ ਸਜ਼ਾ ਸੀ।**

ਆਰੀਆ ਸਮਾਜੀ, ਸਨਾਤਨ ਧਰਮੀ ਅਤੇ ਆਰ. ਐਸ. ਐਸ. ਇਕੋ ਮਾਨਸਿਕਤਾ ਦੇ ਵੱਖੋ-ਵੱਖਰੇ ਨਾਮ ਹਨ। ਕੁਝ ਸਾਲ ਪਹਿਲਾਂ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਆਰ. ਐਸ. ਐਸ. ਨੇ ਇਕ ਸੈਮੀਨਾਰ ਵਿਚ ਆਪਣੇ ਪੰਜ ਦੁਸ਼ਮਣ ਐਲਾਨੇ ਸਨ। ਔਰਤਵਾਦੀ, ਕਮਿਊਨਿਸਟ, ਧਾਰਮਿਕ ਘੱਟ ਗਿਣਤੀਆਂ (ਸਿੱਖ, ਮੁਸਲਮਾਨ, ਬੋਧੀ, ਇਸਾਈ, ਜੈਨੀ, ਪਾਰਸੀ), ਸ਼ੂਦਰ (ਅਨੁਸੂਚਿਤ ਜਾਤੀਆਂ/ ਜਨ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਜੱਟ), ਧਰਮ ਨਿਰਪੱਖ ਰਾਜਸੀ ਪਰਟੀਆਂ। ਇਹਨਾਂ ਵਰਗਾਂ ਨੂੰ ਆਪਣਾ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾ ਕੇ ਆਜ਼ਾਦੀ, ਬਰਾਬਰੀ, ਭਾਈਚਰੇ ਅਤੇ ਨਿਆਂ 'ਤੇ ਆਧਾਰਿਤ ਗੁਰੂ ਅਰਜਨ ਦੇਵ ਜੀ ਦਾ ਹਲੀਮੀ ਰਾਜ ਅਤੇ ਗੁਰੂ ਰਵਿਦਾਸ ਜੀ ਦਾ ਬੇਗਮਪੁਰਾ ਸਥਾਪਤ ਕਰਨਾ ਚਾਹੀਦਾ ਹੈ।

ਅੰਤ ਵਿਚ ਮੈਂ ਆਪਣੀ ਗੱਲ ਨੂੰ ਇਸ ਤਰ੍ਹਾਂ ਕਹਿਣਾ ਚਾਹਾਂਗਾ- ਇਕ ਆਦਮੀ ਤਿੰਨ ਤਰ੍ਹਾਂ ਦੀਆਂ ਸ਼ੀਸ਼ੇ ਦੀਆਂ ਮੂਰਤੀਆਂ ਵੇਚ ਰਿਹਾ ਸੀ। ਇਨ੍ਹਾਂ ਮੂਰਤੀਆਂ ਦੀ ਪਾਰਦਰਸ਼ਤਾ ਕਾਰਨ ਸਰੀਰ ਦੇ ਸਾਰੇ ਅੰਦਰੂਨੀ ਅੰਗ ਜਿਵੇਂ ਦਿਲ, ਦਿਮਾਗ, ਫੇਫੜੇ, ਗੁਰਦੇ ਆਦਿ ਦਿਖਾਈ ਦਿੰਦੇ ਸਨ। ਤਿੰਨਾਂ 'ਚੋਂ ਪਹਿਲੀ ਦੀ ਕੀਮਤ ਇਕ ਹਜ਼ਾਰ ਡਾਲਰ ਸੀ, ਦੂਜੀ ਦੀ ਦਸ ਹਜ਼ਾਰ ਡਾਲਰ ਤੇ ਤੀਜੀ ਦੀ ਇਕ ਲੱਖ ਡਾਲਰ ਕੀਮਤ ਸੀ। ਇਕ ਵਿਅਕਤੀ ਨੇ ਇਨ੍ਹਾਂ ਦੀ ਕੀਮਤ ਵਿਚ ਇੰਨੇ ਫਰਕ ਬਾਰੇ ਸਵਾਲ ਕੀਤਾ ਕਿ ਇਹ ਦੇਖਣ ਨੂੰ ਅਤੇ ਮਟੀਰੀਅਲ ਵੀ ਇਕੋ ਜਿਹਾ ਹੈ ਪਰ ਕੀਮਤ ਵਿਚ ਫਰਕ ਕਿਉਂ ਹੈ?

ਉਸ ਦੁਕਾਨਦਾਰ ਨੇ ਇਕ ਹਜ਼ਾਰ ਡਾਲਰ ਵਾਲੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਜੋ ਤੁਰੰਤ ਦੂਜੇ ਕੰਨ ਰਾਹੀਂ ਬਾਹਰ ਆ ਗਈ। ਦੁਕਾਨਦਾਰ ਨੇ ਕਿਹਾ ਕਿ ਇਹ ਮੂਰਤੀ ਉਸ ਵਿਅਕਤੀ ਵਾਂਗ ਹੈ ਜੋ ਕੋਈ ਗੱਲ ਇਕ ਕੰਨ ਨਾਲ ਸੁਣਦਾ ਹੈ ਅਤੇ ਦੂਜੇ ਕੰਨ ਰਾਹੀਂ ਕੱਢ ਦਿੰਦਾ ਹੈ। ਦੂਜੀ ਦਸ ਹਜ਼ਾਰ ਡਾਲਰ ਵਾਲੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਤਾਂ ਗਾਹਕ ਨੇ ਵੇਖਿਆ ਕਿ ਇਸ ਵਾਰ ਸੂਈ ਦੂਜੇ ਕੰਨ ਰਾਹੀਂ ਨਾ ਨਿਕਲ ਕੇ ਸਰੀਰ ਦੇ ਸਾਰੇ ਹਿੱਸੇ ਵਿਚ ਗਈ ਪਰ ਦਿਮਾਗ ਵੱਲ ਨਾ ਜਾ ਕੇ ਮੂੰਹ ਰਾਹੀਂ ਨਿਕਲ ਗਈ। ਉਸ ਨੇ ਦੱਸਿਆ ਕਿ ਇਹ ਮੂਰਤੀ ਉਸ ਵਿਅਕਤੀ ਵਰਗੀ ਹੈ ਜੋ ਗੱਲ ਨੂੰ ਧਿਆਨ ਨਾਲ ਸੁਣਦਾ ਤਾਂ ਹੈ ਪਰ ਵਿਚਾਰਦਾ ਨਹੀਂ।

ਜਦੋਂ ਤੀਜੀ ਮੂਰਤੀ ਦੇ ਕੰਨ ਵਿਚ ਸੂਈ ਪਾਈ ਤਾਂ ਸਾਰੇ ਸਰੀਰ ਵਿਚ ਜਾ ਕੇ ਫਿਰ ਦਿਮਾਗ ਵਿਚ ਕੁਝ ਸਮਾਂ ਠਹਿਰ ਕੇ ਫਿਰ ਮੂੰਹ ਰਾਹੀਂ ਨਿਕਲ ਗਈ ਤਾਂ ਉਸ ਨੇ ਕਿਹਾ ਕਿ ਇਹ ਮੂਰਤੀ ਉਸ ਸੂਝਵਾਨ ਵਿਅਕਤੀ ਵਾਂਗ ਹੈ ਜੋ ਕਿਸੇ ਗੱਲ ਨੂੰ ਧਿਆਨ ਨਾਲ ਸੁਣ ਕੇ ਉਸ ਉਪਰ ਖੂਬ ਵਿਚਾਰ ਕੇ ਬੋਲਦਾ ਹੈ।

ਪਰ ਸਾਡੇ ਗੁਰੂਆਂ ਨੇ ਉਪਦੇਸ਼ ਹੀ ਨਹੀਂ ਦਿੱਤਾ। ਉਨ੍ਹਾਂ ਉਪਦੇਸ਼ਾਂ ਨੂੰ ਅਮਲੀ ਜਾਮਾ ਪਾਉਣ ਲਈ ਸਖ਼ਤ ਘਾਲਣਾ ਵੀ ਕੀਤੀ। ਆਪਣੇ ਅਤੇ ਆਪਣੇ ਗੁਰਸਿੱਖਾਂ ਦੇ ਸਰਬੰਸ ਤੱਕ ਵਾਰ ਦਿੱਤੇ। ਅੱਜ ਅਸੀਂ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਸ਼ਹੀਦੀ ਨੂੰ ਘੋਖਣਾ/ਵਿਚਾਰਨਾ ਹੈ ਅਤੇ ਉਸ ਤੋਂ ਨਿਕਲੇ ਸਿੱਟਿਆਂ ਨੂੰ ਸੋਚ ਸਮਝ ਕੇ ਜੀਵਨ ਵਿਚ ਢਾਲਣੇ ਹਨ। ਅੱਜ ਜੋ ਸਾਡੇ ਗੁਰੂਆਂ ਦੇ ਜੀਵਨ ਉਪਦੇਸ਼ਾਂ ਤੇ ਪਹਿਰਾ ਦੇ ਰਹੇ ਹਨ, ਉਹਨਾਂ ਵਿਅਕਤੀਆਂ ਨੂੰ ਤਨ, ਮਨ ਅਤੇ ਧਨ ਨਾਲ ਸਹਿਯੋਗ ਦੇਣਾ ਹੈ।

**-ਪ੍ਰੇਮ ਕੁਮਾਰ ਚੁੰਬਰ (ਸੰਪਾਦਕ 'ਦੇਸ ਦੁਆਬਾ')**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸਾਊਦੀ ਅਰਬ 'ਚ ਇਤਿਹਾਸਕ ਦਿਨ, ਔਰਤਾਂ ਨੇ ਪਹਿਲੀ ਵਾਰ ਕੀਤੀ ਡਰਾਈਵਿੰਗ



**ਰਿਆਦ—** ਸਾਊਦੀ ਅਰਬ ਦੀਆਂ ਔਰਤਾਂ ਲਈ 24 ਜੂਨ ਦਾ ਦਿਨ ਇਤਿਹਾਸਕ ਬਣ ਗਿਆ ਹੈ ਕਿਉਂਕਿ ਅੱਜ ਪਹਿਲੀ ਵਾਰ ਔਰਤਾਂ ਨੇ ਸੜਕਾਂ 'ਤੇ ਡਰਾਈਵਿੰਗ ਕੀਤੀ। ਦੇਸ਼ ਨੇ ਆਪਣੇ ਕਾਨੂੰਨ 'ਚ ਇਤਿਹਾਸਕ ਸੁਧਾਰ ਕਰਦੇ ਹੋਏ ਔਰਤਾਂ ਦੇ ਵਾਹਨ ਚਲਾਉਣ 'ਤੇ ਲੱਗੀਆਂ ਰੋਕਾਂ ਨੂੰ ਅੱਜ ਖਤਮ ਕਰ ਦਿੱਤਾ ਗਿਆ ਹੈ। ਰੂੜ੍ਹੀਵਾਦੀ ਦੇਸ਼ 'ਚ ਆਧੁਨਿਕਤਾ ਲਿਆਉਣ ਦੀਆਂ ਸ਼ਹਜ਼ਾਦਾ ਮੁਹੰਮਦ ਬਿਨ ਸਲਮਾਨ ਦੀਆਂ ਕੋਸ਼ਿਸ਼ਾਂ ਸਫਲ ਹੁੰਦੀਆਂ ਦਿਖਾਈ ਦੇ ਰਹੀਆਂ ਹਨ। ਉਨ੍ਹਾਂ ਵੱਲੋਂ ਔਰਤਾਂ ਨੂੰ ਡਰਾਈਵਿੰਗ ਕਰਨ ਦੀ ਛੋਟ ਦੇਣ ਨਾਲ ਔਰਤਾਂ ਦੇ ਚਿਹਰੇ ਖਿੜ੍ਹ ਉੱਠੇ ਹਨ ਅਤੇ ਹਜ਼ਾਰਾਂ ਦੀ ਗਿਣਤੀ 'ਚ ਔਰਤਾਂ ਦੇ ਵਾਹਨ ਚਲਾਉਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਸਾਊਦੀ 'ਚ ਦਹਾਕਿਆਂ ਤੋਂ ਔਰਤਾਂ ਦੇ ਵਾਹਨ ਚਲਾਉਣ 'ਤੇ ਰੋਕ ਲੱਗੀ ਹੋਈ ਸੀ। ਸਾਊਦੀ ਨੇ ਇਸ ਮਹੀਨੇ ਦੀ ਸ਼ੁਰੂਆਤ ਤੋਂ ਹੀ ਔਰਤਾਂ ਨੂੰ ਡਰਾਈਵਿੰਗ ਲਾਇਸੈਂਸ ਜਾਰੀ ਕਰਨਾ ਸ਼ੁਰੂ ਕਰ ਦਿੱਤਾ ਸੀ। ਰੋਕ ਹਟਣ ਦੇ ਕੁੱਝ ਮਿੰਟਾਂ ਬਾਅਦ ਖੁਦ ਕਾਰ ਚਲਾ ਕੇ ਪੁੱਜੀ ਸਾਊਦੀ ਅਰਬ ਦੀ ਟੀ. ਵੀ. ਪੇਸ਼ਕਰਤਾ ਸਬਿਕਾ ਅਲ ਦੋਸਾਰੀ ਨੇ ਕਿਹਾ,''ਇਹ ਸਾਊਦੀ ਦੀਆਂ ਸਾਰੀਆਂ ਔਰਤਾਂ ਲਈ ਇਤਿਹਾਸਕ ਪਲ ਹੈ।'' ਇਸ ਕਦਮ ਨਾਲ ਕਿਤੇ ਆਉਣ-ਜਾਣ ਦੇ ਮਾਮਲਿਆਂ 'ਚ ਪੁਰਸ਼ ਡਰਾਈਵਰਾਂ ਜਾਂ ਪਰਿਵਾਰ ਦੇ ਪੁਰਸ਼ ਮੈਂਬਰਾਂ 'ਤੇ ਔਰਤਾਂ ਦੀ ਨਿਰਭਰਤਾ ਘੱਟ ਹੋਵੇਗੀ। ਇਸ ਦੇ ਨਾਲ ਹੀ ਡਰਾਈਵਿੰਗ 'ਤੇ ਖਰਚ ਹੋਣ ਵਾਲੇ ਪੈਸੇ ਦੀ ਵੀ ਬਚਤ ਹੋਵੇਗੀ। ਇਕ ਅੰਗ੍ਰੇਜ਼ੀ ਵੈਬਸਾਈਟ ਨੂੰ ਦਿੱਤੇ ਇੰਟਰਵਿਊ ਵਿਚ ਸਾਊਦੀ ਔਰਤਾਂ ਨੇ ਕਿਹਾ ਕਿ ਅਸੀਂ ਆਪਣੇ ਸੱਭਿਆਚਾਰ ਦਾ ਸਨਮਾਨ ਕਰਦੇ ਹੋਏ ਇਸ ਫੈਸਲੇ ਦਾ ਸਵਾਗਤ ਕਰਦੀਆਂ ਹਾਂ। ਸਾਡੇ ਸਮਾਜ ਨੂੰ ਕੁੱਝ ਸਮਾਂ ਜ਼ਰੂਰ ਲੱਗੇਗਾ ਪਰ ਜਲਦੀ ਹੀ ਸਭ ਇਸ ਬਦਲਾਅ ਨੂੰ ਅਪਣਾ ਲੈਣਗੇ।

# ਲੋਕਾਂ ਵਿੱਚ ਜਮਹੂਰੀ ਹੱਕਾਂ ਦੀ ਸੂਝ ਦਾ ਪਸਾਰਾ ਹੀ ਜਮਹੂਰੀ ਲਹਿਰ ਦੀ ਗਾਰੰਟੀ ਹੁੰਦਾ ਹੈ- ਜਮਹੂਰੀ ਅਧਿਕਾਰ ਸਭਾ ਪੰਜਾਬ





ਲੋਕਾਂ ਵਿੱਚ ਜਮਹੂਰੀ ਹੱਕਾਂ ਦੀ ਸੂਝ ਦਾ ਪਸਾਰਾ ਹੀ ਜਮਹੂਰੀ ਲਹਿਰ ਦੀ ਗਾਰੰਟੀ ਹੁੰਦਾ ਹੈ- ਜਮਹੂਰੀ ਅਧਿਕਾਰ ਸਭਾ ਪੰਜਾਬ (ਬਠਿੰਡਾ) ਜਮਹੂਰੀ ਹੱਕਾਂ ਪ੍ਰਤੀ ਲੋਕਾਂ ਵਿੱਚ ਗਿਆਨ ਦਾ ਵੱਡੀ ਪੱਧਰ ਤੇ ਪਸਾਰਾ ਕਰਨ ਨਾਲ ਹੀ ਜਮਹੂਰੀ ਹੱਕਾ ਦੀ ਲਹਿਰ ਦੀ ਗ੍ਰੰਟੀ ਬਣਦੀ ਹੈ, ਜਮੂਹਰੀ ਅਧਿਕਾਰ ਸਭਾ ਦੀਆਂ ਬਠਿੰਡਾ ਮਾਨਸਾ ਤੇ ਫਰੀਦਕੋਟ ਇਕਾਈਆਂ ਦੀ ਜ਼ੋਨਲ ਪੱਧਰ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਇਹ ਵਿਚਾਰ ਜਮੂਹਰੀ ਅਧਿਕਾਰ ਸਭਾ ਦੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਨ ਸਿੰਘ ਨੇ ਪਰਗਟ ਕੀਤੇ। ਉਨ੍ਹਾਂ ਕਿਹਾ ਕਿ 1975 ਵਿੱਚ ਲੱਗੀ ਦੇਸ਼ ਭਰ ਵਿੱਚ ਐਮਰਜੈਂਸੀ ਕਾਰਨ ਲੋਕਾਂ ਦੇ ਖੋਹੇ ਗਏ ਜਮਹੂਰੀ ਹੱਕਾਂ ਦੀ ਚੋਭ ਨੂੰ ਮਹਿਸੂਸ ਕਰਦਿਆਂ ਪੰਜਾਬ ਦੇ ਸੂਝਵਾਨ ਅਤੇ ਜਮਹੂਰੀਅਤ ਪਸੰਦ ਬੁੱਧੀਜੀਵੀਆਂ ਵੱਲੋਂ ਪੰਜਾਬ ਵਿੱਚ ਜਮਹੂਰੀ ਹੱਕਾਂ ਦੀ ਇਸ ਜਥੇਬੰਦੀ ਦਾ ਗਠਨ 1978 ਵਿੱਚ ਕੀਤਾ ਗਿਆ। ਪਿਛਲੇ ਦਿਨੀਂ ਵਿਛੜੇ ਟੀ ਐੱਸ ਯੂ ਦੇ ਆਗੂ ਸ੍ਰੀ ਓਮ ਪ੍ਰਕਾਸ਼ (ਬਠਿੰਡਾ) ਸ੍ਰੀ ਕਿਸ਼ੋਰੀ (ਪਟਿਆਲਾ) ਜਗਤਾਰ ਸਿੰਘ ਮਹਿਲਾਂ ਵਾਲਾ (ਅੰਮ੍ਰਿਤਸਰ), ਗੜ੍ਹਚਿਰੌਲੀ ਅਤੇ ਟੂਟੀਕੋਰਨ ਦੇ ਸੰਘਰਸ਼ਸ਼ੀਲ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਨ ਨਾਲ ਸ਼ੁਰੂ ਹੋਈ ਜੋਨ ਪੱਧਰ ਦੀ ਇਸ ਮੀਟਿੰਗ ਨੂੰ ਸੂਬਾ ਜਥੇਬੰਦਕ ਸਕੱਤਰ ਨਰਭਿੰਦਰ ਸਿੰਘ ਨੇ ਸੰਬੋਧਤ ਕਰਦਿਆਂ ਜਥੇਬੰਦੀ ਦਾ ਤਾਣਾ ਬਾਣਾ ਵਧਾਉਣ ਅਦਾਰਿਆਂ ਵਿੱਚ ਤਾਲਮੇਲ ਅਤੇ ਕੰਮ ਢੰਗ ਵਿੱਚ ਊਣਤਾਈਆਂ ਦੂਰ ਕਰਨ ਦੇ ਸੁਝਾਉ ਦਿੱਤੇ। ਨਾਲ ਹੀ ਉਨ੍ਹਾਂ ਕਿਹਾ ਕਿ ਸਾਨੂੰ ਉਸਾਰੂ ਕਲਚਰ ਪੈਦਾ ਕਰਨਾ ਚਾਹੀਦਾ ਹੈ। ਜ਼ਿਲ੍ਹਾ ਇਕਾਈ ਬਠਿੰਡਾ ਦੇ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਨੇ ਭਾਰਤ ਚ ਕੰਮ ਕਰਦੀਆਂ ਵੱਖ ਵੱਖ ਜਮਹੂਰੀ ਜਥੇਬੰਦੀਆਂ ਦੇ ਬਾਰੇ ਵਿਸਥਾਰਿਤ ਜਾਣਕਾਰੀ ਦਿੱਤੀ। ਜਮਹੂਰੀ ਅਧਿਕਾਰ ਸਭਾ ਦੇ ਐਲਾਨਨਾਮੇ ਦੀ ਵਿਆਖਿਆ ਕਰਦਿਆਂ ਸੁਖਦੇਵ ਸਿੰਘ ਪਾਂਧੀ ਨੇ ਕਿਹਾ ਕਿ ਸਾਨੂੰ ਬਰਤਾਨਵੀ ਸਾਮਰਾਜ ਤੇ ਰਜਵਾੜਾਸ਼ਾਹੀ ਗੱਠਜੋੜ ਵਿਰੁੱਧ ਲੜਦਿਆਂ ਲੋਕਾਂ ਵੱਲੋਂ ਹਾਸਲ ਕੀਤੇ ਸੀਮਤ ਜਮਹੂਰੀ ਹੱਕਾਂ ਨੂੰ ਬਚਾ ਕੇ ਰੱਖਣਾ ਚਾਹੀਦਾ ਹੈ, ਇਸ ਕੰਮ ਲਈ ਜਮਹੂਰੀ ਹੱਕਾਂ ਦਾ ਪਸਾਰਾ ਬੁੱਧੀਮਾਨ ਤਬਕੇ ਦੇ ਹਿੱਸੇ ਆਉਂਦਾ ਹੈ। ਐਡਵੋਕੇਟ ਐਨ ਕੇ ਜੀਤ ਨੇ ਸੀਡੀਆਰਓ ਵਿੱਚ ਜਮਹੂਰੀ ਅਧਿਕਾਰ ਸਭਾ ਦੀ ਸ਼ਮੂਲੀਅਤ ਵਧਾਉਣ ਤੇ ਜ਼ੋਰ ਦਿੱਤਾ।

ਐਡਵੋਕੇਟ ਸੁਦੀਪ ਸਿੰਘ ਨੇ ਰੋਜ਼ਮਰਾ ਵਿੱਚ ਸਾਹਮਣੇ ਆਉਂਦੇ ਛੋਟੇ ਮਸਲਿਆਂ ਨੂੰ ਵੀ ਲੈਣ ਦਾ ਸੁਝਾਅ ਦਿੱਤਾ।ਫ਼ਰੀਦਕੋਟ ਇਕਾਈ ਦੇ ਜਨਰਲ ਸਕੱਤਰ ਰੇਸ਼ਮ ਬਰਗਾੜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬਹਿਬਲ ਕਲਾਂ ਵਿਖੇ ਵਾਪਰੇ ਬੇਅਦਬੀ ਦੇ ਕਾਂਡ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਤੇ ਜੋਰ ਦਿੱਤਾ। ਸੂਬਾ ਸਕੱਤਰੇਤ ਦੇ ਮੈਂਬਰ ਡਾ ਅਜੀਤਪਾਲ ਸਿੰਘ ਐਮ ਡੀ ਨੇ ਵਿਦਿਆਰਥੀਆਂ ਤੇ ਨੌਜਵਾਨਾਂ ਵਿੱਚ ਜਮਹੂਰੀ ਹੱਕਾਂ ਦੀ ਸੂਝ ਦੇ ਪਸਾਰੇ ਤੇ ਜ਼ੋਰ ਦਿੰਦਿਆਂ ਕਿਹਾ ਕਿ ਸਭਾ ਦੇ ਵਕੀਲ ਮੈਂਬਰਾਂ ਵਲੋਂ ਸੰਘਰਸ਼ ਦੇ ਨਾਲ ਨਾਲ ਕਾਨੂੰਨੀ ਤਰੀਕਿਆਂ ਨਾਲ ਵੀ ਜਮਹੂਰੀ ਹੱਕਾਂ ਦੀ ਉਲੰਘਣਾ ਦੇ ਕੇਸ ਲੜੇ ਜਾਣੇ ਚਾਹੀਦੇ ਹਨ। ਫ਼ਰੀਦਕੋਟ ਇਕਾਈ ਦੇ ਪ੍ਰਧਾਨ ਸ਼ਿਵ ਚਰਨ ਨੇ ਹਰ ਤਰ੍ਹਾਂ ਦੇ ਸਿਆਸੀ ਕੈਦੀਆਂ ਨੂੰ ਰਿਹਾਅ ਕਰਨ ਦੀ ਮੰਗ ਉਠਾਈ ਅਤੇ ਕਿਹਾ ਕਿ ਮਾਓਵਾਦੀਆਂ ਦੇ ਵੀ ਜਮਹੂਰੀ ਹੱਕ ਹਨ ਅਤੇ ਉਨ੍ਹਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਦੇਣਾ ਉਨ੍ਹਾਂ ਨਾਲ ਸਰਾਸਰ ਧੱਕਾ ਹੈ। ਜੋਨ ਪੱਧਰ ਦੀ ਇਸ ਮੀਟਿੰਗ ਨੂੰ ਮੁਖਤਿਆਰ ਕੌਰ ਮਹੇਸ਼, ਲੱਖਾ ਸਿੰਘ ਮਾਨਸਾ ਨੇ ਵੀ ਸੰਬੋਧਨ ਕੀਤਾ ਤੇ ਆਪਣੇ ਵਿਚਾਰ ਰੱਖੇ। ਅਖੀਰ ਵਿੱਚ ਜਮਹੂਰੀ ਅਧਿਕਾਰ ਸਭਾ ਦੀ ਮਾਨਸਾ ਇਕਾਈ ਦੇ ਪ੍ਰਧਾਨ ਐਡਵੋਕੇਟ ਬਲਕਰਨ ਬੱਲੀ ਨੇ ਮੀਟਿੰਗ ਵਿੱਚ ਸ਼ਾਮਲ ਸਾਰੇ ਮੈਂਬਰਾਂ ਡੈਲੀਗੇਟਾਂ ਤੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ। ਮੀਟਿੰਗ ਦੀ ਕਾਰਵਾਈ ਪ੍ਰਿਤਪਾਲ ਸਿੰਘ ਜਨਰਲ ਸਕੱਤਰ ਨੇ ਬਾਖੂਬੀ ਚਲਾਈ।

**ਜਾਰੀ ਕਰਤਾ– ਡਾ ਅਜੀਤਪਾਲ ਸਿੰਘ**

# ਐੱਸ.ਸੀ.ਬੀ.ਸੀ. ਫੈੱਡਰੇਸ਼ਨ ਨੇ ਮਨਾਇਆ ਬਾਬਾ ਸਾਹਿਬ ਦਾ ਜਨਮ ਦਿਵਸ







ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਨੇ ਸੂਬਾ ਚੇਅਰਮੈਨ ਸ. ਜਸਬੀਰ ਸਿੰਘ ਪਾਲ, ਸੂਬਾ ਪ੍ਰਧਾਨ ਬਲਰਾਜ ਕੁਮਾਰ ਅਤੇ ਸੂਬਾ ਕਮੇਟੀ ਵਲੋਂ ਲਏ ਫੈਸਲੇ ਤਹਿਤ ਹਸ਼ਿਆਰਪੁਰ ਦੀ ਜ਼ਿਲ੍ਹਾ ਇਕਾਈ ਵਲੋਂ ਸ਼੍ਰੀ ਗੁਰੂ ਰਵਿਦਾਸ ਗੁਰੂਦਵਾਰਾ ਅਸਲਾਮਾਬਾਦ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 127 ਵਾਂ ਜਨਮ ਦਿਨ ਬਹੁਤ ਧੂਮ ਧਾਮ ਨਾਲ ਮਨਾਇਆ ਗਿਆ।ਸਮਾਗਮ ਦੀ ਪ੍ਰਧਾਨਗੀ ਸ਼੍ਰੀ ਬਲਰਾਜ ਕੁਮਾਰ, ਕੁਲਵਿੰਦਰ ਸਿੰਘ ਬੋਦਲ, ਡਾ. ਜਸਵੰਤ ਰਾਏ, ਲੈਕ. ਬਲਜੀਤ ਸਿੰਘ, ਲੈਕ. ਬਲਦੇਵ ਸਿੰਘ ਧੁੱਗਾ ਨੇ ਕੀਤੀ ਅਤੇ ਮੁਖ ਬੁਲਾਰੇ ਵਜੋਂ ਡਾ. ਕਰਮਜੀਤ ਸਿੰਘ ਕੁਰੂਕਸ਼ੇਤਰ ਯੂਨੀਵਰਸਿਟੀ ਨੇ ਸ਼ਿਰਕਤ ਕੀਤੀ।ਆਪਣੇ ਭਾਸ਼ਣ ਵਿਚ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਬਾਬਾ ਸਾਹਿਬ ਦਾ ਜੀਵਨ ਸੰਘਰਸ਼ਾਂ ਨਾਲ ਭਰਿਆ ਪਿਆ ਸੀ। ਦਲਿਤ ਸਮਾਜ ਖਾਸ ਕਰਕੇ ਔਰਤ ਲਈ ਉਨ੍ਹਾਂ ਨੇ ਬਹੁਤ ਵੱਡੇ ਕੰਮ ਕੀਤੇ।ਉਨ੍ਹਾ ਦਾ ਕਥਨ ਕਿ ਬੰਦੇ ਦੇ ਨਾਲ ਉਸਦੇ ਵਿਚਾਰ ਵੀ ਮਰ ਜਾਂਦੇ ਹਨ ਜੇਕਰ ਉਨ੍ਹਾਂ ਵਿਚਾਰਾਂ ਨੂੰ ਪਾਣੀ ਨਾ ਪਾਇਆ ਜਵੇ। ਅਜੋਕੇ ਮਾਹੌਲ ਦੇ ਸੰਧਰਵ ਵਿਚ ਇਹ ਹੋਰ ਵੀ ਸਾਰਥਕ ਹੈ।ਅੱਜ ਸਾਨੂੰ ਸੜਕੀ ਸੰਘਰਸ਼ ਦੇ ਨਾਲ ਨਾਲ ਸਿਧਾਂਤਕ ਲੜਾਈ ਲੜਨੀ ਵੀ ਬਹੁਤ ਜ਼ਰੂਰੀ ਹੈ। ਨਹੀਂ ਤਾਂ ਸ਼ਾਤਰ ਵਰਗ ਇਸ ਲੜਾਈ ਦੀ ਦਿਸ਼ਾ ਕੋਈ ਹੋਰ ਕਰ ਦੇਵੇਗਾ।ਇਨ੍ਹਾਂ ਤੋਂ ਬਾਅਦ ਪ੍ਰਧਾਨਗੀ ਮੰਡਲ ਵਿਚ ਬੈਠੀਆਂ ਸ਼ਖ਼ਸੀਅਤਾਂ ਨੇ ਵੀ ਬਾਬਾ ਸਾਹਿਬ ਦੀ ਜ਼ਿੰਦਗੀ ਦੇ ਸੁਨਹਿਰੀ ਪੰਨਿਆਂ ਤੇ ਝਾਤ ਪੁਆਂਦਿਆਂ ਸੰਵਾਦ ਰਚਾਇਆ। ਧੰਨਵਾਦੀ ਸ਼ਬਦ ਜ਼ਿਲ੍ਹਾ ਪ੍ਰਧਾਨ ਬੋਦਲ ਨੇ ਆਖੇ ਤੇ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਖੂਬੀ ਨਿਭਾਈ।ਇਸ ਮੌਕੇ ਪ੍ਰਿੰਸੀ. ਗੁਰਦਿਆਲ ਸਿੰਘ ਫੁੱਲ, ਰਾਮ ਲਾਲ ਭਗਤ, ਜਰਨੈਲ ਸਿੰਘ ਸੀਕਰੀ, ਸੁਰਜੀਤ ਰਾਜਾ, ਲੈਕ. ਅਮਰਜੀਤ ਸਿੰਘ, ਪ੍ਰਿੰ. ਰਾਮ ਆਸਰਾ, ਪ੍ਰਿੰ. ਰਣਜੀਤ ਸਿੰਘ, ਬਲਦੇਵ ਸਿੰਘ, ਲਖਵਿੰਦਰ ਰਾਮ, ਬਲਵਿੰਦਰ ਸਿੰਘ, ਜਸਵਿੰਦਰ ਸਿੰਘ, ਗੁਲਜਾਰੀ ਲਾਲ, ਪ੍ਰਿਥੀਪਾਲ ਸਿੰਘ, ਜਸਪਾਲ ਸਿੰਘ, ਦਵਿੰਦਰ ਕਲਸੀਆ, ਲਖਵੀਰ ਸਿਘ, ਬਲਵੀਰ ਕੁਮਾਰ, ਸੰਦੀਪ ਕੁਮਾਰ, ਬ੍ਰਹਮਜੀਤ ਸਿੰਘ, ਦੇਸ ਰਾਜ, ਚਮਨ ਲਾਲ, ਕੁਲਵੰਤ ਸਿੰਘ, ਪਰਦੀਪ ਸਿੰਘ, ਪਵਨ ਕੁਮਾਰ ਮਾਹੀ, ਲਖਵੀਰ ਸਿੰਘ, ਪਰਮਜੀਤ ਸਿੰਘ ਜਲੰਧਰ, ਬਬੀਤਾ ਰਾਣੀ, ਮਨਿੰਦਰ ਕੌਰ, ਗੁਰਵਿੰਦਰ ਕੌਰ, ਪ੍ਰਭਜੋਤ ਸਿੰਘ, ਕੁਲਦੀਪ ਕੁਮਾਰ, ਮੋਹਨ ਲਾਲ, ਕੁਲਵਿੰਦਰ ਕੁਮਾਰ ਝਮਟ, ਪ੍ਰਿਥੀਪਾਲ ਸਿੰਘ, ਸੁਰਿੰਦਰ ਸਿੰਘ, ਬੇਅੰਤ ਸਿੰਘ, ਮੁਖੀ ਰਾਮ, ਦਿਆਲ ਚੰਦ, ਸ਼ਿਫਾਲੀ, ਅੰਕੁਸ਼ ਰਾਏ, ਸੰਜਨਾ ਆਦਿ ਵਰਕਰ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ ਜ਼ਿਲ੍ਹਾ ਜਨਰਲ ਸਕੱਤਰ (9815825999)**

**Naranjan Ram Passed Away**
**April 5-1952 - June 22-2018**



June 28th Viewing:
5:00 p.m. - 7:00 p.m.
Funeral Services: June 29th:
10 a.m to 1 p.m
**North Sacramento Funeral Home**
725 El Camino Ave.,
Sacramento, CA 95815

After the funeral services all Sangat is invited to **Sri Guru Ravidass Temple, 6221, 16th St., Rio Linda, CA 95673** for Antim Ardas & ceremony for the departed soul.

## ਖੋਜ ਅਤੇ ਖੋਜ ਕਰਤਾ

ਟੈਲੀਫੋਨ- ਅਲੈਕਜੈਂਡਰ ਗਰਾਹਮ ਬੈਲ
ਕੰਪਿਊਟਰ- ਚਾਰਲਸ ਬੈਬੇਜ਼
ਕਾਰ- ਕਾਰਲ ਬੈਂਜ
ਬਲਬ-ਥਾਮਸ ਅਲਵਾ ਐਡੀਸਨ
ਲਿਫਟ- ਓ. ਜੀ. ਓਟਿਸ
ਟੈਲੀਵਿਜਨ- ਜੇ. ਐਲ. ਬੇਅਰਡ
ਰੇਡੀਓ- ਜੀ. ਮਾਰਕੋਨੀ
ਘੜੀ- ਏ. ਐਸ. ਬ੍ਰੀਗੁੱਟ
ਹਵਾਈ ਜਹਾਜ਼- ਰਾਇਟ ਬ੍ਰਦਰਜ਼
ਐਕਸ-ਰੇ- ਵੈਲਹੈਮ ਰੋਇੰਟਜੈਨ
ਟੈਲੀਸਕੋਪ- ਗਲੀਲੀਓ
ਪ੍ਰਿੰਟਿੰਗ ਦੀ ਕਲਾ- ਗੈਟਨਬਰਗ
ਭਾਫ ਦਾ ਇੰਜਣ- ਜੇਮਜ ਵਾਟ
ਰੇਲਵੇ ਇੰਜਣ- ਸਟਿਫਨਸਨ
ਫਾਊਂਟੇਨ ਪੈਨ (ਨਿੱਬ ਵਾਲਾ ਪੈਨ)- ਵਾਟਰਮੈਨ
ਟਾਇਪ ਮਸ਼ੀਨ- ਡਨਲਪ
ਸਾਈਕਲ- ਮੈਕਸਮਿਲਨ
ਡੀ. ਡੀ. ਟੀ- ਡਾ. ਪਾਲ ਮੂਲਰ

ਫਾਇਲ ਚਿੱਤਰ



**ਜਸਵੰਤ ਸਿੰਘ ਕੰਵਲ ਨੂੰ 100ਵਾਂ ਜਨਮ ਦਿਨ ਮੁਬਾਰਕ**
**ਕੰਵਲ ਅਤੇ ਫੂਲ ਚੰਦ ਮਾਨਵ ਨਾ.ਲ ਡਾ ਕਰਮਜੀਤ ਸਿੰਘ, ਸਰਕਾਰੀ ਕਾਲਜ ਬਠਿੰਡਾ, 1980**
Photo & Description: Dr. Karamjit Singh

# ਵਿਸ਼ਵ ਦੀ ਸ਼ਾਹਕਾਰ ਰਚਨਾ ਹੈ 'ਸਰਮਾਇਆ': ਜਗਰੂਪ

## ਦਲਿਤਾਂ ਦੀ ਮੁਕਤੀ ਦਾ ਰਾਹ ਜਮਾਤੀ ਸੰਗਰਾਮ: ਪ੍ਰੋ. ਆਨੰਦ ਤੈਲਤੁੰਬੜੇ

**ਜਲੰਧਰ–** ਪੰਜਾਬ ਦੇ ਕੋਨੇ ਕੋਨੇ ਤੋਂ ਦੇਸ਼ ਭਗਤ ਯਾਦਗਾਰ ਹਾਲ 'ਚ ਆਏ ਸਿਖਿਆਰਥੀਆਂ ਨੂੰ ਚੇਤਨਾ ਕੈਂਪ ਦੇ ਦੂਜੇ ਦਿਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਜਗਰੂਪ ਨੇ ਕਾਰਲ ਮਾਰਕਸ ਦੀ ਵਿਸ਼ਵ ਪ੍ਰਸਿੱਧ, ਯੁੱਗ ਪਲਟਾਊ ਰਚਨਾ 'ਸਰਮਾਇਆ' ਦੀ ਇਤਿਹਾਸਕ ਦੇਣ, ਮਹੱਤਤਾ ਅਤੇ ਪ੍ਰਸੰਗਕਤਾ ਉਪਰ ਚਾਨਣਾ ਪਾਇਆ। ਜਗਰੂਪ ਨੇ 'ਸਰਮਾਇਆ' ਪੁਸਤਕ ਦੇ ਅਨੇਕਾਂ ਅਮੁੱਲੇ ਪੱਖਾਂ ਉਪਰ ਰੌਸ਼ਨੀ ਪਾਉਂਦਿਆਂ ਕਿਰਤ, ਲੁੱਟ-ਖੋਹ, ਪੈਦਾਵਾਰੀ ਸਾਧਨ, ਪੈਦਾਵਾਰੀ ਸ਼ਕਤੀ ਅਤੇ ਪੂੰਜੀਵਾਦ ਦੇ ਲੋਕ-ਵਿਰੋਧੀ ਚਰਿੱਤਰ ਬਾਰੇ ਤੱਥਾਂ ਸਹਿਤ ਸਿਖਿਆਰਥੀਆਂ ਨੂੰ ਜਾਣੂੰ ਕਰਾਇਆ। ਉਹਨਾਂ ਦੱਸਿਆ ਕਿ ਮਸ਼ੀਨੀਕਰਣ, ਕੰਪਿਊਟਰੀਕਰਣ ਆਦਿ ਦੀ ਬੇਸ਼ੁਮਾਰ ਵਰਤੋਂ ਪੂੰਜੀਪਤੀ ਜਮਾਤ ਵੱਲੋਂ ਮਿਹਨਤਕਸ਼ਾਂ ਦੀ ਕਿਰਤ ਬੇਕਿਰਕੀ ਨਾਲ ਹੜੱਪਣ ਅਤੇ ਸਸਤੀ ਕਿਰਤ-ਸ਼ਕਤੀ ਆਪਣੇ ਹਿੱਤਾਂ ਲਈ ਰਾਖਵੀਂ ਕਰਨ ਲਈ ਬੇਰੁਜ਼ਗਾਰਾਂ ਦੀਆਂ ਫੌਜਾਂ ਪੈਦਾ ਕਰਨਾ ਹੈ।



ਜਗਰੂਪ ਨੇ ਸਮਾਜਕ ਵਿਕਾਸ 'ਚ ਕਿਰਤ ਦੀ ਭੂਮਿਕਾ ਬਾਰੇ ਵਿਆਖਿਆ ਕਰਦਿਆਂ ਦੱਸਿਆ ਕਿ ਜੇ ਕਿਰਤ ਦੀ ਸਮਾਜ ਵਿੱਚ ਸਰਦਾਰੀ ਹੋਵੇ ਤਾਂ ਬੇਰੁਜ਼ਗਾਰੀ, ਮਹਿੰਗਾਈ ਅਤੇ ਜ਼ਬਰ-ਜ਼ੁਲਮ ਦਾ ਜੂੜ ਵੱਢਿਆ ਜਾ ਸਕਦਾ ਹੈ ਪਰ ਪੂੰਜੀਪਤੀ ਪ੍ਰਬੰਧ ਅੰਦਰ ਪੂੰਜੀ ਦੀ ਪੁੱਗਤ ਕਾਰਨ ਸਮਾਜ ਦੇ ਸਿਰਜਕ, ਚੌਤਰਫ਼ਾ ਸੰਕਟ ਹੰਢਾ ਰਹੇ ਹਨ।

ਉਹਨਾਂ ਸਿਖਿਆਰਥੀਆਂ ਨੂੰ ਜਚਾਇਆ ਕਿ ਮਾਰਕਸਵਾਦ ਕਦੀ ਵੀ ਵੇਲਾ ਵਿਹਾ ਚੁੱਕਣ ਵਾਲਾ ਨਹੀਂ ਜਦੋਂ ਤੱਕ ਵਰਗ ਰਹਿਣਗੇ ਉਦੋਂ ਤੱਕ ਵਰਗ-ਸੰਘਰਸ਼ ਵੀ ਜਾਰੀ ਰਹੇਗਾ।

ਸਿਖਿਆਰਥੀਆਂ ਵੱਲੋਂ ਆਏ ਸੁਆਲਾਂ ਦੇ ਜਗਰੂਪ ਹੋਰਾਂ ਨੇ ਸਾਰਥਕ ਜੁਆਬ ਦਿੱਤੇ।

ਗੋਆ ਇੰਸਟੀਚਿਊਟ ਆਫ਼ ਮੈਨੇਜ਼ਮੈਂਟ ਦੇ ਪ੍ਰੋਫ਼ੈਸਰ, ਸਿਵਲ ਲਿਬਰਟੀਜ਼, ਜਮਹੂਰੀ ਹੱਕਾਂ ਦੇ ਸਰਗਰਮ ਕਾਮੇ, ਵਿਗਿਆਨਕ ਵਿਸ਼ੇ ਦੇ ਲੇਖਕ ਆਨੰਦ ਤੈਲਤੁੰਬੜੇ ਦਾ ਪੁਸਤਕ ਸੈਟ ਨਾਲ ਕਮੇਟੀ ਨੇ ਸਨਮਾਨ ਕੀਤਾ। ਉਹਨਾਂ ਨੇ ਜਾਤ-ਪਾਤ ਦਾ ਸੁਆਲ ਅਤੇ ਇਸਦਾ ਹੱਲ ਵਿਸ਼ੇ ਉਪਰ ਬੋਲਦਿਆਂ ਉਹਨਾਂ ਨੇ ਸਾਡੇ ਸਮਾਜ ਅੰਦਰ ਉਸਾਰੀਆਂ ਗਈਆਂ ਜਾਤ-ਪਾਤੀ ਕੰਧਾਂ ਦੇ ਇਤਿਹਾਸ ਪਿਛੋਕੜ ਅਤੇ ਇਸ ਸਮਾਜਕ ਬੁਰਾਈ ਦੇ ਮਿਹਨਤਕਸ਼ ਜਮਾਤ ਲਈ ਬੁਰੇ ਅਸਰਾਂ ਦਾ ਗਹਿਰਾ ਅਧਿਐਨ ਕਰਦਿਆਂ ਵਿਸ਼ਲੇਸ਼ਣ ਪੇਸ਼ ਕੀਤਾ।

ਪ੍ਰੋ. ਆਨੰਦ ਨੇ ਕਿਹਾ ਕਿ ਮਹਾਤਮਾ ਗਾਂਧੀ ਹੀ ਅਜੇਹਾ ਦੂਰ-ਅੰਦੇਸ਼, ਤੇਜ਼ ਤਰਾਰ ਨੀਤੀ ਘਾੜਾ ਸੀ ਜਿਸਨੇ ਸੋਚ ਸਮਝ ਕੇ ਸੰਵਿਧਾਨ-ਘਾੜੇ ਦੇ ਤੌਰ 'ਤੇ ਸਮਾਜ ਦੇ ਸਭ ਤੋਂ ਦੱਬੇ-ਕੁੱਚਲੇ ਹਿੱਸੇ ਦੇ ਪ੍ਰਤੀਨਿੱਧ ਵਜੋਂ ਡਾ. ਅੰਬੇਦਕਰ ਨੂੰ ਨਾਇਕ ਵਜੋਂ ਉਭਾਰਿਆ ਤਾਂ ਜੋ ਧਨ ਅਤੇ ਧਰਤੀ ਵਰਗੇ ਬੁਨਿਆਦੀ ਮੁੱਦਿਆਂ ਤੋਂ ਭਟਕਾ ਕੇ, ਦਰੜੇ ਲੋਕਾਂ ਨੂੰ ਸਮਾਜ ਸੁਧਾਰਕ ਦੋਮ ਕਰਜ਼ੇ ਦੇ ਮੁੱਦਿਆਂ ਤੱਕ ਹੀ ਸੀਮਤ ਰੱਖਣ ਦਾ ਕੰਮ ਕੀਤਾ ਜਾ ਸਕੇ। ਜਿਸ ਤਬਕੇ ਨੇ ਪਹਿਲੇ ਲੋਕ-ਦੋਖੀ ਪ੍ਰਬੰਧ ਨੂੰ ਮੂਲੋਂ ਢਹਿ ਢੇਰੀ ਕਰਕੇ ਨਵਾਂ-ਨਰੋਆ ਮਜ਼ਦੂਰ ਜਮਾਤ ਦੇ ਰਾਜ-ਭਾਗ ਵਾਲਾ ਸਮਾਜ ਸਿਰਜਣਾ ਸੀ ਉਹਨਾਂ ਨੂੰ ਨਿਗੂਣੀਆਂ ਸਹੂਲਤਾਂ ਨੂੰ ਹੀ 'ਬਹੁਤ ਕੁਝ' ਸਮਝਕੇ ਸਬਰ ਸੰਤੋਖ ਕਰਨ ਦਾ ਅਣ-ਕਿਹਾ ਪਾਠ ਹਾਕਮ ਜਮਾਤਾਂ ਨੇ ਪੜਾਇਆ; ਜੋ ਰੁਕਾਵਟਾਂ ਅੱਜ਼ ਤੱਕ ਵੀ ਦਲਿਤ ਵਰਗ ਨੂੰ ਇਨਕਲਾਬੀ ਮਾਰਗ ਤੋਂ ਰੋਕ ਕੇ ਰੱਖਣ ਦੇ ਕੰਮ ਆ ਰਹੀਆਂ ਹਨ, ਇਸ ਤੋਂ ਅੱਗੇ ਤੁਰਨ ਦੀ ਲੋੜ ਹੈ। ਪ੍ਰੋ. ਆਨੰਦ ਨੇ ਕਿਹਾ ਜੋ ਅੱਜ ਮੋਦੀ ਸਰਕਾਰ ਜਾਤ-ਪਾਤੀ/ ਫ਼ਿਰਕੂ ਅਜੰਡਾ ਲਾਗੂ ਕਰ ਰਹੀ ਹੈ। ਇਸ ਦੀਆਂ ਜੜਾਂ ਕਾਂਗਰਸ ਹਕੂਮਤKਪਾਰਟੀ ਵਿੱਚ ਹੀ ਲੱਗੀਆਂ ਹੋਈਆਂ ਹਨ। ਇਸ ਲਈ ਪ੍ਰਤੱਖ ਜਮਹੂਰੀ ਲੋਕ-ਲਹਿਰ ਲਈ ਲੋਕ-ਪੱਖੀ ਵਿਗਿਆਨਕ ਦ੍ਰਿਸ਼ਟੀਕੋਣ ਅਪਣਾਕੇ ਹਰ ਵੰਨਗੀ ਦੀਆਂ ਲੋਕ-ਦੁਸ਼ਮਣ ਤਾਕਤਾਂ ਖਿਲਾਫ਼ ਲੋਕ ਆਵਾਜ਼ ਉਠਾਉਣ ਦੀ ਲੋੜ ਹੈ।

ਜਾਤਾਂ ਦੀ ਦਰਜ਼ਾਬੰਦੀ ਦਾ ਕੋਈ ਦਿਸ ਹੱਦਾਂ ਨਹੀਂ ਹੈ। ਜਾਤੀ ਆਧਾਰ 'ਤੇ ਲਾਮਬੰਦੀ, ਜੱਦੋਜਹਿਦ ਸਾਨੂੰ ਬੁਨਿਆਦੀ ਤੌਰ 'ਤੇ ਮੁਕਤੀ ਨਹੀਂ ਦੁਆ ਸਕਦੀ, ਸਿਰਫ਼ ਭਟਕਣ ਹੀ ਸਾਡੇ ਪੱਲੇ ਪਾ ਸਕਦੀ ਹੈ। ਉਹਨਾਂ ਕਿਹਾ ਕਿ ਬੀਤੇ ਦਿਨੀਂ ਫੜੇ ਪੰਜ ਬੁੱਧੀਜੀਵੀ, ਸੰਪਾਦਕ, ਜਮਹੂਰੀ ਕਾਮਿਆਂ ਨੂੰ 'ਮਾਓਵਾਦੀ' ਕਹਿਕੇ ਝੂਠੇ ਕੇਸਾਂ 'ਚ ਫਸਾਇਆ ਜਾ ਰਿਹਾ ਹੈ। ਜਿਹੜਾ ਵੀ ਦਲਿਤ ਵਰਗ ਦੀ ਮੁਕਤੀ ਦਾ ਸਹੀ ਰਾਹ ਦਿਖਾਉਂਦਾ ਹੈ, ਉਸਨੂੰ ਜੇਲ ਦਾ ਰਾਹ ਦਿਖਾਇਆ ਜਾ ਰਿਹਾ ਹੈ। ਚੇਤਨਾ ਕੈਂਪ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ, ਖਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ, ਬਲਬੀਰ ਕੌਰ ਬੁੰਡਾਲਾ, ਸੁਰਿੰਦਰ ਕੁਮਾਰੀ ਕੋਛੜ, ਰਮਿੰਦਰ ਪਟਿਆਲਾ, ਮੰਗਤ ਰਾਮ ਪਾਸਲਾ, ਦੇਵਰਾਜ ਨਯੀਅਰ, ਮਨਜੀਤ ਸਿੰਘ ਅਤੇ ਡਾ. ਰਘਬੀਰ ਕੌਰ ਹਾਜ਼ਰ ਸਨ। ਮੰਚ ਸੰਚਾਲਨ ਦੀ ਭੂਮਿਕਾ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਅਦਾ ਕੀਤੀ।

# ਨਿਊਜ਼ੀਲੈਂਡ ਪ੍ਰਧਾਨ ਮੰਤਰੀ ਜੈਸਿੰਡਾ ਅਰਡਨ ਵੱਲੋਂ ਬੱਚੀ ਨੂੰ ਜਨਮ-ਵਧਾਈਆਂ ਦਾ ਸਿਲਸਿਲਾ ਜਾਰੀ



**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੀ 38 ਸਾਲਾ ਪ੍ਰਧਾਨ ਮੰਤਰੀ ਸ੍ਰੀਮਤੀ ਜੈਸਿੰਡਾ ਅਰਡਨ ਦੇਸ਼ ਦੀ 40ਵੀਂ ਪ੍ਰਧਾਨ ਮੰਤਰੀ ਹੈ ਜੋ ਕਿ 26 ਅਕਤੂਬਰ 2017 ਨੂੰ ਲੇਬਰ ਪਾਰਟੀ ਅਤੇ ਸਹਿਯੋਗੀ ਪਾਰਟੀਆਂ ਦੇ ਸਹਿਯੋਗ ਨਾਲ ਪ੍ਰਧਾਨ ਮੰਤਰੀ ਬਣੀ ਸੀ, ਨੇ ਅੱਜ ਆਪਣੇ ਪਹਿਲੇ ਬੱਚੇ ਨੂੰ ਜਨਮ ਦੇਣ ਵਾਸਤੇ ਸਵੇਰੇ 6 ਵਜੇ ਆਕਲੈਂਡ ਹਸਪਤਾਲ ਪਹੁੰਚੀ ਸੀ, ਪਰ ਬੱਚੀ ਦਾ ਜਨਮ ਸ਼ਾਮ 4.45 ਵਜੇ ਹੋਇਆ। ਜੱਚਾ-ਬੱਚਾ ਰਾਜੀ ਹਨ। ਬੱਚੀ ਦਾ ਭਾਰ 3.31 ਕਿਲੋਗ੍ਰਾਮ ਹੈ। ਪ੍ਰਧਾਨ ਮੰਤਰੀ ਹੋਣ ਦੇ ਬਾਵਜੂਦ ਉਨ੍ਹਾਂ ਦੇ ਨਾਲ ਕੋਈ ਮੋਟਰ ਗੱਡੀਆਂ ਦਾ ਕਾਫਲਾ ਨਹੀ ਸੀ, ਕੋਈ ਕ੍ਰਾਊਨ ਲਿਮੋ ਕਾਰ ਨਹੀਂ ਸੀ, ਸਗੋਂ ਉਨ੍ਹਾਂ ਦੇ ਪਤੀ ਕਲਾਰਕ ਗੇਅਫੋਰਡ ਖੁਦ ਕਾਰ ਚਲਾ ਕੇ ਗਏ ਸਨ।

ਪ੍ਰਧਾਨ ਮੰਤਰੀ ਜੈਸਿੰਡਾ ਅਰਡਨ ਦੀਆਂ 6 ਹਫਤੇ ਦੀਆਂ ਹੁਣ ਛੁੱਟੀਆਂ ਸ਼ੁਰੂ ਹੋ ਚੁੱਕੀਆਂ ਹਨ ਅਤੇ ਉਪ ਪ੍ਰਧਾਨ ਮੰਤਰੀ ਸ੍ਰੀ ਵਿਨਸਨ ਪੀਟਰ ਕਾਰਜਕਾਰੀ ਪ੍ਰਧਾਨ ਮੰਤਰੀ ਹੋਣਗੇ। ਵਿਸ਼ਵ ਭਰ ਦੇ ਮੀਡੀਆ ਨੇ ਇਸ ਖਬਰ ਨੂੰ ਬ੍ਰੇਕਿੰਗ ਨਿਊਜ਼ ਦੇ ਤੌਰ ਉਤੇ ਪੇਸ਼ ਕੀਤਾ। ਵੱਖ-ਵੱਖ ਨੇਤਾਵਾਂ ਤੋਂ ਪ੍ਰਧਾਨ ਮੰਤਰੀ ਨੂੰ ਵਧਾਈ ਸੰਦੇਸ਼ ਮਿਲ ਰਹੇ ਹਨ। 21 ਜੂਨ ਨੂੰ ਜਨਮ ਲੈਣ ਵੇਲੇ ਖਾਸ ਲੋਕ: ਪ੍ਰਿੰਸ ਵਿਲੀਅਮ 1982, ਜੋਕੋ ਵਿਡੋਡੋ (ਇੰਡੋਨੇਸ਼ੀਆ ਰਾਸ਼ਟਰਪਤੀ 1961), ਲਾਨਾ ਡੇਲ ਰੇਅ ਸੰਗੀਤਕਾਰ 1985, ਅਤੇ ਬੇਨਜੀਰ ਭੁੱਟੋ ਪ੍ਰਧਾਨ ਮੰਤਰੀ (1953)

# ਗੁਰਸ਼ਬਦ ਅੰਗਾਂ ਦੀ ਹੋਈ ਬੇਅਦਬੀ, ਮੋਗਾ ਜਿਲੇ ਦੇ ਪਿੰਡ ਮੋਠਾਂਵਾਲੀ ਵਿਖੇ ਸਥਿਤੀ ਤਣਾਅਪੂਰਨ

**ਮੋਗਾ (ਡਾ. ਬਲਰਾਜ ਸਿੰਘ ਜੱਖੂ)–** ਮੋਗਾ ਜਿਲੇ ਦੇ ਪਿੰਡ ਮੋਠਾਂਵਾਲੀ ਵਿਖੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਗੁਟਕਾ ਸਾਹਿਬ ਦੇ ਅੰਗਾਂ ਦੀ ਬੇਅਦਬੀ ਦੀ ਘਟਨਾ ਵਾਪਰਨ ਉਪਰੰਤ ਸਿੱਖ ਹਲਕਿਆਂ ਵਿਚ ਰੋਸ ਦੀ ਲਹਿਰ ਦੌੜ ਗਈ ਅਤੇ ਸਮੁੱਚੇ ਇਲਾਕੇ ਵਿਚ ਮਾਹੌਲ ਤਣਾਅਪੂਰਨ ਹੋ ਗਿਆ। ਘਟਨਾ ਸਥਾਨ ਤੇ ਐਸ. ਐਸ. ਪੀ. ਰਾਜਜੀਤ ਸਿੰਘ ਹੁੰਦਲ ਦੀ ਅਗਵਾਈ ਵਿਚ ਭਾਰੀ ਪੁਲਿਸ ਸੁਰੱਖਿਆ ਦਲ ਤਾਇਨਾਤ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਮੈਂਬਰ ਤਰਸੇਮ ਸਿੰਘ ਰੱਤੀਆਂ, ਜੱਥੇਦਾਰ ਸਿੰਘ ਸਾਹਿਬ ਭਾਈ ਅਮਰੀਕ ਸਿੰਘ ਅਜਨਾਲਾ, ਬਾਬਾ ਰੇਸ਼ਮ ਸਿੰਘ ਖੁਖਰਾਣਾ, ਸਤਿਕਾਰ ਕਮੇਟੀ ਦੇ ਰਾਜਾ ਸਿੰਘ ਖੁਖਰਾਣਾ ਅਤੇ ਅਨੇਕਾਂ ਸਿੱਖ ਆਗੂ ਅਤੇ ਭਾਰੀ ਗਿਣਤੀ ਵਿਚ ਸੰਗਤਾਂ ਮੋਠਾਂਵਾਲੀ ਵਿਖੇ ਪਹੁੰਚੀਆਂ।

ਮੋਗਾ ਤੋਂ ਦੇਸ਼ ਦੁਆਬਾ ਵੀਕਲੀ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਤਰਸੇਮ ਸਿੰਘ ਰੱਤੀਆਂ ਨੇ ਦੱਸਿਆ ਕਿ ਪਿੰਡ ਮੋਠਾਂਵਾਲੀ ਦੇ ਗੁਰਦੁਆਰਾ ਗੁਰੂਸਰ ਸਾਹਿਬ ਵਿਖੇ ਹਰ ਐਤਵਾਰ ਅੰਮ੍ਰਿਤ ਵੇਲੇ ਬੀਬੀਆਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਦੀਆਂ ਹਨ, ਪਰ ਜਦੋਂ ਦੋ ਬੀਬੀਆਂ ਗੁਰਦੁਆਰਾ ਸਾਹਿਬ ਦੇ ਗੇਟ ਨੇੜੇ ਪਹੁੰਚੀਆਂ ਤਾਂ ਉਹਨਾਂ ਗੁਟਕਾ ਸਾਹਿਬ ਦੇ ਅੰਗਾਂ ਨੂੰ ਖਿਲਰੇ ਦੇਖਿਆ। ਉਨਾਂ ਤੁਰੰਤ ਪਿੰਡ ਦੇ ਲੋਕਾਂ ਅਤੇ ਸਰਪੰਚ ਨੂੰ ਸੂਚਿਤ ਕੀਤਾ।

ਇਸ ਤੋਂ ਇਲਾਵਾ ਪਿੰਡ ਦੇ ਇਕ ਦੋ ਹੋਰ ਘਰਾਂ ਦੇ ਸਾਹਮਣੇ ਵੀ ਅੰਗ ਖਿਲਰੇ ਹੋਏ ਮਿਲੇ । ਪੁਲਿਸ ਨੂੰ ਸੂਚਿਤ ਕਰਨ ਤੇ ਪੁਲਿਸ ਕਿਸੇ ਅਣਕਿਆਸੀ ਘਟਨਾ ਨੂੰ ਟਾਲਣ ਲਈ ਤੁਰੰਤ ਹਰਕਤ ਵਿਚ ਆ ਗਈ ਅਤੇ ਪਿੰਡ ਪੁਲਿਸ ਛਾਉਣੀ ਵਿਚ ਤਬਦੀਲ ਹੋ ਗਿਆ। ਗੁਰਦੁਆਰਾ ਗੁਰੂ ਕੇ ਮਹਿਲ ਅਟਾਰੀ ਸਾਹਿਬ ਡਰੋਲੀ ਭਾਈ ਵਿਖੇ ਸੰਗਤਾਂ ਨੂੰ ਦਵਾ ਦੇ ਰਹੇ ਡਾ. ਸੰਤ ਬਾਬਾ ਗੁਰਨਾਮ ਸਿੰਘ ਡਰੋਲੀ ਭਾਈ ਕਾਰ ਸੇਵਾ ਵਾਲਿਆਂ ਨੇ ਇਸ ਘਟਨਾ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ਼ਰਾਰਤੀ ਅਨਸਰਾਂ ਨੂੰ ਅਜਿਹੇ ਕੁਕਰਮਾਂ ਤੋਂ ਬਾਜ ਆਉਣਾ ਚਾਹੀਦਾ ਹੈ ਅਤੇ ਸਿੱਖਾਂ ਦੇ ਸਬਰ ਦਾ ਇਮਤਿਹਾਨ ਲੈਣ ਤੋਂ ਗੁਰੇਜ਼ ਕਰਨਾ ਚਾਹੀਦੈ। ਉਨਾਂ ਗੁਰਦੁਆਰਾ ਕਮੇਟੀਆਂ ਨੂੰ ਸੁਰੱਖਿਆ ਵਧਾਉਣ ਲਈ ਵੀ ਅਪੀਲ ਕੀਤੀ ਤਾਂ ਕਿ ਅਜਿਹੀਆਂ ਹਿਰਦੇਵੇਦਕ ਘਟਨਾਵਾਂ ਮੁੜ ਤੋਂ ਨਾ ਵਾਪਰਨ। ਜ਼ਿਕਰਯੋਗ ਹੈ ਕਿ ਮੋਠਾਂਵਾਲੀ ਦੇ ਗੁਰਦੁਆਰਾ ਸਾਹਿਬ ਵਿਖੇ ਸੀ. ਸੀ. ਟੀ. ਵੀ. ਕੈਮਰੇ ਤਾਂ ਲੱਗੇ ਹਨ, ਪਰ ਕੈਮਰਿਆਂ ਦੀ ਦਿਸ਼ਾ ਅਤੇ ਦਸ਼ਾ ਢੁੱਕਵੀਂ ਅਤੇ ਗੁਣਵੱਤਾ ਭਰਪੂਰ ਨਾ ਹੋਣ ਕਰਕੇ ਅੱਜ ਦੀ ਘਟਨਾ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਵਿਚ ਪੁਲਿਸ ਨੂੰ ਕੋਈ ਸੁਰਾਗ ਲਗਾਉਣ ਵਿਚ ਮੁਸ਼ਕਿਲ ਪੇਸ਼ ਆ ਰਹੀ ਹੈ।

# ਬਸਪਾ ਨੂੰ ਭਾਰੀ ਸਦਮਾ, ਹਲਕਾ ਉੱਤਰੀ ਦੇ ਪ੍ਰਧਾਨ ਹੰਸ ਰਾਜ ਬੰਗੜ ਨਹੀਂ ਰਹੇ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)–** ਬਹੁਜਨ ਸਮਾਜ ਪਾਰਟੀ ਨੂੰ ਉਦੋਂ ਭਾਰੀ ਸਦਮਾਂ ਲੱਗਾ ਜਦੋਂ ਹਲਕਾ ਉੱਤਰੀ ਦੇ ਪ੍ਰਧਾਨ ਹੰਸ ਰਾਜ ਬੰਗੜ ਜੋ ਕਈ ਦਿਨਾਂ ਤੋਂ ਸੂਗਰ ਦੀ ਬਿਮਾਰੀ ਕਾਰਨ ਸੀ ਐਮ ਸੀ ਹਸਪਤਾਲ ਵਿੱਚ ਜੇਰੇ ਇਲਾਜ ਸਨ ਮੌਤ ਹੋ ਗਈ। ਉਹ ਕੁਝ ਠੀਕ ਹੋਣ ਤੇ ਹਸਪਤਾਲ ਵਿੱਚੋਂ ਛੁੱਟੀ ਲੈ ਕੇ ਘਰ ਚਲੇ ਗਏ ਸਨ ਪਰ ਅਚਾਨਕ ਹੀ ਅਗਲੀ ਸਵੇਰ ਉਨ੍ਹਾਂ ਦੀ ਸੇਹਤ ਦੁਬਾਰਾ ਖਰਾਬ



ਹੋ ਗਈ ਜੋ ਘਾਤਕ ਸਾਬਿਤ ਹੋਈ। ਉਨ੍ਹਾਂ ਨੇ ਆਪਣੇ ਘਰ ਵਿੱਚ ਹੀ ਆਖਰੀ ਸਾਹ ਲਿਆ। ਉਹ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਸੁਰੂ ਕੀਤੇ ਅੰਬੇਡਕਰੀ ਮਿਸ਼ਨ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਸਨ ਅਤੇ ਮੂਲਨਿਵਾਸੀ ਬਹੁਜਨ ਸਮਾਜ ਦਾ ਰਾਜ ਸਥਾਪਤ ਕਰਨ ਲਈ ਇਸ ਨੂੰ ਆਪਣੀਆਂ ਸੇਵਾਵਾਂ ਦੇ ਰਹੇ ਸਨ। ਉਨ੍ਹਾਂ ਦੇ ਜਾਣ ਨਾਲ ਪਰਿਵਾਰ ਨੂੰ ਹੀ ਨਹੀ ਬਹੁਜਨ ਸਮਾਜ ਪਾਰਟੀ ਨੂੰ ਵੀ ਕਦੇ ਵੀ ਨਾ ਪੁਰਾ ਹੋਣ ਵਾਲਾ ਘਾਟਾ ਪਿਆ ਹੈ। ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਅਤੇ ਜਿਲ੍ਹਾ ਪ੍ਰਧਾਨ ਜੀਤਰਾਮ ਬਸਰਾ ਨੇ ਉਨ੍ਹਾਂ ਦੀ ਮ੍ਰਿਤਕ ਦੇਹ ਤੇ ਬਸਪਾ ਦਾ ਝੰਡਾ ਪਾ ਕੇ ਉਨ੍ਹਾਂ ਦੀ ਸ਼ਵ ਯਾਤਰਾ ਨੂੰ ਜੈਕਾਰਿਆਂ ਦੀ ਗੂੰਜ ਨਾਲ ਰਵਾਨਾ ਕੀਤਾ। ਉਨ੍ਹਾਂ ਦਾ ਅੰਤਿਮ ਸਸਕਾਰ ਸਲੇਮਟਾਬਰੀ ਸਮਸ਼ਾਨ ਘਾਟ ਵਿੱਚ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਰਿਸਤੇਦਾਰਾਂ ਤੋਂ ਇਲਾਵਾ ਜਿਲ੍ਹਾ ਕਪੂਰਥਲਾ ਦੇ ਇੰਚਾਰਜ ਰਮੇਸ਼ ਕੋਲ, ਜਨਰਲ ਸਕੱਤਰ ਪ੍ਰਗਣ ਬਿਲਗਾ, ਖਵਾਜਾ ਪ੍ਰਸਾਦ, ਜਸਪਾਲ ਭੌਰਾ, ਉੱਤਰੀ ਦੇ ਇੰਚਾਰਜ ਰਾਜਿੰਦਰ ਨਿੱਕਾ, ਗਰਸੇਵਕ ਫੌਜੀ, ਸੁਰੇਸ਼ ਕੁਮਾਰ ਸੋਨੂੰ, ਪ੍ਰਵੀਨ ਕੁਮਾਰ ਬਾਸਲ, ਚਰਨ ਸਿੰਘ ਲੁਹਾਰਾ, ਸਿਵ ਚੰਦ ਗੋਗੀ, ਹਰਬੰਸ ਸਿੰਘ ਬਾੜੇਵਾਲ, ਜੱਸੀ ਹਰਰਾਏ ਨਗਰ, ਰਵੀ ਕਾਂਤ ਜੱਖੂ, ਲਖਵੀਰ ਚੰਦ, ਮਾਸਟਰ ਰਾਮਾਨੰਦ, ਬਾਂਕਾ ਚੁੰਬਰ, ਮਿਸ਼ਨਰੀ ਕਲਾਕਾਰ ਵਿੱਕੀ ਬਹਾਦਰ ਕੇ, ਇੰਦਰੇਸ਼ ਕੁਮਾਰ, ਹਰਪਾਲ ਰੱਤੂ, ਲਾਭ ਸਿੰਘ ਭਾਮੀਆਂ, ਸੁਰਿੰਦਰ ਲੰਬੜਦਾਰ, ਸੁਰਿੰਦਰ ਕੌਰ, ਸੁਖਵਿੰਦਰ ਕੌਰ, ਕਮਲਜੀਤ ਕੌਰ ਅਟਵਾਲ, ਨਰੇਸ਼ ਬਸਰਾ, ਕਮਲਬੋਧ, ਰਵੀ ਭਗਤ, ਰਵੀ ਚੋਟਾਲਾ, ਸੌਰਵ ਬਿਰਲਾ ਅਤੇ ਹੋਰ ਹਾਜਰ ਸਨ।

# ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸਰਗਰਮ ਕਾਰਕੁੰਨ ਓਮ ਪ੍ਰਕਾਸ਼ ਟੀਐੱਸਯੂ ਦਾ ਸ਼ਰਧਾਂਜਲੀ ਸਮਾਗਮ 29 ਜੂਨ ਨੂੰ 11ਵਜੇ ਅਰੋਮਾ ਪੈਲੇਸ ਬਠਿੰਡਾ ਵਿਖੇ

**ਬਠਿੰਡਾ–** ਟਰੇਡ ਯੂਨੀਅਨ ਹਲਕਿਆਂ ਦੇ ਪ੍ਰਤੀਬੱਧ ਆਗੂ ਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸਰਗਰਮ ਕਾਰਕੁੰਨ ਸ੍ਰੀ ਓਮ ਪ੍ਰਕਾਸ਼ ਟੀ ਐੱਸ ਯੂ ਦਾ ਸ਼ਰਧਾਂਜਲੀ ਸਮਾਗਮ 29 ਜੂਨ ਗਿਆਰਾਂ ਵਜੇ ਅਰੋਮਾ ਪੈਲੇਸ ਪ੍ਰਤਾਪ ਨਗਰ ਬਠਿੰਡਾ ਵਿਖੇ ਰੱਖਿਆ ਗਿਆ ਹੈ। ਇਸ ਸਬੰਧੀ ਭੇਜੇ ਇਕ ਪ੍ਰੈੱਸ ਨੋਟ ਰਾਹੀਂ ਜਮਹੂਰੀ ਅਧਿਕਾਰ ਸਭਾ ਦੀ ਜ਼ਿਲ੍ਹਾ ਇਕਾਈ ਬਠਿੰਡਾ ਦੇ ਪ੍ਰਧਾਨ ਪਿੰਸੀਪਲ ਬੱਗਾ ਸਿੰਘ ਅਤੇ ਸੂਬਾ ਸਕੱਤਰ ਦੇ ਮੈਂਬਰ ਡਾਕਟਰ ਅਜੀਤਪਾਲ ਸਿੰਘ ਐਮ ਡੀ ਨੇ ਕਿਹਾ ਕਿ ਸ੍ਰੀ ਓਮ ਪ੍ਰਕਾਸ਼ ਦੀ ਸੱਠ ਸਾਲ ਦੀ ਉਮਰ ਵਿੱਚ ਅਚਾਨਕ ਹਾਰਟ ਅਟੈਕ ਨਾਲ ਹੋਈ ਬੇਵਕਤੀ ਮੌਤ ਨੇ ਜਮਹੂਰੀ ਅਧਿਕਾਰ ਸਭਾ ਅਤੇ ਟਰੇਡ ਯੂਨੀਅਨ ਹਲਕਿਆਂ ਤੋਂ ਇੱਕ ਬਹੁਤ ਹੀ ਯੋਗ ਇਮਾਨਦਾਰ ਤੇ ਜਮਹੂਰੀ ਹੱਕਾਂ ਲਈ ਸਮਰਪਿਤ ਆਗੂ ਖੋਹ ਲਿਆ ਹੈ। ਸ੍ਰੀ ਓਮ ਪ੍ਰਕਾਸ਼ ਨੇ ਕਰੀਬ ਚਾਰ ਦਹਾਕਿਆਂ ਦੇ ਆਪਣੇ ਸੰਘਰਸ਼ਮਈ ਜੀਵਨ ਦੌਰਾਨ ਟਰੇਡ ਯੂਨੀਅਨ ਅਤੇ ਜਨਤਕ ਜਮਹੂਰੀ ਹਲਕਿਆਂ ਵਿੱਚ ਨਵੀਆਂ ਪਿਰਤਾਂ ਪਾਈਆਂ, ਅਨੇਕਾਂ ਲੰਬੇ ਘੋਲ ਲੜੇ ਅਤੇ ਮੁਲਾਜ਼ਮਾਂ ਮਜ਼ਦੂਰਾਂ ਦੇ ਅਣਗਣਿਤ ਹੱਕਾਂ ਦੀ ਰਾਖੀ ਕਰਦਿਆਂ ਗੌਰਵਮਈ ਪ੍ਰਾਪਤੀਆ ਕੀਤੀਆਂ। ਇੰਨੇ ਲੰਬੇ ਸੰਘਰਸ਼ਮਈ ਜੀਵਨ ਦੌਰਾਨ ਸਰਕਾਰ ਨਾਲ ਟੱਕਰ ਲੈਂਦਿਆਂ ਉਨ੍ਹਾਂ ਤੇ ਕਈ ਵਾਰ ਇਰਾਦਾ ਕਤਲ ਦੇ ਕੇਸ ਦਰਜ ਹੋਏ ਅਤੇ ਉਨ੍ਹਾਂ ਨੂੰ ਜੇਲ੍ਹ ਵਿੱਚ ਡੱਕਿਆ ਗਿਆ ਪਰ ਸਾਡਾ ਇਹ ਸਾਥੀ ਬਿਨਾਂ ਕਿਸੇ ਲਾਲਚ ਜਾਂ ਡਰ ਦੇ ਬੇਖੌਫ ਆਪਣੇ ਮੋਰਚੇ ਤੇ ਡਟਿਆ ਰਿਹਾ। ਸ੍ਰੀ ਓਮ ਪ੍ਰਕਾਸ਼ ਇਕੱਲੇ ਬਿਜਲੀ ਮੁਲਾਜ਼ਮਾਂ ਦੇ ਸੂਬਾ ਪੱਧਰੀ ਚੋਟੀ ਦੇ ਆਗੂਆਂ ਵਿੱਚ ਹੀ ਨਹੀਂ ਗਿਣੇ ਜਾਂਦੇ ਸਨ ਬਲਕਿ ਇਨਕਲਾਬੀ ਜਮਹੂਰੀ ਲਹਿਰ ਦੇ ਵਿੱਚ ਵੀ ਉਨ੍ਹਾਂ ਦਾ ਉੱਘਾ ਯੋਗਦਾਨ ਰਿਹਾ ਹੈ। ਡਾਕਟਰ ਅਜੀਤ ਪਾਲ ਸਿੰਘ ਨੇ ਕਿਹਾ ਕਿ ਜਿਸ ਦਿਨ ਸ੍ਰੀ ਓਮ ਪ੍ਰਕਾਸ਼ ਨੂੰ ਦਿਲ ਦਾ ਦੌਰਾ ਪਿਆ ਤਾਂ ਉਦੋਂ ਉਹ ਟਰੇਡ ਯੂਨੀਅਨ ਦੀ ਇਕ ਕੌਮੀ ਪੱਧਰ ਦੀ ਕਾਨਫਰੰਸ ਵਿੱਚ ਚੇਨਈ ਜਾਣ ਲੱਗੇ ਸਨ ਕਿ ਬੇਵਕਤੀ ਮੌਤ ਨੇ ਉਨ੍ਹਾਂ ਨੂੰ ਆ ਘੇਰਿਆ ਤੇ ਸਾਥੀ ਸਾਥੋਂ ਸਦਾ ਲਈ ਵਿੱਛੜ ਗਿਆ। ਇਸ ਵਿਛੜੇ ਸਾਥੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ 29 ਜੂਨ ਸ਼ੁੱਕਰਵਾਰ ਨੂੰ ਗਿਆਰਾਂ ਵਜੇ ਦੇ ਕਰੀਬ ਅਰੋਮਾ ਪੈਲੇਸ, ਪ੍ਰਤਾਪ ਨਗਰ ਦੀ ਗਲੀ 22 ਵਿੱਚ ਰੱਖਿਆ ਗਿਆ ਹੈ। ਸ਼ਰਧਾਂਜਲੀ ਸਮਾਗਮ ਵਿੱਚ ਜਮਹੂਰੀ ਅਧਿਕਾਰ ਸਭਾ ਤੋਂ ਇਲਾਵਾ ਟਰੇਡ ਯੂਨੀਅਨ ਖਾਸ ਕਰਕੇ ਬਿਜਲੀ ਮੁਲਾਜ਼ਮਾਂ (ਟੀ ਐਸ ਯੂ) ਦੇ ਉੱਘੇ ਸੂਬਾਈ ਆਗੂ, ਲੋਕ ਸੰਗਰਾਮ ਮੰਚ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਔਰਤ ਜਥੇਬੰਦੀਆ ਦੇ ਆਗੂ ਅਤੇ ਵਰਕਰ ਵੱਡੀ ਗਿਣਤੀ ਵਿਚ ਪਹੁੰਚਣਗੇ।



## ਪੋਸਟ ਮੈਟ੍ਰਿਕ ਸਕਾਲਰਸ਼ਿਪ ਯੋਜਨਾ

# ਦਲਿਤ ਵਿਦਿਆਰਥੀਆਂ ਨੂੰ ਸਿੱਖਿਆ ਸੰਸਥਾਵਾਂ ਵਿਚ ਮੁਫਤ ਦਾਖਲਾ ਮਿਲਦਾ ਰਹੇਗਾ

**ਜਲੰਧਰ (ਬਿਊਰੋ)–** ਕੇਂਦਰ ਸਰਕਾਰ ਦੀ ਗਰਾਂਟ ਵਾਲੀ ਪੋਸਟ ਮੈਟ੍ਰਿਕ ਸਕ-ਾਲਰਸ਼ਿਪ ਸਕੀਮ ਦੇ ਤਹਿਤ ਅਨੁਸੂਚਿਤ ਜਾਤੀ ਵਰਗ ਦੇ ਵਿਦਿਆਰਥੀਆਂ ਤੋਂ ਸਿੱਖਿਆ ਸੰਸਥਾਵਾਂ ਵਿਚ ਦਾਖਲਾ ਦਿੰਦੇ ਵਕਤ ਹੁਣ ਕੋਈ ਫੀਸ ਨਹੀ ਲੈ ਸਕਣਗੇ। ਇਸਤੋਂ ਇਲਾਵਾ ਇਸ ਯੋਜਨਾਂ ਦੇ ਤਹਿਤ ਪੰਜਾਬ ਦੀਆਂ ਵੱਖ-ਵੱਖ ਸਿੱਖਿਆ ਸੰਸਥਾਵਾਂ ਦੀ ਬਕਾਇਆ 337 ਕਰੋੜ ਦੀ ਰਾਸ਼ੀ ਵੀ ਜਾਰੀ ਕਰ ਦਿੱਤੀ ਗਈ ਹੈ। ਇਹ ਜਾਣਕਾਰੀ ਸੀਫ ਦੇ ਚੇਅਰਮੈਨ ਜੀਵਨ ਸਿੰਘ ਦੁਆਰਾ ਇੱਥੇ ਜਾਰੀ ਪ੍ਰੈਸ ਰਿਲੀਜ਼ ਵਿਚ ਅਨੁਸੂਚਿਤ ਜਾਤੀ ਉਦਮੀ ਸਸ਼ਕਤੀਕਰਨ ਫੋਰਮ (ਚੀਫ) ਨੇ ਦਿੱਤੀ। ਫੋਰਮ ਦੇ ਮੁਖੀ ਅਤੇ ਸਾਬਕਾ ਸੀ. ਪੀ. ਐਸ. ਅਵਿਨਾਸ਼ ਚੰਦਰ ਅਤੇ ਸਲਾਹਕਾਰ ਮਨਜੀਤ ਬਾਲੀ ਨੇ ਇਸ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਫੋਰਮ ਦਾ ਇਕ ਪ੍ਰਤੀਨਿਧੀ ਮੰਡਲ ਇਸ ਵਿਸ਼ੇ ਵਿਚ ਹਾਲ ਹੀ ਵਿਚ ਕੇਂਦਰੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰੀ ਥਾਵਰ ਚੰਦਰ ਗਹਿਲੋਤ ਨੂੰ ਮਿਲਿਆ ਸੀ।



ਪ੍ਰਤੀਨਿਧੀ ਮੰਡਲ ਨਾਲ ਲੰਮੀ ਬੈਠਕ ਤੋਂ ਬਾਅਦ ਉਹਨਾਂ ਨੇ ਉਕਤ ਨਿਰਦੇਸ਼ ਜਾਰੀ ਕੀਤਾ ਹੈ। ਇਸ ਪ੍ਰਤੀਨਿਧੀ ਮੰਡਲ ਵਿਚ ਫੋਰਮਦੇ ਮੁੱਖ ਸਲਾਹਕਾਰ ਅਤੇ ਐਸ. ਸੀ. ਕਮਿਸ਼ਨ ਪੰਜਬ ਦੇ ਸਾਬਕਾ ਚੇਅਰਮੈਨ ਰਾਜੇਸ਼ ਬਾਘਾ, ਸਲਾਹਕਾਰ ਮਨਜੀਤ ਬਾਲੀ, ਫੋਰਮ ਦੇ ਮੁਖੀ ਅਤੇ ਪੰਜਾਬ ਦੇ ਸਾਬਕਾ ਸੀ. ਪੀ. ਐਸ. ਅਵਿਨਾਸ਼ ਚੰਦਰ, ਜਨਰਲ ਸਕੱਤਰ ਭੁਪਿੰਦਰ ਕੁਮਾਰ, ਸੂਰਜ ਭਾਨ ਕਟਾਰੀਆ ਅਤੇ ਕੁਮਾਰੀ ਵਿਸ਼ਾਖਾ ਸ਼ਾਮਲ ਸਨ। ਜਦਕਿ ਮੰਤਰਾਲੇ ਦੇ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਨੇ ਪੂਲ ਦੀ ਭੂਮਿਕਾ ਅਦਾ ਕੀਤੀ।

# ਪਰਵਾਸੀਆਂ ਲਈ ਮੁੰਬਈ ਸਭ ਤੋਂ ਮਹਿੰਗਾ ਸ਼ਹਿਰ

**ਨਿਊ ਯਾਰਕ–** ਭਾਰਤ ਵਿੱਚ ਰਹਿ ਰਹੇ ਪਰਵਾਸੀ ਲੋਕਾਂ ਲਈ ਮੁੰਬਈ ਸਭ ਤੋਂ ਮਹਿੰਗਾ ਸ਼ਹਿਰ ਹੈ। ਉਂਜ ਜੇਕਰ ਆਲਮੀ ਪੱਧਰ ’ਤੇ ਖਾਣ ਪੀਣ ਤੇ ਰਹਿਣ ਦੀ ਗੱਲ ਕਰੀਏ ਤਾਂ ਮਹਿੰਗੇ ਸ਼ਹਿਰਾਂ ਦੀ ਸੂਚੀ ਹਾਂਗਕਾਂਗ ਸਿਖਰ ’ਤੇ ਹੈ। ਇਹ ਦਾਅਵਾ ਆਲਮੀ ਸਲਾਹਕਾਰ ਫਰਮ ਕੌਸਟ ਆਫ ਲਿਵਿੰਗ ਵੱਲੋਂ ਕੀਤੇ ਇਕ ਸਰਵੇਖਣ ’ਚ ਕੀਤਾ ਗਿਆ ਹੈ। ਮੁੰਬਈ ਨੇ ਇਸ ਸੂਚੀ ਵਿੱਚ ਦੋ ਸਥਾਨਾਂ ਦੀ ਉਡਾਰੀ ਨਾਲ 55ਵੇਂ ਨੰਬਰ ’ਤੇ ਹੈ। ਭਾਰਤ ਦੀ ਕਾਰੋਬਾਰੀ ਰਾਜਧਾਨੀ ਕਹੇ ਜਾਂਦੇ ਮੁੰਬਈ ਨੇ ਇਸ ਸੱਜਰੀ ਦਰਜਾਬੰਦੀ ਨਾਲ ਵਿਸ਼ਵ ਦੇ ਕਈ ਮਕਬੂਲ ਸ਼ਹਿਰਾਂ ਜਿਵੇਂ ਮੈਲਬਰਨ (58), ਫਰੈਂਕਫਰਟ



(68), ਬਿਊਨਸ ਆਇਰਸ (76), ਸਟਾਕਹੋਮ(89) ਤੇ ਐਟਲਾਂਟਾ ਨੂੰ ਪਿੱਛੇ ਧੱਕਿਆ ਹੈ। ਨਿਊ ਯਾਰਕ ਅਧਾਰਿਤ ਸਿਹਤ, ਸੰਪਤੀ ਤੇ ਕਰੀਅਰ ਦੇ ਖੇਤਰ ਵਿੱਚ ਗਲੋਬਲ ਸਲਾਹਕਾਰ ਫਰਮ ਵੱਲੋਂ ਕੀਤੇ ਸਰਵੇ ਮੁਤਾਬਕ ਇਸ ਸੂਚੀ ਵਿੱਚ ਨਵੀਂ ਦਿੱਲੀ ਨੂੰ 103ਵਾਂ, ਬੰਗਲੌਰ 170, ਚੇਨੱਈ 144 ਤੇ ਕੋਲਕਾਤਾ 182 ਵੀਂ ਪਾਇਦਾਨ ’ਤੇ ਰੱਖਿਆ ਗਿਆ ਹੈ। ਸਰਵੇ ਰਿਪੋਰਟ ਮੁਤਾਬਕ ਇਸ ਸੂਚੀ ਵਿੱਚ ਜਿੱਥੇ ਮੈਲਬਰਨ ਤੇ ਬਿਊਨਸ ਆਇਰਸ ਵਰਗੇ ਸ਼ਹਿਰਾਂ ਦੀ ਦਰਜਾਬੰਦੀ ’ਚ ਨਿਘਾਰ ਆਇਆ ਹੈ, ਉਥੇ ਖੁਰਾਕ, ਸ਼ਰਾਬ ਤੇ ਘਰੇਲੂ ਸਪਲਾਈ ਦੀ ਕੀਮਤਾਂ ’ਚ ਆਏ ਉਛਾਲ ਨਾਲ ਮੁੰਬਈ ਨੇ ਦਰਜਾਬੰਦੀ ਵਿੱਚ ਵੱਡੀ ਪੁਲਾਂਘ ਪੁੱਟੀ ਹੈ।

# ਠੇਕਾ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਵੱਲੋਂ 28 ਜੂਨ ਨੂੰ ਕੈਬਿਨਟ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਘਰ ਕੀਤਾ ਜਾਵੇਗਾ ਦੂਜਾ ਮਸ਼ਾਲ ਮਾਰਚ

**ਲੁਧਿਆਣਾ (ਬਿਊਰੋ)–** ਕਾਂਗਰਸ ਵੱਲੋਂ ਚੋਣਾਂ ਤੋਂ ਪਹਿਲਾਂ ਤੇ ਸਰਕਾਰ ਬਨਣ ਤੋਂ ਬਾਅਦ ਕੀਤੇ ਵਾਅਦੇ ਲਾਰਿਆ ਵਿਚ ਬਦਲਦੇ ਦੇਖ ਮੁਲਾਜ਼ਮਾਂ ਵੱਲੋਂ ਸਰਕਾਰ ਨੂੰ ਵਾਅਦੇ ਯਾਦ ਕਰਵਾਉਣ ਲਈ ਮੰਤਰੀਆ ਦੇ ਘਰ ਵੱਲ ਨੂੰ 15 ਜੂਨ ਤੋਂ ਮਸ਼ਾਲ ਮਾਰਚ ਦੀ ਸ਼ੁਰੂਆਤ ਕਰ ਦਿੱਤੀ ਹੈ। ਕਾਂਗਰਸ ਵੱਲੋਂ ਚੋਣਾਂ ਤੋਂ ਪਹਿਲਾਂ ਅਤੇ ਸਰਕਾਰ ਬਨਣ ਉਪਰੰਤ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਸੁਵਿਧਾ ਮੁਲਾਜ਼ਮਾਂ ਨੂੰ ਬਹਾਲ ਕਰਨ ਅਤੇ ਕਈ ਹੋਰ ਮੁਲਾਜ਼ਮ ਮੰਗਾਂ ਦਾ ਹੱਲ ਕਰਨ ਦੇ ਵਾਅਦੇ ਕੀਤੇ ਸੀ ਪਰ ਹੁਣ ਸਰਕਾਰ ਨੇ ਇਕ ਸਾਲ ਤੋਂ ਉਪਰ ਦਾ ਸਮਾਂ ਬੀਤ ਜਾਣ ਤੇ ਮੁੱਖ ਮੰਤਰੀ ਵੱਲੋਂ ਮੁਲਾਜ਼ਮਾਂ ਨਾਲ ਇਕ ਵਾਰ ਵੀ ਮੀਟਿੰਗ ਨਹੀ ਕੀਤੀ। ਇਸ ਲਈ ਮੁਲਾਜ਼ਮਾਂ ਵੱਲੋਂ ਕੀਤੇ ਫੈਸਲੇ ਅਨੁਸਾਰ ਹੁਣ ਮੁਲਾਜ਼ਮ ਲੜੀਵਾਰ ਕੈਬਿਨਟ ਮੰਤਰੀਆ ਦੇ ਘਰ ਵੱਲ ਨੂੰ ਮਸ਼ਾਲ ਮਾਰਚ ਕਰ ਰਹੇ ਹਨ ਤੇ ਮੁਲਾਜ਼ਮਾਂ ਵੱਲੋਂ ਦੂਜਾ ਮਸ਼ਾਲ ਮਾਰਚ 28 ਜੂਨ ਨੂੰ ਕੈਬਿਨਟ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਘਰ ਵੱਲ ਨੂੰ ਕਰਨ ਦਾ ਐਲਾਨ ਕਰ ਦਿੱਤਾ ਹੈ। ਪ੍ਰੈਸ ਨੂੰ ਜ਼ਾਣਕਾਰੀ ਦਿੰਦੇ ਹੋਏ ਠੇਕਾ ਮੁਲਾਜ਼ਮ ਐਕਸ਼ਨ ਕਮੇਟੀ ਦੇ ਆਗੂ ਸੱਜਣ ਸਿੰਘ, ਇਮਰਾਨ ਭੱਟੀ, ਅਸ਼ੀਸ਼ ਜੁਲਾਹਾ, ਅਮ੍ਰਿੰਤਪਾਲ ਸਿੰਘ, ਰਣਜੀਤ ਸਿੰਘ ਰਾਣਵਾਂ, ਪ੍ਰਵੀਨ ਸ਼ਰਮਾ, ਰਜਿੰਦਰ ਸਿੰਘ ਸੰਧਾ, ਸੱਤਪਾਲ ਸਿੰਘ, ਰਾਕੇਸ਼ ਕੁਮਾਰ, ਨੇ ਕਿਹਾ ਕਿ ਸਰਕਾਰ ਮੁਲਾਜ਼ਮ ਮੰਗਾਂ ਕਰਨ ਤੋਂ ਭੱਜਣ ਲੱਗ ਗਈ ਹੈ। ਆਗੂਆ ਨੇ ਕਿਹਾ ਕਿ 22 ਮਈ ਨੂੰ ਕੈਬਿਨਟ ਸਬ ਕਮੇਟੀ ਵੱਲੋਂ ਮੁਲਾਜ਼ਮਾਂ ਨਾਲ ਪੰਜਾਬ ਭਵਨ ਚੰਡੀਗੜ ਵਿਚ ਮੀਟਿੰਗ ਦੋਰਾਨ ਕੀਤੇ ਵਾਅਦੇ ਵੀ ਵਫਾ ਨਹੀ ਹੋਏ ਹਨ। ਆਗੂਆ ਨੇ ਦੱਸਿਆ ਕਿ ਸ਼ਾਹਕੋਟ ਚੋਣਾਂ ਦੋਰਾਨ ਸਰਕਾਰ ਵੱਲੋਂ ਮੁਲਾਜ਼ਮ ਮੰਗਾਂ ਤੇ ਗੱਲਬਾਤ ਕਰਨ ਲਈ ਕੈਬਿਨਟ ਮੰਤਰੀ ਬ੍ਰਹਮ ਮਹਿੰਦਰਾ ਦੀ ਪ੍ਰਧਾਨਗੀ 'ਚ ਤਿੰਨ ਮੰਤਰੀਆ ਦੀ ਕੈਬਿਨਟ ਸਬ ਕਮੇਟੀ ਦਾ ਗਠਨ ਕੀਤਾ ਗਿਆ ਸੀ ਜਿਸ ਵੱਲੋਂ 22 ਮਈ ਨੂੰ ਪੰਜਾਬ ਭਵਨ ਵਿਖੇ ਮੁਲਾਜ਼ਮ ਮੰਗਾਂ ਤੇ ਗੱਲਬਾਤ ਕੀਤੀ ਸੀ ਤੇ ਮੁਲਾਜ਼ਮਾਂ ਦੀਆ ਮੰਗਾਂ ਤੇ ਵਿਚਾਰ ਕਰਕੇ ਚੋਣਾਂ ਤੋਂ ਤੁਰੰਤ ਬਾਅਦ ਮੁੱਖ ਮੰਤਰੀ ਨਾਲ ਪੈਨਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਸੀ ਪਰ ਅੱਜ ਤੱਕ ਮੀਟਿੰਗ ਦਾ ਕੋਈ ਸੱਦਾ ਨਹੀ ਦਿੱਤਾ ਗਿਆ।

22 ਮਈ ਦੀ ਮੀਟਿੰਗ ਦੋਰਾਨ ਸਰਕਾਰ ਵੱਲੋਂ ਵਿਧਾਨ ਸਭਾ ਵਿਚ ਪਾਸ ਕੀਤੇ ਰੈਗੁਲਾਈਜੇਸ਼ਨ ਐਕਟ 2016 ਵਿਚ ਸੋਧ ਕਰਨ ਦੇ ਸੰਕੇਤ ਦਿੱਤੇ ਸੀ ਪਰ ਮੁਲਾਜ਼ਮ ਆਗੂਆ ਨੇ ਮੀਟਿੰਗ ਦੋਰਾਨ ਸਪੱਸ਼ਟ ਕਿਹਾ ਸੀ ਕਿ ਐਕਟ ਵਿਚ ਮੁਲਾਜ਼ਮ ਵਿਰੋਧੀ ਸੋਧ ਬਰਦਾਸ਼ਤ ਨਹੀ ਹੋਵੇਗੀ ਕਿਉਕਿ ਐਕਟ ਮੁਲਾਜ਼ਮਾਂ ਵੱਲੋਂ ਕੀਤੇ ਸੰਘਰਸ਼ ਅਤੇ ਸਰਕਾਰ ਨੂੰ ਦਿੱਤੇ ਮੰਗ ਪੱਤਰ ਤੋਂ ਬਣਿਆ ਹੈ।

ਆਗੂਆ ਨੇ ਕਿਹਾ ਕਿ ਵਿਧਾਨ ਸਭਾ ਵੱਲੋਂ ਪਾਸ ਕੀਤੇ ਐਕਟ ਅਨੁਸਾਰ ਮੁਲਾਜ਼ਮਾਂ ਨੂੰ ਪਕੱਾ ਕਰਨ ਤੇ ਸਰਕਾਰ ਤੇ ਕੋਈ ਵਾਧੂ ਵਿੱਤੀ ਬੋਝ ਨਹੀ ਪਵੇਗਾ ਕਿਉਕਿ ਤਿੰਨ ਸਾਲ ਤੱਕ ਮੁਲਾਜ਼ਮਾਂ ਨੂੰ ਕੋਈ ਵਾਧੂ ਤਨਖਾਹ ਨਹੀ ਦਿੱਤੀ ਜਾਣੀ।ਇਸ ਦੇ ਨਾਲ ਹੀ ਸੁਵਿਧਾ ਮੁਲਾਜ਼ਮਾਂ ਨੂੰ ਬਹਾਲ ਕਰਨ ਦੀ ਗੱਲ ਕਹੀ ਸੀ ਜਿਸ ਤੇ ਕਮੇਟੀ ਵੱਲੋਂ ਕਿਹਾ ਗਿਆ ਸੀ ਕਿ ਇਸ ਮਾਮਲੇ ਤੇ ਹਮਦਰਦੀ ਨਾਲ ਵਿਚਾਰ ਕੀਤਾ ਜਾ ਰਿਹਾ ਅਤੇ ਜਲਦ ਹੀ ਫੈਸਲਾ ਲਿਆ ਜਾਵੇਗਾ ਪਰ ਹੁਣ ਤੱਕ ਸਰਕਾਰ ਨੇ ਮੁਲਾਜ਼ਮ ਮੰਗਾਂ ਤੇ ਕੋਈ ਫੈਸਲਾ ਨਹੀ ਲਿਆ।

ਆਗੂਆ ਨੇ ਦੱਸਿਆ ਕਿ ਕਿ ਮਿਤੀ 15 ਜੂਨ ਨੂੰ ਪਟਿਆਲਾ ਵਿਖੇ ਪਹਿਲਾਂ ਮਸ਼ਾਲ ਮਾਰਚ ਕੈਬਿਨਟ ਮੰਤਰੀ ਬ੍ਰਹਮ ਮਹਿੰਦਰਾਂ ਦੇ ਘਰ ਵੱਲ ਕੀਤਾ ਗਿਆ ਸੀ ਜਿਸ ਦੋਰਾਨ ਪਟਿਆਲਾ ਪ੍ਰਸਾਸ਼ਨ ਵੱਲੋਂ ਮੰਤਰੀ ਨਾਲ ਮੀਟਿੰਗ ਦਾ ਸਮਾਂ ਦਿੱਤਾ ਸੀ ਪਰ ਮੰਤਰੀ ਸਾਹਿਬ ਮੁਲਾਜ਼ਮਾਂ ਨਾਲ ਮੀਟਿੰਗ ਕਰਨ ਤੋਂ ਵੀ ਮੁਕਰ ਗਏ। ਆਗੂਆ ਨੇ ਕਿਹਾ ਕਿ ਇਹ ਮਸ਼ਾਲ ਮਾਰਚ ਉਦੋ ਤੱਕ ਜ਼ਾਰੀ ਰਹਿਣਗੇ ਜਸ ਤੱਕ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਨਹੀਂ ਲਾਗੂ ਕਰਦੀ।





FARMERS INSURANCE

Auto, Home, Business, Commercial, Rental, Workecomp, Life, Health etc.

Manjit Kaur Insurance Agency

Email: mkaur@farmersagent.com

Cell: 916-412-5222
Tel: 916-550-0318
Fax: 916-891-5109

COVERED CALIFORNIA

7651 Daly Ave, Suite Sacramento CA 95842

Buying, Selling any Kind of Real Estate or just need friendly advice call

RE/MAX

DALVIR 'DIL' NIJJAR

916-628-2210

Dil.realtor@gmail.com

2081 Arena Blvd. @ 100 Sacramento CA 95835



Realtor, Lic # 01418648

A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

## ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ

# ਮਾਰਕਸੀ ਦਰਸ਼ਨ ਹੀ ਹੈ ਲੋਕ-ਮੁਕਤੀ ਦਾ ਮਾਰਗ-ਦਰਸ਼ਕ: ਡਾ. ਪਰਮਿੰਦਰ

**ਜਲੰਧਰ (ਬਿਊਰੋ)–** ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ, ਜੋਸ਼-ਖਰੋਸ਼ ਨਾਲ ਸ਼ੁਰੂ ਹੋਇਆ। ਚੇਤਨਾ ਕੈਂਪ, ਦੁਨੀਆਂ ਦੇ ਮਹਾਨ ਦਾਰਸ਼ਨਿਕ ਕਾਰਲ ਮਾਰਕਸ ਦੀ ਦੋ ਸੌ ਸਾਲਾਂ (1818-2018) ਜਨਮ ਵਰ੍ਹੇ ਗੰਢ ਨੂੰ ਸਮਰਪਤ ਕੀਤਾ ਗਿਆ। ਉਨ੍ਹਾਂ ਦੇ ਨਾਲ ਹੀ ਇਸ ਕੈਂਪ 'ਚ ਉਚੇਚੇ ਤੌਰ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ, ਸਾਬਕਾ ਜਨਰਲ ਸਕੱਤਰ ਗੰਧਰਵ ਸੈਨ ਕੋਛੜ ਨੂੰ ਵੀ ਸਿਜਦਾ ਕੀਤਾ ਗਿਆ।

ਸਿਖਿਆਰਥੀ ਚੇਤਨਾ ਕੈਂਪ ਦੇ ਉਦਘਾਟਨੀ ਸਮਾਗਮ ਸਮੇਂ ਸ਼ਮ੍ਹਾ ਰੌਸ਼ਨ ਕਰਨ ਦੀ ਰਸਮ, ਕਾਮਰੇਡ ਗੰਧਰਵ ਸੈਨ ਕੋਛੜ ਦੀ ਧੀ, ਇਨਕਲਾਬੀ ਸੰਗਰਾਮਣ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਨੇ ਕੀਤੀ। ਉਹਨਾਂ ਦੇ ਨਾਲ ਕਮੇਟੀ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ, ਖਜ਼ਾਨਚੀ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਸੀਤਲ ਸਿੰਘ ਸੰਘਾ, ਚਰੰਜੀ ਲਾਲ ਕੰਗਣੀਵਾਲ, ਮੰਗਤ ਰਾਮ ਪਾਸਲਾ, ਜਗਰੂਪ, ਹਰਬੀਰ ਕੌਰ ਬੰਨੋਆਣਾ, ਬਲਬੀਰ ਕੌਰ ਬੁੰਡਾਲਾ, ਮਨਜੀਤ ਸਿੰਘ ਅਤੇ ਦੇਵ ਰਾਜ ਨਯੀਅਰ ਵੀ ਸ਼ਮ੍ਹਾ ਰੌਸ਼ਨ ਸਮੇਂ ਹਾਜ਼ਰ ਸਨ।

ਸ਼ਮ੍ਹਾ ਰੌਸ਼ਨ ਕਰਨ ਮੌਕੇ ਕੈਂਪ ਨੂੰ ਸੰਬੋਧਨ ਕਰਦਿਆਂ ਸੁਰਿੰਦਰ ਕੁਮਾਰੀ ਕੋਛੜ ਨੇ ਕਿਹਾ ਕਿ ਸਿਖਿਆਰਥੀਆਂ ਸਾਹਮਣੇ ਬਹੁਤ ਹੀ ਚੁਣੌਤੀ ਭਰੀਆਂ ਹਾਲਤਾਂ ਦਰਪੇਸ਼ ਹਨ। ਇਹਨਾਂ ਗੰਭੀਰ ਹਾਲਤਾਂ ਨੂੰ ਬਦਲਕੇ ਨਵਾਂ-ਨਰੋਆ, ਲੁੱਟ ਅਤੇ ਜ਼ਬਰ ਰਹਿਤ, ਜਮਹੂਰੀ, ਖੁਸ਼ਹਾਲ, ਬਰਾਬਰੀ ਅਤੇ ਨਿਆਂ ਭਰਿਆ ਸਮਾਜ ਸਿਰਜਣ ਲਈ ਤੁਸੀਂ ਸਮੇਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਸੁਆਲ ਕਰਨ ਅਤੇ ਸੰਗਰਾਮ ਕਰਨ ਦਾ ਪਰਚਮ ਉਠਾਉਣ ਲਈ ਅੱਗੇ ਆਓ।

ਇਸ ਮੌਕੇ ਮੰਚ ਸੰਚਾਲਕ ਅਮੋਲਕ ਸਿੰਘ ਨੇ ਬਲਬੀਰ ਪਰਵਾਨਾ ਦੀ ਨਜ਼ਮ 'ਮਾਰਕਸਵਾਦ: ਜ਼ਿੰਦਾਬਾਦ' ਅਤੇ ਕਾਰਲ ਮਾਰਕਸ ਦੀ ਨਜ਼ਮ 'ਜ਼ਿੰਦਗੀ ਦਾ ਮਕਸਦ' ਪੇਸ਼ ਕਰਦਿਆਂ ਸਿਖਿਆਰਥੀਆਂ ਨੂੰ ਮਾਰਕਸੀ ਦਰਸ਼ਨ ਅਤੇ ਜ਼ਿੰਦਗੀ ਦੀ ਅਟਲ ਹਕੀਕਤ ਦੇ ਰੂਬਰੂ ਕੀਤਾ ਅਤੇ ਕਵਿਤਾ ਦੀ ਸ਼ਕਤੀ ਬਾਰੇ ਦੱਸਿਆ। ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਅਤੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਆਪਣੇ ਸੰਬੋਧਨ 'ਚ ਜ਼ੋਰ ਦੇ ਕੇ ਕਿਹਾ ਕਿ ਦਰਸ਼ਨ, ਇਤਿਹਾਸ, ਸਾਹਿਤ, ਸਭਿਆਚਾਰ



ਨੂੰ ਸਮਝਦਿਆਂ ਨਵਾਂ ਮਨੁੱਖ ਪੈਦਾ ਕਰਨ ਦੇ ਉਦੇਸ਼ ਨਾਲ ਸਿਖਿਆਰਥੀ ਚੇਤਨਾ ਕੈਂਪ ਲਾਇਆ ਜਾਂਦਾ ਹੈ। ਉਹਨਾਂ ਆਸ ਪ੍ਰਗਟ ਕੀਤੀ ਕਿ ਸਿਖਿਆਰਥੀ ਆਪਣੇ ਮਿਹਨਤਕਸ਼ ਸਮਾਜ ਦੀ ਮੁਕਤ ਦੇ ਮਾਰਗ ਨੂੰ ਸਮਝਣ ਲਈ ਕੈਂਪ 'ਚੋਂ ਬਹੁਤ ਕੁੱਝ ਹਾਸਲ ਕਰਕੇ ਜਾਣਗੇ, ਜੋ ਕੁਝ ਉਹਨਾਂ ਨੂੰ ਪਰੰਪਰਾਗਤ ਅਕਾਦਮਿਕ ਅਦਾਰਿਆਂ 'ਚੋਂ ਨਹੀਂ ਮਿਲ ਸਕਦਾ।

ਉਦਘਾਟਨੀ ਦਿਨ ਦੇ ਮੁੱਖ ਬੁਲਾਰੇ, ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਨੇ 'ਮਾਰਕਸਵਾਦ: ਦਰਸ਼ਨ ਅਤੇ ਵਿਧੀ' ਵਿਸ਼ੇ ਉਪਰ ਬੋਲਦਿਆਂ ਕਿਹਾ ਕਿ ਜਿੰਨੀ ਮਨੁੱਖ ਨੇ ਵਿਚਾਰਾਂ ਅਤੇ ਵਿਗਿਆਨ ਦੇ ਪੱਧਰ 'ਤੇ ਤਰੱਕੀ ਕੀਤੀ ਹੈ ਅਸੀਂ ਮਨੁੱਖੀ ਤਰੱਕੀ ਨਾਲ ਇਸਦੇ ਅੰਤਰ-ਸਬੰਧ ਨੂੰ ਸਮਝਕੇ ਹੀ ਪਦਾਰਥਕ ਜੀਵਨ ਦਾ ਭੇਦ ਪਾ ਸਕਦੇ ਹਾਂ। ਉਹਨਾਂ ਨੇ ਮਾਰਕਸ, ਏਂਗਲਜ਼ ਅਤੇ ਜੈਨੀ ਦੀ ਸੰਘਰਸ਼ ਭਰੀ ਜ਼ਿੰਦਗੀ 'ਤੇ ਚਾਨਣ ਪਾਉਂਦਿਆਂ ਕਿਹਾ ਕਿ ਅਜੋਕੇ ਅਤੇ ਭਵਿੱਖ ਦੇ ਸਮੇਂ ਦਾ ਸਰਵੋਤਮ ਫਲਸਫ਼ਾ ਅੱਜ ਵੀ ਮਾਰਕਸੀ ਦਰਸ਼ਨ ਹੀ ਹੈ।

ਉਹਨਾਂ ਕਿਹਾ ਕਿ ਪਦਾਰਥ ਗਤੀਸ਼ੀਲ ਹੈ। ਮਾਰਕਸੀ ਦਰਸ਼ਨ ਹੀ ਸਾਨੂੰ ਇਹ ਦਰਸਾਉਂਦਾ ਹੈ ਕਿ ਜੋ ਲੁੱਟ, ਜ਼ਬਰ 'ਤੇ ਅਧਾਰਤ ਅੱਜ ਪ੍ਰਬੰਧ ਚੱਲ ਰਿਹਾ ਹੈ, ਇਹ ਸਦੀਵੀ ਨਹੀਂ। ਉਦੋਂ ਤੱਕ ਸੰਗਰਾਮ ਜਾਰੀ ਰਹੇਗਾ ਜਦੋਂ ਤੱਕ ਮਨੁੱਖੀ ਜ਼ਿੰਦਗੀ ਦੀ ਤਰੱਕੀ, ਖੁਸ਼ਹਾਲੀ ਅਤੇ ਸਵੈ-ਮਾਣ ਭਰਿਆ ਨਿਜ਼ਾਮ ਸਿਰਜ ਨਹੀਂ ਲਿਆ ਜਾਂਦਾ। ਇਹ ਵਿਚਾਰਧਾਰਕ ਪਰਪੱਕਤਾ ਅਤੇ ਮਾਰਗ-ਦਰਸ਼ਨ ਦਿੰਦਾ ਹੈ। ਸਾਨੂੰ ਮਾਰਕਸੀ ਦਰਸ਼ਨ ਇਸ ਦੀ ਢੁਕਵੀਂ ਵਿਧੀ ਨੂੰ ਸਮਝਕੇ ਅਤੇ ਲਾਗੂ ਕਰਕੇ ਹੀ ਅਸੀਂ ਨਵਾਂ ਇਤਿਹਾਸ ਸਿਰਜ ਸਕਦੇ ਹਾਂ। ਅਖੀਰ ਵਿੱਚ ਵਿਦਿਆਰਥੀਆਂ ਵਲੋਂ ਸੁਆਲ ਕੀਤੇ ਗਏ, ਜਿਸ ਦਾ ਡਾ. ਪਰਮਿੰਦਰ ਨੇ ਤਸੱਲੀਪੂਰਵਕ ਜਵਾਬ ਦਿੱਤੇ। 23 ਜੂਨ ਸਵੇਰੇ ਸੈਸ਼ਨ ਨੂੰ ਜਗਰੂਪ ਅਤੇ ਸ਼ਾਮ ਸੈਸ਼ਨ ਨੂੰ ਪ੍ਰੋ. ਆਨੰਦ ਤੇਲਤੁੰਬੜੇ ਸੰਬੋਧਨ ਕਰਨਗੇ ਅਤੇ ਸ਼ਾਮ ਨੂੰ ਪੀਪਲਜ਼ ਵਾਇਸ ਵੱਲੋਂ 'ਦੀ ਵਰਡ ਬੀਫੋਰ ਹਰ' (ਨਿਸ਼ਾ ਪਖੂਜਾ), ਗੌਰੀ ਲੰਕੇਸ਼ (ਜ਼ਫ਼ਰ ਸਾਦਿਕ) ਫ਼ਿਲਮਾਂ ਵਿਖਾਈਆਂ ਜਾਣਗੀਆਂ।

# ਸਮਾਜ ਦੇ ਗੰਭੀਰ ਸਿਖਿਆਰਥੀ ਬਣਨ ਦੇ ਅਹਿਦ ਨਾਲ ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ ਸਮਾਪਤ

## ਮੰਗਤ ਰਾਮ ਪਾਸਲਾ, ਰਾਜਿੰਦਰ ਸਿੰਘ ਅਤੇ ਡਾ. ਸ਼ਿਆਮ ਸੁੰਦਰ ਦੀਪਤੀ ਨੇ ਕੀਤਾ ਸੰਬੋਧਨ

**ਜਲੰਧਰ (ਬਿਊਰੋ)–** ਦੇਸ਼ ਭਗਤ ਯਾਦਗਾਰ ਹਾਲ 'ਚ ਲੱਗੇ ਸਿਖਿਆਰਥੀ ਚੇਤਨਾ ਕੈਂਪ ਦੇ ਤੀਜੇ ਅਤੇ ਅਖੀਰਲੇ ਦਿਨ ਦਾ ਆਗਾਜ਼ ਦੇਸ਼ ਭਗਤ ਯਾਦਗਰ ਕਮੇਟੀ ਦੇ ਮੈਂਬਰ ਮੰਗਤ ਰਾਮ ਪਾਸਲਾ ਨੇ ਕੈਂਪ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਵਿਦਿਆਰਥੀਆਂ ਦਾ ਭਵਿੱਖ ਬਹੁਤ ਹੀ ਚੁਣੌਤੀਆਂ ਭਰਪੂਰ ਹੈ। ਸਿੱਖਿਆ, ਰੁਜ਼ਗਾਰ ਉਪਰ ਤਾਂ ਝਪਟਿਆ ਜਾ ਹੀ ਰਿਹਾ ਇਸ ਤੋਂ ਕਿਤੇ ਵਧ ਕੇ ਸਮੁੱਚੀ ਜ਼ਿੰਦਗੀ ਦੇ ਹਰ ਪਹਿਲੂ ਉਪਰ ਮਾਰੂ ਹੱਲਾ ਬੋਲਿਆ ਜਾ ਰਿਹਾ ਹੈ। ਅਜੋਕੇ ਸਮੇਂ ਦੀ ਲੋੜ, ਹਾਲਾਤ ਦੀ ਵਿਆਖਿਆ ਕਰਨਾ ਹੀ ਨਹੀਂ ਇਸਨੂੰ ਬਦਲਣ ਦੀ ਹੈ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਸਿਧਾਂਤ ਅਤੇ ਅਮਲ ਦਾ ਸੁਮੇਲ ਕਰਕੇ ਇਨਕਲਾਬੀ ਸਮਾਜਕ ਤਬਦੀਲੀ ਦੇ ਲੋਕ-ਸੰਗਰਾਮ 'ਚ ਕੁੱਦਣ ਲਈ ਸਿਖਿਆਰਥੀਆਂ ਨੂੰ ਸਵੈ-ਅਰਪਣ ਕਰਨ ਲਈ ਵੱਡੇ ਫੈਸਲੇ ਲੈਣ ਦੀ ਲੋੜ ਹੈ।

ਚੇਤਨਾ ਕੈਂਪ ਦੇ ਦੂਜੇ ਬੁਲਾਰੇ ਵਿਦਿਆਰਥੀ ਆਗੂ ਰਜਿੰਦਰ ਨੇ ਵਿਸ਼ੇਸ਼ ਤੌਰ 'ਤੇ ਸਿੱਖਿਆ ਦੇ ਨਿੱਜੀਕਰਣ, ਵਪਾਰੀਕਰਣ, ਮੁਨਾਫ਼ਾਮੁਖੀ ਹੋ ਜਾਣ ਦੇ ਵਿਆਪਕ ਸੰਕਟ ਨੂੰ ਖੋਲ੍ਹ ਕੇ ਪੇਸ਼ ਕੀਤਾ। ਮਿਹਨਤਕਸ਼ ਜਮਾਤ ਕੋਲੋਂ ਖੋਹੇ ਜਾ ਰਹੇ ਸਿੱਖਿਆ, ਸਿਹਤ, ਰੁਜ਼ਗਾਰ ਦੇ ਮੌਲਿਕ ਅਧਿਕਾਰਾਂ ਉਪਰ ਰੌਸ਼ਨੀ ਪਾਉਂਦਿਆਂ ਉਹਨਾਂ ਕਿਹਾ ਕਿ ਵਿਦਿਆਰਥੀ ਵਰਗ ਕੋਲ ਹੁਣ ਸੰਘਰਸ਼ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ।

ਉਹਨਾਂ ਕਿਹਾ ਕਿ ਫੀਸਾਂ ਦੇ ਨਿਰੰਤਰ ਵਾਧੇ ਅਤੇ ਅਜੇਹੇ ਹੋਰ ਮੁੱਦਿਆਂ ਉਪਰ ਹੀ ਸਰਗਰ-ਮੀਆਂ ਕਰਦੇ ਰਹਿਣ ਨਾਲ ਕਦੇ ਵੀ ਮਰਜ਼ ਨੂੰ ਜੜ੍ਹੋਂ ਨਹੀਂ ਪੁੱਟਿਆ ਜਾ ਸਕਦਾ। ਇਸ ਲਈ ਫੀਸਾਂ ਆਦਿ ਦੇ ਵਾਧੇ ਖਿਲਾਫ਼ ਲੜਦੇ ਹੋਏ ਬਹੁਤ ਜ਼ਰੂਰੀ ਹੈ ਕਿ ਵਿਦਿਆਰਥੀ ਵਰਗ ਆਪਣੇ ਬੁਨਿਆਦੀ ਅਜੰਡੇ ਵਜੋਂ ਸਮਾਜਕ ਤਬਦੀਲੀ ਕਰਨ ਦਾ ਪਰਚਮ ਲੈ ਕੇ ਵੀ ਮੈਦਾਨ 'ਚ ਨਿੱਤਰੇ। ਤੀਜੇ ਬੁਲਾਰੇ ਡਾ. ਸ਼ਿਆਮ ਸੁੰਦਰ ਦੀਪਤੀ ਨੇ ਮਨੁੱਖੀ ਵਿਕਾਸ, ਗਿਆਨ-ਵਿਗਿਆਨ, ਅਧਿਆਤਮਵਾਦ ਅਤੇ ਮਾਰਕਸਵਾਦ ਆਦਿ ਵਿਸ਼ਿਆ ਉਪਰ ਚਾਨਣਾ ਪਾਇਆ। ਉਹਨਾਂ ਕਿਹਾ ਕਿ ਗੈਬੀ ਸ਼ਕਤੀਆਂ, ਆਤਮਾ ਆਦਿ ਦੇ ਅਨੇਕਾਂ ਤਰ੍ਹਾਂ ਦੇ ਕੂੜ-ਪਸਾਰੇ 'ਚ ਮਨੁੱਖੀ ਜ਼ਿੰਦਗੀ ਨੂੰ ਉੱਚੀ ਪਰਵਾਜ਼ ਭਰਨ ਤੋਂ ਘੇਰ ਕੇ ਰੱਖਿਆ ਹੋਇਆ ਹੈ। ਡਾ. ਸ਼ਿਆਮ ਸੁੰਦਰ ਦੀਪਤੀ ਨੇ ਵਿਗਿਆਨ, ਗੈਰ-ਵਿਗਿਆਨ, ਬਣ ਮਾਨਸ ਤੋਂ ਮਨੁੱਖ ਤੱਕ ਦੇ ਸਫ਼ਰ 'ਚ ਕਿਰਤ ਦੀ ਭੂਮਿਕਾ ਸਬੰਧੀ ਆਏ ਸੁਆਲਾਂ ਦੇ ਵਿਗਿਆਨਕ ਨਜ਼ਰੀਏ ਤੋਂ ਸਾਰਥਕ ਜਵਾਬ ਦਿੱਤੇ। ਚੇਤਨਾ ਕੈਂਪ ਦੇ ਸਿਖਰਲੇ ਪੜਾਅ 'ਤੇ ਸਮੂਹ ਸਿਖਿਆਰਥੀਆਂ ਦਾ ਪ੍ਰਮਾਣ-ਪੱਤਰ ਅਤੇ ਪੁਸਤਕਾਂ ਦੇ ਸੈਟ ਨਾਲ ਸਨਮਾਨ ਕੀਤਾ ਗਿਆ। ਪੁਸਤਕਾਂ ਦਾ ਸੈਟ ਸੁਰਿੰਦਰ ਕੁਮਾਰੀ ਕੋਛੜ ਵੱਲੋਂ ਆਪਣੇ ਪਿਤਾ ਅਤੇ ਸੀਨੀਅਰ ਟਰੱਸਟੀ ਗੰਧਰਵ ਸੈਨ ਕੋਛੜ ਦੀ ਯਾਦ 'ਚ ਭੇਂਟ ਕੀਤਾ ਗਿਆ।



ਡਾ. ਸਰਿਤਾ ਤਿਵਾੜੀ ਅਤੇ ਮੋਹਿਤ ਤਿਵਾੜੀ ਸਿਖਿਆਰਥੀਆਂ ਦੇ ਸਨਮਾਨ ਮੌਕੇ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਨਾਲ ਮੰਚ 'ਤੇ ਸਸ਼ੋਭਿਤ ਸਨ, ਜਿਨ੍ਹਾਂ ਨੇ ਮਰਹੂਮ ਡਾ. ਵੀ.ਕੇ.ਤਿਵਾੜੀ ਦੀ ਯਾਦ 'ਚ ਕੈਂਪ ਦੀ ਆਰਥਕ ਸਹਾਇਤਾ ਕੀਤੀ, ਦਰਸ਼ਨ ਸਿੰਘ ਕਨੇਡੀਅਨ ਦੀ ਯਾਦ 'ਚ ਕਮੇਟੀ ਦੇ ਸੀਨੀਅਰ ਟਰੱਸਟੀ ਨੌਨਿਹਾਲ ਸਿੰਘ ਅਤੇ ਹਰਦੀਪ ਦੂਹੜਾ ਦੀ ਯਾਦ 'ਚ ਜਸਬੀਰ ਕੌਰ ਦੂਹੜਾ ਵੱਲੋਂ ਵੀ ਆਰਥਕ ਮਦਦ ਕੀਤੀ ਗਈ।

ਸਨਮਾਨ ਵੰਡ ਸਮਾਰੋਹ ਮੌਕੇ ਅਜਮੇਰ ਸਿੰਘ, ਕਾਮਰੇਡ ਜਗਰੂਪ, ਚਰੰਜੀ ਲਾਲ ਕੰਗਣੀਵਾਲ, ਦੇਵ ਰਾਜ ਨਯੀਅਰ, ਰਮਿੰਦਰ ਪਟਿਆਲਾ, ਮਨਜੀਤ ਸਿੰਘ, ਬਲਬੀਰ ਕੌਰ ਬੁੰਡਾਲਾ ਹਾਜ਼ਰ ਸਨ।

ਇਸ ਮੌਕੇ ਸੁਰਿੰਦਰ ਕੁਮਾਰੀ ਕੋਛੜ, ਗੁਰਮੀਤ ਸਿੰਘ ਢੱਡਾ, ਡਾ. ਸਰਿਤਾ ਤਿਵਾੜੀ, ਗੁਰਮੀਤ ਸਿੰਘ ਨੇ ਵੀ ਸੰਬੋਧਨ ਕੀਤਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਮੰਚ ਸੰਚਾਲਨ ਕੀਤਾ।

# ਸ੍ਰੋਮਣੀ ਅਕਾਲੀ ਦਲ ਅਮ੍ਰਿੰਤਸਰ ਵੱਲੋਂ ਜਥੇਦਾਰ ਚੀਮਾ ਦੀ ਅਗਵਾਈ 'ਚ ਮਨਾਇਆ ਗਿਆ ਗਤਕਾ ਦਿਵਸ

**ਲੁਧਿਆਣਾ (ਬਿਊਰੋ)–** ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਪੰਜਾਬ ਭਰ ਵਿੱਚ ਹਰ ਸਾਲ ਦੀ ਤਰਾਂ 21 ਜੂਨ ਨੂੰ ਯੋਗਾ ਦੀ ਥਾਂ ਗਤਕਾ ਦਿਵਸ ਮਨਾਇਆ ਗਿਆ। ਜਿਲਾ ਪ੍ਰਧਾਨ ਜੱਥੇਦਾਰ ਜਸਵੰਤ ਸਿੰਘ ਚੀਮਾ ਦੀ ਅਗਵਾਈ ਹੇਠ ਲੁਧਿਆਣਾ ਸ਼ਹਿਰ ਦੇ ਪਾਤਸ਼ਾਹੀ ਪਹਿਲੀ ਸ੍ਰੀ ਗੁਰੂ ਨਾਨਕ ਸਾਹਿਬ ਦੇ ਚਰਨਛੋਹ ਪ੍ਰਾਪਤ ਇਤਿਹਾਸਿਕ ਗੁਰਦੁਆਰਾ ਗਊ ਘਾਟ ਸਾਹਿਬ ਵਿਖੇ ਗਤਕਾ ਦਿਵਸ ਮਨਾਇਆ ਗਿਆ। ਗੁਰਦੁਆਰਾ ਸਾਹਿਬ ਵਿਖੇ ਰਣਜੀਤ ਅਖਾੜਾ ਦੀ ਗਤਕਾ ਟੀਮ ਵੱਲੋਂ ਮੁੱਖੀ ਸੁਖਦੇਵ ਸਿੰਘ ਖਾਲਸਾ ਦੀ ਅਗਵਾਈ ਹੇਠ ਗਤਕੇ ਦੇ ਜੌਹਰ ਵਿਖਾਏ ਗਏ ਜਿਹਨਾਂ ਨੂੰ ਦੇਖ ਕੇ ਸੰਗਤ ਦਾ ਖੂਨ ਖੌਲਣ ਲੱਗ ਪਿਆ। ਸਿੱਖਾਂ ਦੀ ਮਾਰਸ਼ਲ ਖੇਡ ਗਤਕਾ ਦੇਖ ਕੇ ਸੰਗਤ ਨੂੰ ਵਿਸ਼ਵ ਦੀ ਸੱਭ ਤੋਂ ਬਹਾਦਰ ਤੇ ਅਣਖੀ ਕੌਮ ਵਿੱਚ ਪੈਦਾ ਹੋਣ ਤੇ ਮਾਣ ਮਹਿਸੂਸ ਹੋਣ ਲੱਗਾ। ਇਸ ਮੌਕੇ ਜੱਥੇਦਾਰ ਚੀਮਾ ਨੇ ਕਿਹਾ ਕਿ ਜਦੋਂ ਦੀ ਭਗਵਾਂ ਸੋਚ ਦੀ ਧਾਰਨੀ ਮੋਦੀ ਸਰਕਾਰ ਕੇਂਦਰ ਦੀ ਸੱਤਾ ਵਿੱਚ ਆਈ ਹੈ ਉਦੋਂ ਤੋਂ ਹੀ ਇਸਨੇ ਸਿੱਖ ਕੌਮ ਨੂੰ ਨਿਗਲਣ ਨਹੀ ਢੰਗ ਤਰੀਕੇ ਲੱਭਣੇ ਸੂਰੂ ਕਰ ਦਿੱਤੇ ਹਨ ਜਿਹਨਾਂ ਵਿੱਚੋਂ ਯੋਗਾ ਵੀ ਇੱਕ ਹੈ। ਉਹਨਾਂ ਕਿਹਾ ਕਿ ਸਿੱਖ ਕੌਮ ਇੱਕ ਵੱਖਰੀ ਕੌਮ ਹੈ ਪਰ ਇਸ ਨੂੰ ਹਿੰਦੂ ਧਰਮ ਦਾ ਅੰਗ ਸਾਬਿਤ ਕਰਨ ਲਈ ਮੋਦੀ ਸਰਕਾਰ ਦਾ ਜੋਰ ਲੱਗਾ ਹੈ। ਉਹਨਾਂ ਕਿਹਾ ਕਿ ਯੋਗਾ ਨਾਲ ਸਿੱਖ ਕੌਮ ਜਾਂ ਧਰਮ ਦਾ ਕੋਈ



ਵੀ ਸਬੰਧ ਨਹੀ ਪਰ ਸਿੱਖਾਂ ਦੇ ਬਹਾਦਰੀ ਭਰੇ ਗਰਮ ਖੂਨ ਨੂੰ ਠੰਡਾ ਕਰਨ ਲਈ ਇਸ ਨੂੰ ਸਿੱਖਾਂ ਸਿਰ ਜਬਰੀ ਥੋਪਿਆ ਜਾ ਰਿਹਾ ਹੈ ਜਿਸ ਨੂੰ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕਦੇ ਬਰਦਾਸਤ ਨਹੀ ਕਰੇਗਾ। ਮੋਦੀ ਸਰਕਾਰ ਦੀ ਇਸ ਸਾਜਿਸ਼ ਨੂੰ ਬੇਨਕਾਬ ਕਰਕੇ ਫੇਲ ਕਰਨ ਦੇ ਮਕਸਦ ਨਾਲ ਪਾਰਟੀ ਪ੍ਰਧਾਨ ਸ: ਸਿਮਰਨਜੀਤ ਸਿੰਘ ਮਾਨ ਵੱਲੋਂ ਯੋਗਾ ਦੀ ਬਜਾਏ ਪੰਜਾਬ ਭਰ ਵਿੱਚ ਗਤਕਾ ਦਿਵਸ ਮਨਾਉਣ ਤੇ ਜੋਰ ਦਿੱਤਾ ਗਿਆ ਹੈ। ਉਹਨਾਂ ਸਮੁੱਚੇ ਪੰਥ ਨੂੰ ਯੋਗਾ ਦੀ ਬਜਾਏ ਗਤਕਾ ਖੇਡਣ ਲਈ ਪ੍ਰੇਰਤ ਕੀਤਾ ਹੈ। ਉਹਨਾਂ ਦੇ ਆਦੇਸ਼ਾਂ ਦੇ ਪਹਿਰਾ ਦੇ ਕੇ ਅਸੀ ਹਰ ਸਾਲ ਦੀ ਤਰਾਂ ਇਸ ਸਾਲ ਵੀ 21 ਜੂਨ ਨੂੰ ਯੋਗਾ ਦਿਵਸ ਦੀ ਥਾਂ ਤੇ ਗਤਕਾ ਦਿਵਸ ਮਨਾਇਆ ਹੈ। ਉਹਨਾਂ ਮੋਦੀ ਸਰਕਾਰ ਨੂੰ ਸਵਾਲ ਕੀਤਾ ਕਿ ਉਹ ਇਤਿਹਾਸ ਦੇ ਪੰਨੇ ਫਰੋਲ ਕੇ ਦੱਸਣ ਤਾਂ ਸਹੀ ਕਿ ਯੋਗਾ ਰਾਹੀਂ ਕਿਹੜੀ ਜੰਗ ਜਿੱਤੀ ਹੈ ਜਾਂ ਹੋਰ ਕੋਈ ਮਾਰਕਾ ਮਾਰਿਆ ਹੈ। ਇਤਿਹਾਸ ਗਵਾਹ ਹੈ ਕਿ ਯੋਗਾ ਦੀ ਦੁਹ-ਾਈ ਦੇਣ ਵਾਲਿਆਂ ਦੇ ਪੁਰਖੇ ਮੁੱਠੀ ਭਰ ਹਮਲਾਵਰਾਂ ਤੋਂ ਹਾਰਦੇ ਅਤੇ ਬੇਪੱਤ ਹੁੰਦੇ ਰਹੇ ਹਨ ਜਦਕਿ ਗਤਕਾ ਖੇਡਣ ਵਾਲੇ ਖਾਲਸੇ ਮੁੱਠੀ ਭਰ ਹੋ ਕੇ ਵੀ ਲੱਖਾਂ ਦੀ ਗਿਣਤੀ ਵਾਲੀਆਂ ਅਜੇਤੂ ਫੌਜਾਂ ਨੂੰ ਭਾਜੜਾ ਪਵਾਉਂਦੇ ਰਹੇ ਹਨ। ਉਹਨਾਂ ਮੋਦੀ ਸਰਕਾਰ ਨੂੰ ਕਿਹਾ ਕਿ ਯੋਧੇ ਪੈਦਾ ਕਰਨ ਲਈ 21 ਜੂਨ ਨੂੰ ਯੋਗਾ ਦਾ ਡਰਾਮਾ ਬੰਦ ਕਰਕੇ ਪੂਰੇ ਦੇਸ਼ ਵਿੱਚ ਗਤਕਾ ਦਿਵਸ ਮਨਾਇਆ ਜਾਵੇ। ਜੱਥੇਦਾਰ ਚੀਮਾ ਵੱਲੋਂ ਗਤਕਾ ਟੀਮ ਦੇ ਸਾਰੇ ਮੈਂਬਰਾਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਜੱਥੇਦਾਰ ਹਰਜਿੰਦਰ ਸਿੰਘ, ਮਨਜੀਤ ਸਿੰਘ ਸਿਆਲਕੋਟੀ, ਬਾਬਾ ਦਰਸ਼ਨ ਸਿੰਘ, ਜੱਥੇਦਾਰ ਕੁਲਵੰਤ ਸਿੰਘ ਸਲੇਮਟਾਬਰੀ, ਸਵਰਨ ਸਿੰਘ, ਇੰਦਰਜੀਤ ਸਿੰਘ, ਸੁਖਵਿੰਦਰ ਸਿੰਘ, ਜੱਥੇਦਾਰ ਮੋਹਣ ਸਿੰਘ, ਭਾਗ ਸਿੰਘ, ਚਰਨਜੀਤ ਸਿੰਘ, ਜੱਥੇਦਾਰ ਨਾਜਰ ਸਿੰਘ ਰਾਈਆਂ, ਗੁਰਦੀਪ ਸਿੰਘ ਭੈਣੀ, ਬਲਵਿੰਦਰ ਸਿੰਘ ਕਟਾਣੀ, ਗੁਰਸੇਵਕ ਸਿੰਘ ਆਨੰਦਪੁਰੀ, ਦਰਸ਼ਨ ਸਿੰਘ ਖਵਾਜਕੇ, ਜਤਿੰਦਰ ਸਿੰਘ ਮਹਿਲ ਕਲਾਂ, ਬਲਦੇਵ ਸਿੰਘ ਸੇਠੀ, ਬਲਵੀਰ ਸਿੰਘ ਮਣਕੂ, ਦਿਲਬਾਗ ਸਿੰਘ ਲੰਬੜਦਾਰ, ਵਰਿਆਮ ਸਿੰਘ, ਗੁਰਇਕਬਾਲ ਸਿੰਘ, ਨਛੱਤਰ ਸਿੰਘ ਲੁਹਾਰਾ, ਇੰਦਰਪਾਲ ਸਿੰਘ, ਰਣਜੀਤ ਸਿੰਘ ਅਤੇ ਹੋਰ ਹਾਜਰ ਸਨ।



ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸਮਰਾਲਾ-ਚਾਵਾ ਮਾਰਗ 'ਤੇ ਪਿੰਡ ਦੀਵਾਲਾ ਦੇ ਨੌਜਵਾਨਾਂ ਵੱਲੋਂ ਲਗਾਈ ਠੰਡੇ-ਮਿੱਠੇ ਜਲ ਦੀ ਛਬੀਲ 'ਚ ਨਜਰ ਆ ਰਹੇ ਤਸਵਿੰਦਰ ਸਿੰਘ ਬੜੈਚ, ਹਰਭਜਨ ਸਿੰਘ, ਬਲਿਹਾਰ ਸਿੰਘ, ਰਾਮ ਸਿੰਘ ਤੇ ਹੋਰ।

# ਸਤਿਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹੀਦੀ ਪੁਰਬ ’ਤੇ ਹੋਈਆਂ ਵਿਚਾਰਾਂ- ਲੋੜ ਸ਼ਹਾਦਤ ਨੂੰ ਸਮਝਣ ਦੀ







**ਫਰਿਜ਼ਨੋ (ਬਿਊਰੋ)–** ਬੀਤੇ ਐਤਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਮੌਕੇ ਦੀਵਾਨ ਸਜਾਏ ਗਏ, ਜਿਸ ਦੌਰਾਨ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਜੀ ਤੋਂ ਇਲਾਵਾ ਭਾਈ ਹਰਬਿਲਾਸ ਸਿੰਘ ਝਿੰਗੜ, ਭਾਈ ਪਿਆਰਾ ਸਿੰਘ ਵਿਰਦੀ, ਭਾਈ ਇੰਦਰਜੀਤ ਸਿੰਘ, ਭਾਈ ਅਮਨਜੋਤ ਸਿੰਘ, ਭਾਈ ਸੁਰਜੀਤ ਸਿੰਘ ਆਦਿ ਨੇ

**(ਬਾਕੀ ਸਫਾ 17 ‘ਤੇ)**

# ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਜੋੜ ਮੇਲਾ ਸ਼ਰਧਾ ਨਾਲ ਮਨਾਇਆ









**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 24 ਜੂਨ ਦਿਨ ਸ਼ੁੱਕਰਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਾਵਨ ਛਤਰ ਛਾਇਆ ਹੇਠ ਧੰਨ ਧੰਨ ਸਤਿਗੁਰੂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਜੋੜ ਮੇਲਾ ਮਨਾਇਆ ਗਿਆ, ਜਿਸ ਵਿਚ ਗੁਰੂ ਦੀਆਂ ਗੁਰਮੁਖ ਬੀਬੀਆਂ ਅਤੇ ਸੰਗਤਾਂ ਵੱਲੋਂ ਮਿਤੀ 18 ਜੂਨ ਦਿਨ ਸੋਮਵਾਰ ਤੋਂ ਲੈ ਕੇ 24 ਜੂਨ ਦਿਨ ਐਤਵਾਰ ਤੱਕ ਹਰ ਰੋਜ਼ ਗੁਰੂ ਘਰ ਵਿਖੇ ਸਵੇਰੇ 7 ਵਜੇ ਤੋਂ ਲੈ ਕੇ 9 ਵਜੇ ਤੱਕ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕੀਤੇ ਗਏ, ਜਿਹਨਾਂ ਦੇ ਭੋਗ 24 ਜੂਨ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਕੀਰਤਨੀਏ ਭਾਈ ਮਨਜੀਤ ਸਿੰਘ ਜੀ, ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਪਤਾ।

ਗੁਰੂ ਘਰ ਦੇ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ’ਤੇ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਇ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸੰਗਤਾਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਮਾਣਯੋਗ ਸ੍ਰੀ ਦਲਵਿੰਦਰ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ ਧੰਨ ਧੰਨ ਸਤਿਗੁਰੂ ਕਬੀਰ ਜੀ ਮਹਾਰਾਜ, ਧੰਨ ਧੰਨ ਸਤਿਗੁਰੂ ਹਰਿਗੋਬਿੰਦ ਮਹਾਰਾਜ ਜੀ ਦਾ ਗੁਰਪੁਰਬ ਬੜੀ ਧੂੰਮ ਧਾਮ ਨਾਲ ਮਨਾਇਆ ਜਾ ਰਿਹਾ ਹੈ।

**ਪ੍ਰੋਗਰਾਮ**

**29 ਜੂਨ 2018 ਦਿਨ ਸ਼ੁੱਕਰਵਾਰ ਨੂੰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**

**1 ਜੁਲਾਈ 2018 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।**

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

ਇਸ ਸਮਾਗਮ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ।

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# REMEMBERING 92nd AD DHARM DAY JUNE 11-12

11 जून 2018 दनि सोमवार को 92वां आद धर्म स्थापना दविस श्री गुरु आद प्रगाश ग्रंथ जी की हजूरी में, आदि द्वारा सैला कलां, तहसील गढ़शंकर जलि हुशयिारपुर में मनाया गया। इस अवसर पर माननीय सतवदिर हीरा जी (राष्ट्रीय प्रधान ऑल इंडयिा आदि धर्म मशिन खुरालगढ़ साहबि से), रोशन भारती जी, डॉ जसवंत राय जी, भगवान सहि चौहान जी, बलवदिर बट्टि जी, जगतार महमी जी, बाबू मंगुराम जी के पोत्रे राजदिर जी,चरनजीत बड़ेसरो जी, सुरदिर जी, आद द्वारा प्रबंधक कमेटी के प्रधान संत बंसी लाल जी,कुंदन लाल जी बडेसरो से और मशिनरी गायक श्री हरनाम बहलिपुरी जी आदि ने वशिष तौर पर पहुँचकर, आद धर्म पर वचिार कएि।

इसके साथ प्रोग्राम की कवरेज के लिए क्रांतिटीवी की टीम भी पहुंची, चैक पोस्ट से रंजीत कलसी जी और कांशी रेडयिो uk से लाइव टेलीकास्ट भी कीआ गया। श्री गुरलाल सैला जी प्रधान, उप प्रधान हरकृष्ण जी, मैनेजर दलवदिर सैला जी, कुलदीप जी, लुभाया जी। स्टेज सैकेट्री दास प्रवीन कुमार भटोआ, और श्री गुरु रवदिास आद द्वारा वैलफेयर कमेटी सैला कलां ने सभी सतसंगत का स्वागत और धन्यवाद कीआ। आए हुए अतथियिों को सन्मानति भी कीआ गया। इसके बाद श्री गुरु आद प्रगाश ग्रंथ जी के चरण कमलों में,आद धर्म की अरदास की गई, उपरांत गुरु जी का अटूट लंगर भी चलाया गया।

**Pictures & Report: Parveen Kumar Bhatoa**

























## REMEMBERING 92nd AD DHARM DAY JUNE 11-12

**Prem Kumar Chumber**
**Editor: Ambedkartimes.com**

Caste system based on the fourfold division of the Hindu society into Brahmin, Kashtriya, Vaishya and Shudra and the fifth avarna category of Ati-Shudras has led to serious denial of Human rights of the Scheduled Castes variously nomenclatured as panchamas, achhuts, dheds, pariahs, Harijans and Dalits. These large number of avarna people who were condemned to live in segregated localities in the periphery of villages throughout India without having any rights on the natural resources and the local structures of power. They were forced to perform 'begar' hard manual labor without any remuneration. If the men folk had to work in the agricultural farms of the landlords, their women folk were pushed into an equally hard work of cleaning the cowsheds of the landlords. Scheduled Castes were not allowed to posses land, weapons, valuable metals and milch cattles. They were only allowed to keep the beasts of burden to assist them in performing the hard manual labor without any payments in return.



Tathagat Gautam Buddha raised a revolutionary voice against this cruel system of extreme denial of human rights based on low birth. He welcomed the Ati-Shudras into his Sanghas and treated them equal without any prejudice whatsoever. After a long gap and with the advent of Sikh faith in Punjab, once again a serious attempt was made to remove the deadly caste boundaries from the Hindu society while spreading the message of unity of mankind. It was in Punjab, the sacred land of Gurus and Pirs that on June 11-12, 1926 the first mammoth annual function of the Ad Dharm movement was organized in the native village of Ghadri Babu Mangu Ram Mugowalia, the founder of the Ad Dharm in Punjab in 1925 after his return from USA where he reached in 1909 and became one of the pioneers of the Gadhar Movement. It was at this mammoth Ad Dharm conference where he publicly announced the launch of tirade against the pernicious system of untouchability and the restoration of the lost glory of the indigenous people of Bharat.

Babu Mangu Ram Mugowalia exhorted his people to get organized and say definitive no to caste discrimination and social segregation. He called upon his people to live with self-respect and dignity and started the movement for equal rights of the Dalits. He approached the then British rulers to empower the Depressed Classes (at that time the term Scheduled Castes was not coined nor the term Harijan had come) while declaring their separate religion of Ad Dharm at par with other mainstream religions of the region. Consequently the British government declared Ad Dharm as a separate religion of the Dalits in Punjab 1931. About 5 lacs Ad Dharmis recorded themselves under this new religion category in the Census of 1931. Under the able and strong leadership of Babu Mangu Ram Mugowalia, the Ad Dharm movement turned party contested the 1937 Punjab Province Assembly Elections and won seven out of eight seats reserved for the Scheduled Castes.

When Ambedkar movement for the annihilation of caste took roots in India, it was the solid groundwork prepared by the Ad Dharm movement in Punjab which helped raise a strong support structure for Babasaheb Dr. B.R Ambedkar who visited Punjab thrice during his life. The forum of Ambedkartimes.com takes immense pleasure and proud to congratulate all its readers, contributors and supporters on the auspicious occasion of the anniversary of the first mammoth conference of the Ad Dharm movement held at village Mugowal near Mahilpur in District Hoshiarpur on 11-12 June 1926.

ਸੂਰਜ ਕਿਰਣਿ ਮਿਲੇ, ਜਲ ਕਾ ਜੁਲ ਹੁਆ ਰਾਮ।। ਜੋਤੀ ਜੋਤ ਰਲੀ ਸੰਪੂਰਨ ਥੀਆ ਰਾਮ।।

ਬ੍ਰਹਮਲੀਨ 108 ਸੰਤ ਬਾਬਾ ਨਰਾਇਣ ਦਾਸ ਮਹਾਰਾਜ ਜੀ
ਬ੍ਰਹਮਲੀਨ 108 ਸੰਤ ਬੀਬੀ ਜੁਆਲੀ ਰਾਮ ਜੀ ਮਹਾਰਾਜ
ਬ੍ਰਹਮਲੀਨ 108 ਸੰਤ ਬਾਬਾ ਅਮਰਦਾਸ ਜੀ ਮਹਾਰਾਜ

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ
ਪੂਜਯ ਗੁਰੂਦੇਵ ਬ੍ਰਹਮ ਗਿਆਨੀ ਬ੍ਰਮਬੇਤਾ ਮਹਾਨ ਪਰਉਪਕਾਰੀ ਨਾਮ ਦੇ ਰਸੀਏ

## ਬ੍ਰਹਮਲੀਨ 108 ਸੰਤ ਬਾਬਾ ਅਮਰਦਾਸ ਜੀ ਮਹਾਰਾਜ

ਦੀ
9ਵੀਂ ਬਰਸੀ
ਮਿਤੀ 17 ਜੁਲਾਈ 2018
ਦਿਨ ਮੰਗਲਵਾਰ ਨੂੰ ਡੇਰਾ ਬਾਬਾ ਕੱਲਰਾਂ, ਪਿੰਡ ਸ਼ੇਰਪੁਰ ਢੱਕੋ, (ਹੁਸ਼ਿਆਰਪੁਰ) ਵਿਖੇ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਈ ਜਾ ਰਹੀ ਹੈ।
ਆਪ ਜੀ ਨੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।




### ਪ੍ਰੋਗਰਾਮ

ਦਿਨ ਐਤਵਾਰ 15 ਜੁਲਾਈ 2018
ਆਰੰਭ ਸ੍ਰੀ ਅੰਡ ਪਾਠ ਸਾਹਿਬ ਜੀ 10.30 ਵਜੇ ਸਵੇਰੇ
ਦਿਨ ਮੰਗਲਵਾਰ 17 ਜੁਲਾਈ 2018
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 10.00 ਵਜੇ ਸਵੇਰੇ
ਗੁਰਬਾਣੀ ਕੀਰਤਨ 10 ਤੋਂ 12 ਵਜੇ ਤੱਕ
ਮਹਾਂਪੁਰਸ਼ਾਂ ਦੇ ਪ੍ਰਵਚਨ 12 ਤੋਂ 2 ਵਜੇ ਤੱਕ
ਪੰਡਾਲ ਦੀ ਸਮਾਪਤੀ 2 ਵਜੇ ਦੁਪਹਿਰ

### ਦਰਸ਼ਨ ਅਭਿਲਾਸ਼ੀ

ਸ੍ਰੀਮਾਨ 108 ਸੰਤ ਰਾਮ ਕ੍ਰਿਸ਼ਨ ਜੀ
ਸ੍ਰੀਮਾਨ 108 ਸੰਤ ਚਰਨ ਦਾਸ ਜੀ
ਪ੍ਰਧਾਨ ਸ੍ਰੀਮਾਨ 108 ਸੰਤ ਨਿਰਮਲ ਦਾਸ ਜੀ
ਸ੍ਰੀਮਾਨ 108 ਸੰਤ ਬੀਬੀ ਨੰਤੀ ਰਾਮ ਜੀ
ਅਤੇ ਸਮੂਹ ਸੰਗਤ ਡੇਰਾ ਬਾਬਾ ਕੱਲਰਾਂ, ਪਿੰਡ ਸ਼ੇਰਪੁਰ ਢੱਕੋਂ
ਡਾ. ਬਾਹੋਵਾਲ, ਹੁਸ਼ਿਆਰਪੁਰ
**ਸੰਗਤਾਂ ਦੇ ਦਾਸ**
ਗੱਦੀ ਨਸ਼ੀਨ ਸ੍ਰੀਮਾਨ 108 ਸੰਤ ਰਮੇਸ਼ ਦਾਸ ਜੀ
01884-243355,
98726-69445, 94634-71795


# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing

**510- 733- 2222**

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



# SUNSHINE AUTO CARE INC.
DBA
# PHILLIPS AUTO CARE

## Auto Services:

* Oil Change Services
* Fectory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

## Trucks & Trailers Services:

* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰੋਪ ਵੀ ਕਰਦੇ ਹਾਂ

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

hablamos español

We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check
VISA MasterCard AMERICAN EXPRESS DISCOVER

We Provide All Autos, Trucks & Trailers Repair





Contact: Deep Suman: (408) 561-1846, (209) 239-1551 (24/7 Available)
Address: 1003 Moffat Blvd, Manteca CA 95336



TANDOOR
Indian Restaurant
27167 Mission Blvd. Hayward, CA 95544
Lunch & Buffet
OPEN 7 DAYS A WEEK (510) 885-1212
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532




L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
New folding bed verities
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax
ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
Red Label Tea 900 Gm $ 3.99
Bio Bidet Elite 2 $ 39.99+ Tax
ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।
ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ
Baksho Kaur Bisla Hardev Singh Bisla
ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ
530-671-0439, Fax 530-822-0439 Cell- 530-844-3250
Buy 5 get 1 free




ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ
ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਮਾਂਤ-ਮੰਤਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ
We will make your trucking business paperless and Free of DOT hassels.
Steer your business, from hiring to management all from a computer
ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ
ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ
ASK FOR LOAD MANAGEMENT: Easy dispatch by Phone App, Quick POD, Auto Billing, Payroll etc.
DRIVER HIRING
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ
INSPECTION RECORD
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ
DRIVING REVIEW
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ
ACCIDENT REPORTS
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ
TRUCK MAINTENANCE
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ
eLog Book Integration COMING SOON
ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ
WE HANDLE DOT AUDITS
Tel: 800.936.4011 • 209.636.0880
GLOBAL SOLUTION FOR TRANSPORTATION
(A PAPERLESS SOLUTION FOR TRUCKING)
RAJINDER SINGH
LAKHVIR SINGH
email: info@etruckingsolution.com • www.etruckingsolution.com




BEER & WINE STORE SACRAMENTO, CA
$299,000
MLS# 18018933
60 - 70K Montly Gross
$3,600 Lease
2,500 APX Square Feet
This is a terrific opportunity to own an established neighborhood arket/general store. Good for a family to run a small business. Owner is running the store for last 12 years and the store been there since 1942.
For more information, contact:
Shangara Ram
Realtor CalBRE#:01969522
916.479.5587
shangararam2@gmail.com
http://www.banga.bhhser.com
John Singh Banga
Realtor CalBRE # 01397975
916-271-5404
banga.realtor@gmail.com
banga.bhhser.com
BH HS BERKSHIRE HATHAWAY HOMESERVICES
BERKSHIRE HATHAWAY Home Services
ELITE REAL ESTATE

# ਪ੍ਰਣਬ ਮੁਖਰਜੀ ਨਵੀਂ ਪਛਾਣ ਦੇ ਰਾਹ 'ਤੇ

## ਭਾਰਤੀ ਰਾਸ਼ਟਰਵਾਦ ਵੀ ਸੰਕਟ ਵਿਚ



ਕੇ. ਸੀ. ਸੁਲੇਖ
0172-4623503

7 ਜੂਨ ਨੂੰ ਪਿਛਲੇ ਰਾਸ਼ਟਰਪਤੀ ਸ੍ਰੀ ਪ੍ਰਣਬ ਮੁਖਰਜੀ ਦਾ ਆਰ. ਐਸ. ਐਸ. (ਸੰਘ) ਦੇ ਮੁੱਖ ਦਫਤਰ ਨਾਗਪੁਰ ਜਾ ਕੇ ਮੁੱਖ ਮਹਿਮਾਨ ਵਜੋਂ ਉਹਨਾਂ ਦੇ ਸਾਲਾਨਾ ਸੰਮੇਲਨ ਨੂੰ ਸੰਬੋਧਿਤ ਕਰਨਾ ਕਈ ਲਿਹਾਜ਼ ਨਾਲ ਬਹੁਤ ਮਹੱਤਵਪੂਰਨ ਹੈ। ਮੁਖਰਜੀ ਸਾਰੀ ਉਮਰ ਰਾਜਨੀਤੀ ਦੇ ਮੈਦਾਨ ਵਿਚ ਪੈਰ ਰੱਖਣ ਤੋਂ ਲੈ ਕੇ ਅਖੀਰ ਤੱਕ ਕਾਂਗਰਸ ਦੇ ਟਕਸਾਲੀ ਨੇਤਾ ਵਜੋਂ ਜਾਣੇ ਜਾਂਦੇ ਰਹੇ। ਉਸ ਦੀਆਂ ਸਮੇਂ-ਸਮੇਂ ਬਣੀਆਂ ਸਰਕਾਰਾਂ ਦੇ ਫਾਇਨਾਂਸ, ਡੀਫੈਂਸ, ਵਿਦੇਸ਼ ਜਿਹੇ ਕਈ ਮਹੱਤਵਪੂਰਨ ਮਹਿਕਮਿਆਂ ਦੇ ਮੰਤਰੀ ਰਹੇ। ਇੱਥੋਂ ਤੱਕ ਕਿ ਕਾਂਗਰਸ ਸਾਹਮਣੇ ਜਦ ਵੀ ਕੋਈ ਗੰਭੀਰ ਸਮੱਸਿਆ ਆਈ, ਉਸ ਨੂੰ ਸੁਲਝਾਉਣ ਲਈ ਉਹਨਾਂ ਦੀ ਹੀ ਸਿਆਣਪ ਕੰਮ ਆਈ, ਜਿਸ ਕਰਕੇ ਲੋਕ ਉਹਨਾਂ ਨੂੰ ਸੰਕਟ ਮੋਚਨ ਵੀ ਕਹਿਣ ਲੱਗ ਪਏ। ਕਾਂਗਰਸ ਦੇ ਇਸੇ ਅਟੁੱਟ ਵਿਸ਼ਵਾਸ ਨੇ ਉਹਨਾਂ ਨੂੰ ਰਾਸ਼ਟਰਪਤੀ ਦੇ ਉਚਤਮ ਪਦ 'ਤੇ ਸ਼ੋਭਾਮਾਨ ਕੀਤਾ, ਜਿੱਥੇ ਉਹਨਾਂ ਨੇ ਭਾਜਪਾ ਸਰਕਾਰ ਬਣਨ ਉਪਰੰਤ ਵੀ ਆਪਣਾ ਪੰਜ ਸਾਲ ਦਾ ਕਾਰਜਕਾਲ ਪੂਰਾ ਕੀਤਾ। ਜਿਵੇਂ ਕਿ ਸਰਵ ਵਿਦਿਤ ਹੈ ਕਾਂਗਰਸ ਅਤੇ ਸੰਘ ਵਿਚਾਰਧਾਰਾ ਅਤੇ ਨੀਤੀਆਂ ਪੱਖੋਂ 180 ਡਿਗਰੀ ਉਲਟ ਹਨ। ਜੇ ਇਕ ਨੌਰਥ ਪੋਲ (ਉਤਰੀ ਸਿਰਾ) ਹੈ ਤਾਂ ਦੂਜਾ ਸਾਊਥ ਪੋਲ (ਦੱਖਣੀ ਸਿਰਾ) ਹੈ। ਜਿੱਥੇ ਸੰਘ ਹਿੰਦੂ ਧਰਮ ਅਤੇ ਧਰਮ ਸ਼ਾਸਤਰਾਂ ਦੀ ਸਰਵਉਚਤਾ ਅਤੇ ਸਰਵ ਸ਼੍ਰੇਸਟਤਾ ਨੂੰ ਮੁੱਖ ਰੱਖ ਕੇ ਦੇਸ਼ ਅਤੇ ਸਮਾਜ ਨੂੰ ਉਹਨਾਂ ਹੀ ਮਾਨਤਾਵਾਂ ਅਤੇ ਧਾਰਨਾਵਾਂ ਅਨੁਸਾਰ ਚਲਦਾ ਦੇਖਣਾ ਚਾਹੁੰਦਾ ਹੈ, ਜਿਸ ਵਿਚ ਵਰਣ ਵੰਡ, ਜਾਤ ਵੰਡ, ਛੂਤਛਾਤ, ਊਚ-ਨੀਚ, ਜਾਤ ਨਫਰਤ ਅਤੇ ਜਾਤ ਦਵੇਸ਼ ਦੇ ਭਾਵ ਪ੍ਰਧਾਨ ਹਨ, ਉਥੇ ਕਾਂਗਰਸ ਦਾ ਆਧਾਰ ਧਰਮ ਨਿਰਪੱਖਤਾ ਅਤੇ ਸਮਾਜਵਾਦ ਹੈ, ਜਿਸ ਵਿਚ ਸਭ ਧਰਮਾਂ, ਸਮੁਦਾਇਆਂ, ਭਾਸ਼ਾਵਾਂ ਅਤੇ ਸਭਿਆਚਾਰਾਂ ਨੂੰ ਬਰਾਬਰ ਦਾ ਦਰਜਾ ਦੇਣਾ ਮੰਨਿਆ ਗਿਆ ਹੈ। ਇਸ ਤਰ੍ਹਾਂ ਇਕ ਉਤਰੀ ਧਰੁਵ ਦੇ ਬੰਦੇ ਦਾ ਦੱਖਣੀ ਧਰੁਵ ਦੇ ਬੰਦੇ ਨਾਲ ਹੱਥ ਮਿਲਾਉਣਾ ਕਿਸੇ ਦਿਮਾਗੀ ਝਟਕੇ ਤੋਂ ਘੱਟ ਨਹੀਂ ਹੈ। ਮੁਖਰਜੀ ਸਾਹਿਬ ਦਾ ਮੋਹਨ ਭਾਗਵਤ ਵੱਲੋਂ ਭੇਜਿਆ ਸੱਦਾ ਪੱਤਰ ਸਵੀਕਾਰ ਕਰਨਾ ਹੀ ਜਿੱਥੇ ਸੰਘੀਆਂ ਅਤੇ ਭਾਜਪਾਈਆਂ ਲਈ ਦੋਹਾਂ ਧਿਰਾਂ ਦਰਮਿਆਨ ਚਲਦੀ ਤੂੰ-ਤੂੰ, ਮੈਂ-ਮੈਂ ਵਿਚ ਜਿੱਤ ਦਾ ਪ੍ਰਤੀਕ ਸਮਝਿਆ ਗਿਆ, ਉਥੇ ਕਾਂਗਰਸੀ ਖੇਮੇ ਲਈ ਇਹ ਬਹੁਤ ਹੀ ਨਿਰਾਸ਼ਾ ਅਤੇ ਪ੍ਰੇਸ਼ਾਨੀ ਦਾ ਮੌਕਾ ਬਣ ਗਿਆ। ਹਾਲੇ ਸੱਤ ਤਰੀਕ ਦਾ ਮਿੱਥਿਆ ਦਿਨ ਕਾਫੀ ਦੂਰ ਸੀ ਲੇਕਿਨ ਨੇਤਾਵਾਂ/ਬੁਲਾਰਿਆਂ ਦੀ ਅਖਬਾਰਾਂ ਵਿਚ ਬਿਆਨਬਾਜ਼. ਅਤੇ ਟੀ. ਵੀ. ਚੈਨਲਾਂ 'ਤੇ ਹੁੰਦੀ ਗੋਲਾਬਾਰੀ ਨੇ ਸਭ ਦੇ ਕੰਨ ਬੋਲੇ ਕਰ ਦਿੱਤੇ। ਇਕ ਟਿੱਪਣੀਕਾਰ ਅਨੁਸਾਰ ਮੁਖਰਜੀ ਦਾ ਭਾਸ਼ਣ ਇਕ ਸਧਾਰਨ ਪ੍ਰਕਾਰ ਦੀ ਘਟਨਾ ਹੀ ਸੀ, ਜਿਸ ਨੂੰ ਮੀਡੀਆ ਵਾਲਿਆਂ ਨੇ ਜ਼ੋਰਦਾਰ ਢੰਡੋਰਾ ਪਿੱਟ ਕੇ ਕਿਮ ਅਤੇ ਟ੍ਰੰਪ ਦੀ ਮਿਲਣੀ ਜਿਹੀ ਅਸਧਾਰਨ ਘਟਨਾ ਬਣਾ ਦਿੱਤਾ ਅਤੇ ਸਭ ਦੁਨੀਆਂ ਦੀਆਂ ਅੱਖਾਂ ਇਸ ਡੀ-ਡੇ (ਕਿਆਮਤ ਦੇ ਦਿਨ) ਵੱਲ ਲੱਗ ਗਈਆਂ।

ਮੁਖਰਜੀ ਜੀ ਦੇ ਨਾਲ ਰਹਿ ਚੁੱਕੇ ਪੁਰਾਣੇ ਸਾਥੀ ਮੰਤਰੀਆਂ/ਨੇਤਾਵਾਂ ਆਨੰਦ ਸ਼ਰਮਾ, ਮਨੀਸ਼ ਤਿਵਾੜੀ, ਅਹਿਮਦ ਪਟੇਲ ਅਤੇ ਸੰਦੀਪ ਦੀਕਸ਼ਿਤ ਨੇ ਉਹਨਾਂ ਦੇ ਸੰਘ ਦਾ ਨਿਮੰਤਰਣ ਲੈਣ 'ਤੇ ਹੀ ਸਖਤ ਇਤਰਾਜ਼ ਕਰ ਦਿੱਤਾ। ਪੀ. ਚਿੰਦਬਰਮ ਨੇ ਥੋੜ੍ਹਾ ਨਰਮੀ ਤੋਂ ਕੰਮ ਲੈ ਕੇ ਉਹਨਾਂ ਨੂੰ ਸਲਾਹ ਦਿੱਤੀ ਕਿ ਜੇ ਜਾ ਹੀ ਰਹੇ ਹੋ ਤਾਂ ਸੰਘ ਵਾਲਿਆਂ ਨੂੰ ਇੰਨਾ ਜ਼ਰੂਰ ਦੱਸ ਦੇਣਾ ਕਿ ਉਹਨਾਂ ਦੀ ਵਿਚਾਰਧਾਰਾ ਅਤੇ ਨੀਤੀਆਂ ਕਿਉਂ ਗਲਤ ਹਨ। ਇਹਨਾਂ ਸਭ ਨਾਲੋਂ ਸਹੀ ਅਤੇ ਸਿਆਣੀ ਰਾਏ ਉਨਾਂ ਦੀ ਐਮ. ਪੀ. ਬੇਈ ਸ਼ਰਮਿਸ਼ਟਾ ਮੁਖਰਜੀ ਦੀ ਕਹੀ ਜਾ ਸਕਦੀ ਹੈ, ਜਿਹਾ ਕਿ ਉਸ ਨੇ ਕਿਹਾ ਸੀ ਕਿ ਉਹਨਾਂ (ਪ੍ਰਣਬ ਦਾ) ਦੇ ਬੋਲੇ ਗਏ ਸ਼ਬਦਾਂ ਨੂੰ ਕਿਸੇ ਨਹੀਂ ਯਾਦ ਰੱਖਣਾ ਲੇਕਿਨ ਉਹਨਾਂ ਦੇ ਸਟੇਜ ਤੇ ਫੋਟੋਅਤੇ ਵੀਡੀਓ ਝਲਕੀਆਂ ਸੰਘ ਵਾਲੇ ਆਪਣੇ ਹਿੱਤ ਲਈ ਹਮੇਸ਼ਾ ਵਰਤਦੇ ਰਹਿਣਗੇ। ਦਰਅਸਲ ਸੰਘ ਦੀ ਕਾਰਸਤਾਨੀ ਦਾ ਮਕਸਦ ਵੀ ਤਾਂ ਇਹੀ ਸੀ ਜਿਵੇਂ ਉ ਹੁਣ ਤੱਕ ਪੰਡਤ ਨਹਿਰੂ, ਮਹਾਤਮਾ ਗਾਂਧੀ, ਇੰਦਰਾ ਗਾਂਧੀ, ਅੰਬੇਡਕਰ ਅਤੇ ਲਾਲ ਬਹਾਦਰ ਸ਼ਾਸਤਰੀ ਦਾ ਨਾਮ ਵਰਤ ਰਹੇ ਹਨ, ਜਿਹਨਾਂ ਨੇ ਇਹਨਾਂ ਦੇ ਅਨੁਸ਼ਾਸਨ ਨੂੰ ਦੇਖ ਕੇ ਪ੍ਰਸ਼ੰਸਾ ਦੇ ਕੁਝ ਸ਼ਬਦ ਕਹਿ ਦਿੱਤੇ ਹੋਣਗੇ, ਭਾਵੇਂ ਵਿਚਾਰਧਾਰਾ ਪੱਖੋਂ ਇਹਨਾਂ ਨਾਲ ਜ਼ਮੀਨ ਅਸਮਾਨ ਦਾ ਫਰਕ ਸੀ।

ਆਖਿਰ ਮੁਖਰਜੀ ਸਾਹਿਬ ਨਾਗਪੁਰ ਪਹੁੰਚ ਗਏ, ਜਿੱਥੇ ਉਹਨਾਂ ਦਾ ਲਾਲ ਕਾਲੀਨ ਵਿਛਾ ਕੇ ਬੈਂਡ ਬਾਜੇ ਨਾਲ ਸਵਾਗਤ ਕੀਤਾ ਗਿਆ। ਭਗਵਾ ਝੰਡਾ ਝੁਲਾਉਣ ਅਤੇ ਸੰਘੀ ਪ੍ਰਾਰਥਨਾ ਤੋਂ ਬਾਅਦ ਉਹਨਾਂ ਨੇ ਜੋ ਭਾਸ਼ਣ ਪੜ੍ਹਿਆ ਉਸ ਨੇ ਸਭ ਦੀਆਂ ਅਟਕਲਾਂ ਨੂੰ ਕਾਫੀ ਹੱਦ ਤੱਕ ਠੰਡਾ ਕਰ ਦਿੱਤਾ, ਜਿਸ ਨੂੰ ਨਾ ਸੰਘ ਦੀ ਜਿੱਤ ਕਿਹਾ ਜਾ ਸਕਦਾ ਹੈ ਅਤੇ ਨਾ ਕਾਂਗਰਸ ਦੀ ਹਾਰ ਬਲਕਿ ਸੰਘ ਲਈ ਖੁਸ਼ੀ ਦਾ ਜ਼ਿਆਦਾ ਮੌਕਾ ਸੀ ਕਿ ਉਸ ਨੇ ਕਾਂਗਰਸ ਦੇ ਚੀਕ ਚਿਹਾੜੇ ਦੇ ਬਾਵਜੂਦ ਰਾਸ਼ਟਰਪਤੀ ਦੇ ਅਹੁਦੇ 'ਤੇ ਰਹਿ ਚੁੱਕੇ ਟਕਸਾਲੀ ਕਾਂਗਰਸੀ ਨੇਤਾ ਨੂੰ ਆਪਣੇ ਮੰਚ 'ਤੇ ਲੈ ਆਂਦਾ। ਕਾਂਗਰਸ ਵਾਲਿਆਂ ਲਈ ਰਾਹਤ ਦੀ ਗੱਲ ਇਹ ਸੀ ਕਿ ਜਿਹੋ ਜਿਹਾ ਡਰ ਸੀ ਅਤੇ ਡਰ ਪੈਦਾ ਵੀ ਕਰ ਦਿੱਤਾ ਗਿਆ ਸੀ ਕਿ ਮੁਖਰਜੀ ਉਥੇ ਜਾ ਕੇ ਅਤੇ ਸੰਘ ਦੀ ਪ੍ਰਸ਼ੰਸਾ ਕਰਕੇ ਕਿਤੇ ਕਾਂਗਰਸ ਦੀ ਮੁੜ ਬਹਾਲੀ ਦੇ ਯਤਨਾਂ ਦਾ ਭੱਠਾ ਨਾ ਬਿਠਾ ਦੇਣ। ਪਰ ਅਜਿਹਾ ਕੁਝ ਨਹੀਂ ਹੋਇਆ ਬਲਕਿ ਮੁਖਰਜੀ ਨੇ ਜਿਸ ਸੰਤੁਲਿਤ ਲਹਿਜ਼ੇ ਵਿਚ ਆਪਣੇ ਇਤਿਹਾਸ ਦੀਆਂ ਕੜੀਆਂ ਦਾ ਵਰਣਨ ਕੀਤਾ, ਉਸ ਨਾਲ ਕਾਂਗਰਸ ਨੂ ਨੂੰਹੌਰ"ਸਲਾ ਮਿਲ ਗਿਆ। ਉਹਨਾਂ ਨੇ ਆਪਣੇ ਭਾਸ਼ਣ ਵਿਚ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ ਅਤੇ ਟੈਗੋਰ ਦੇ ਦੇਸ਼ ਹਿੱਤ ਪਾਏ ਯੋਗਦਾਨ ਦੇ ਜ਼ਿਕਰ ਦੇ ਨਾਲ ਨਾਲ ਸੈਕੂਲਰਿਜ਼ਮ, ਸਭਿਆਚਾਰਕ ਇੱਕਜੁਟਤਾ, ਸਹਿਣਸ਼ੀਲਤਾ ਅਤੇ ਸਭ ਤੋਂ ਵੱਧ ਭਾਰਤੀ ਰਾਸ਼ਟਰਵਾਦ ਦੀ ਜ਼ਰੂਰਤ 'ਤੇ ਜ਼ੋਰ ਦੇ ਕੇ ਸਭ ਨੂੰ ਹੈਰਾਨ ਕਰ ਦਿੱਤਾ। ਅਤੇ ਨਾ ਹੀ ਉਹਨਾਂ ਨੇ ਇਸ ਮੌਕੇ 'ਤੇ ਸੰਘ ਦੇ ਭਗਵੇਂ ਝੰਡੇ ਨੂੰ ਸਲਾਮੀ ਦਿੱਤੀ। ਦੂਜੇ ਪਾਸੇ ਸੰਘ ਵਾਲੇ ਉਹਨਾਂ ਦੇ ਉਥੇ ਪਹੁੰਚਣ ਤੋਂ ਇਲਾਵਾ ਇਸ ਗੱਲੋਂ ਖੁਸ਼ ਸਨ ਕਿ ਉਹਨਾਂ ਨੇ ਆਪਣੇ ਭਾਸ਼ਣ ਵਿਚ ਭਾਰਤੀ ਸਭਿਆਚਾਰ, ਮੁਗਲਾਂ ਦੇ ਹਮਲੇ, ਦੁਨੀਆਂ ਇਕ ਪਰਿਵਾਰ ਜਿਹੇ ਸੰਘ ਪੱਖੀ ਸ਼ਬਦ ਅਤੇ ਕੁਝ ਸੰਸਕ੍ਰਿਤ ਸ਼ਲੋਕ ਵੀ ਬੋਲ ਦਿੱਤੇ, ਇਸ ਤੋਂ ਵੱਧ ਇਹ ਕਿ ਉਹਨਾਂ ਨੇ ਸੰਘ ਦੇ ਸੰਸਥਾਪਕ ਹੈਡਗਵਾਰ ਬਾਰੇ ਕਿਤਾਬ ਵਿਚ ਲਿਖ ਦਿੱਤਾ ਕਿ ਉਹ ਭਾਰਤ ਦੇ ਮਹਾਨ ਸਪੂਤ ਸਨ। ਇਸ ਘਟਨਾ ਨੂੰ ਅਸਧਾਰਨ ਮਹੱਤਵ ਦੇਣ ਦਾ ਕਾਰਨ ਅਸਲ ਵਿਚ 2019 ਦੇ ਇਲੈਕਸ਼ਨ ਹਨ, ਜਿਹਨਾਂ ਦੀਆਂ ਤਿਆਰੀਆਂ ਵੀ ਪੂਰੇ ਜ਼ੋਰ-ਸ਼ੋਰ ਨਾਲ ਹੋ ਚੁੱਕੀਆਂ ਹਨ। ਕੋਈ ਵੀ ਧਿਰ ਛੋਟੇ ਤੋਂ ਛੋਟੇ ਮੌਕੇ ਨੂੰ ਗੁਆਉਣਾ ਨਹੀਂ ਚਾਹੁੰਦੀ। ਸਹੀ ਗੱਲ ਤਾਂ ਇਹ ਹੈ ਕਿ ਜਿਹਨਾਂ ਸਿਧਾਂਤਾਂ, ਧਰਮ ਨਿਰਪੱਖਤਾ, ਸਹਿਣਸ਼ੀਲਤਾ, ਅਨੇਕਤਾ ਵਿਚ ਏਕਤਾ ਅਤੇ ਸਾਂਝੀਵਾਲਤਾ ਅਤੇ ਭਾਰੀਤ ਰਾਸ਼ਟਰਵਾਦ ਦਾ ਜ਼ਿਕਰ ਕੀਤਾ ਹੈ, ਉਹੀ ਤਾਂ ਸੰਘ ਦੇ ਦੁਸ਼ਮਣ ਸਿਧਾਂਤ ਹਨ, ਜਿਹਨਾਂ ਦਾ ਨਾਮ ਨਿਸ਼ਾਨ ਮਿਟਾਉਣ ਲਈ ਸੰਘ ਵੱਲੋਂ ਕੋਈ ਕਸਰ ਨਹੀਂ ਛੱਡੀ ਜਾ ਰਹੀ। ਇਸ ਸਚਾਈ ਦੇ ਸਮਰਥਨ ਲਈ ਨਾ ਕਿਸੇ ਸੰਘੀ ਸਾਹਿਤ ਨੂੰ ਯਾਦ ਕਰਾਉਣ ਦੀ ਲੋੜ ਹੈ, ਨਾ ਵਰਤਮਾਨ ਰਾਜ ਵਿਚ ਦਲਿਤਾਂ, ਪੱਛੜਿਆਂ ਅਤੇ ਘੱਟ ਗਿਣਤੀ ਦੇ ਤਬਕਿਆਂ ਉਤੇ ਹੋ ਰਹੇ ਅੱਤਿਆਚਾਰਾਂ ਦੇ ਹਵਾਲੇ ਦੇਣ ਦੀ ਜ਼ਰੂਰਤ ਹੈ। ਵਿਚਾਰਧਾਰਾਵਾਂ ਦੇ ਇਸ ਟਕਰਾਅ ਦੇ ਬਾਵਜੂਦ ਜਿਸ ਕੂਟਨੀਤਿਕ ਹੁਸ਼ਿਆਰੀ ਨਾਲ ਮੁਖਰਜੀ ਦੇ ਦੌਰੇ ਦਾ ਸਹਾਰਾ ਲੈ ਕੇ ਸੰਘ ਨੇ ਇਯ ਔਖੀ ਸਥਿਤੀ ਤੋਂ ਬਚ ਨਿਕਲਣ ਦੀ ਕੋਸ਼ਿਸ਼ ਕੀਤੀ ਹੈ, ਉਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ।

ਹੈਰਾਨੀ ਇਸ ਗੱਲ ਦੀ ਹੈ ਕਿ ਆਖਿਰ ਦੋਵਾਂ ਧਿਰਾਂ ਦੇ ਆਪਸੀ ਮਿਲਣ ਦਾ ਸਾਂਝਾ ਆਧਾਰ ਕੀ ਹੈ? ਜਿਹਾ ਕਿ ਦੋਵੇਂਇਸ ਗੱਲ ਤੇ ਇੱਕਦਮ ਹੋਣ ਦਾ ਦਾਅਵਾ ਕਰ ਰਹੀਆਂ ਹਨ ਕਿ ਭਾਰਤ ਅਤੀਤ ਵਿਚ ਇਕ ਅਮੀਰ ਅਤੇ ਸ਼ਕਤੀਸ਼ਾਲੀ ਸਭਿਅਤਾ ਸੀ। ਟ੍ਰਿਬਿਊਨ (11-6-18) ਨੇ ਪੁੱਛਿਆ 'ਤਾਂ ਫਿਰ ਕਿਉਂ ਬਾਹਰੋਂ ਆਏ ਥੋੜ੍ਹੀ ਗਿਣਤੀ ਦੇ ਧਾੜਵੀਆਂ ਨੇ ਹਮਲਾ ਕਰਕੇ ਦੇਸ਼ 'ਤੇ ਕਬਜਾ ਜਮਾ ਲਿਆ? ਫਰਕ ਇੱਥੇ ਦੋਵਾਂ ਧਿਰਾਂ ਦੇ ਰਾਸ਼ਟਰਵਾਦ ਦੇ ਸਹੀ ਭਾਵ ਸਮਝਣ ਦਾ ਹੈ ਕਿ ਉਸ ਦਾ ਪਰਿਪੇਖ ਕੀ ਸੀ/ਹੈ। ਕਾਂਗਰਸ ਦਾ ਰਾਸ਼ਟਰਵਾਦ ਅੰਗਰੇਜ਼ਾਂ ਦਾ ਭਾਰਤ 'ਤੇ ਹਕੂਮਤ ਕਰਨ ਅਤੇ ਉਹਨਾਂ ਤੋਂ ਆਜ਼ਾਦੀ ਪ੍ਰਾਪਤ ਕਰਨ ਤੱਕ ਹੀ ਸੀਮਤ ਸੀ, ਜਦਕਿ ਸੰਘ ਦਾ ਇਸ ਦੇ ਨਾਲ-ਨਾਲ ਮੁਸਲਮਾਨ ਵੰਸ਼ਾਂ ਦੇ ਪੁਸ਼ਤ ਦਰ ਪੁਸ਼ਤ ਚਲਦੇ ਰਾਜ ਤੋਂ ਦੁਖੀ ਹੋਣਾ ਹੈ।

ਟ੍ਰਿਬਿਊਨ ਦੀ ਰਾਏ ਅਨੁਸਾਰ 'ਰਾਸ਼ਟਰਵਾਦ ਬਾਰੇ ਇਹਨਾਂ ਦੋਹਾਂ ਦਾ ਨਜ਼ਰੀਆ ਨਾ ਸਹੀ ਹੈ ਅਤੇ ਨਾ ਮੰਨਣਯੋਗ ਹੈ। ਇਸ ਦੀ ਥਾਂ ਡਾ. ਅੰਬੇਡਕਰ ਦਾ ਸੁਝਾਇਆ ਰਾਸ਼ਟਰਵਾਦ ਕਿਤੇ ਵੱਧ ਸਹੀ ਅਤੇ ਢੁਕਵਾਂ ਹੈ ਜਿਸ ਦਾ ਰਾਬਤਾ ਬਿਨਾਂ ਕਿਸੇ ਰੰਗ-ਰੋਗਨ ਤੇ ਸਿੱਧਾ ਯਥਾਰਥਵਾਦ ਅਤੇ ਆਧੁਨਿਕਤਾ ਨਾਲ ਹੈ ਜੋ ਸ਼ਾਇਦ ਕਾਂਗਰਸ ਅਤੇ ਸੰਘ ਵਿਚਕਾਰ ਪਈ ਗੁੰਝਲ ਨੂੰ ਖੋਲ੍ਹਣ ਵਿਚ ਸਹਾਈ ਵੀ ਹੋ ਸਕਦਾ ਹੈ।

ਪਰ ਕੀ ਇਹਨਾਂ ਲੋਕਾਂ ਨੇ ਬਾਬਾ ਸਾਹਿਬ ਦੀ ਰਾਏ, ਸਲਾਹ ਜਾਂ ਚਿਤਾਵਨੀ ਵੱਲ ਧਿਆਨ ਦੇਣ ਦੀ ਜ਼ਰੂਰਤ ਵੀ ਸਮਝੀ ਹੈ ਜੋ ਉਹ ਇਹਨਾਂ ਨੂੰ ਉਮਰ ਭਰ ਸਿੱਧੇ ਰਸਤੇ ਆਉਣ ਲਈ ਤਾੜਦੇ ਵੀ ਰਹੇ? ਉਹਨਾਂ ਦੇ ਰਾਸ਼ਟਰਵਾਦਤਾ ਬਾਰੇ ਵਿਚਾਰ ਬਹੁਤ ਸਪਸ਼ਟ ਹਨ। ਕਾਂਗਰਸ ਨੇ ਸ਼ੁਰੂ ਦੌਰ ਤੋਂ ਅੰਗਰੇਜ਼ਾਂ ਵਿਰੁੱਧ ਲੜਾਈ ਰਾਸ਼ਟਰਵਾਦ ਦੇ ਨਾਂ 'ਤੇ ਹੀ ਲੜੀ, ਜਿਸ ਦਾ ਭਾਵ ਅੰਗਰੇਜ਼ਾਂ ਦੀ ਇੱਥੋਂ ਦੇ ਧਨ ਦੌਲਤ ਸੰਸਾਧਨਾਂ ਦੀ ਲੁੱਟ-ਖਸੁੱਟ ਦੇ ਖਿਲਾਫ ਭਾਰਤ ਵਾਸੀਆਂ ਨੂੰ ਲਾਮਬੰਦ ਕਰਕੇ ਆਜ਼ਾਦੀ ਹਾਸਲ ਕਰਨਾ ਸੀ ਅਤੇ ਆਜ਼ਾਦੀ ਤੋਂ ਬਾਅਦ ਆਪ ਹਕੂਮਤ ਸੰਭਾਲਣਾ ਸੀ। ਪਰ ਜਿੱਥੋਂ ਤੱਕ ਰਾਸ਼ਟਰਵਾਦ ਦਾ ਬਤੌਰ ਸਿਧਾਂਤ ਸਬੰਧ ਹੈ, ਉਸ ਦੇ ਨਾਲ ਉਸ ਦਾ ਨੇੜੇ-ਤੇੜੇ ਦਾ ਵੀ ਲੈਣਾ-ਦੇਣਾ ਨਹੀਂ ਸੀ। ਬਾਬਾ ਸਾਹਿਬ ਨੇ ਉਸ ਸਮੇਂ ਦੀ ਕਾਂਗਰਸ ਦੇ 'ਰਾਸ਼ਟਰਵਾਦ' 'ਤੇ ਆਪਣੀਆਂ ਲਿਖਤਾਂ ਵਿਚ ਵਿਅੰਗ ਕਸਦੇ ਹੋਏ ਲਿਖਿਆ ਹੈ 'ਕੀ ਅਜਿਹੇ ਲੋਕ ਰਾਸ਼ਟਰਵਾਦੀ ਅਖਵਾਉਣ ਦੇ ਹੱਕਦਾਰ ਹੋ ਸਕਦੇ ਹਨ, ਜਿਹੜੇ ਆਪਦੇ ਹੀ ਦੇਸ਼ ਵਾਸੀਆਂ ਦੀ ਬਹੁਤ ਬੜੀ ਗਿਣਤੀ ਨਾਲ ਜਾਨਵਰਾਂ ਤੋਂ ਵੀ ਭੈੜਾ ਅਣਮਨੁੱਖੀ ਸਲੂਕ ਕਰਦੇ ਹਨ। ਜਿਹਨਾਂ ਨੂੰ ਸਦੀਆਂ ਤੋਂ ਮਨੁੱਖੀ ਅਧਿਕਾਰਾਂ, ਵਿੱਦਿਆ-ਸਿੱਖਿਆ, ਲਾਹੇਵੰਦ ਕੰਮ ਧੰਦਿਆਂ ਅਤੇ ਸਰਕਾਰੀ ਨੌਕਰੀਆਂ ਤੋਂ ਦੂਰ (ਵਾਂਝੇ) ਰੱਖਿਆ ਗਿਆ ਅਤੇ ਜਿਹਨਾਂ ਦੀ ਛੋਹ ਅਤੇ ਪਰਛਾਵੇਂ ਨੂੰ ਵੀ ਪਾਪ ਸਮਝਿਆ ਜਾਂਦਾ ਰਿਹਾ ਹੈ? ਇਹ ਲਾਅਨਤਾਂ ਉਹਨਾਂ ਨੇ ਕੇਵਲ ਕਿਤਾਬਾਂ ਜਾਂ ਆਪਦੇ ਲੇਖਾਂ ਤੱਕ ਹੀ ਸੀਮਤ ਨਹੀਂ ਰੱਖੀਆਂ ਸਗੋਂ ਪਾਰਲੀਮੈਂਟ ਜਿਹੇ ਸਰਵਉਚ ਮੰਚ ਤੋਂ ਇਸੇ ਗੱਲ ਨੂੰ ਸਮਝਾਉਣ ਲਈ ਉਹਨਾਂ ਨੇ ਸੰਵਿਧਾਨ ਸਭਾ ਦੇ ਇਜਲਾਸ (25-11-4੦8) ਵਿਚ ਭਾਸ਼ਣ ਦੇ ਦੌਰਾਨ ਖੁੱਲ੍ਹ ਕੇ ਕਿਹਾ, 'ਅਸਲ ਸਚਾਈ ਇਹ ਹੈ ਕਿ ਹਿੰਦੁਸਤਾਨੀ ਲੋਕ ਹਾਲੇ ਕੋਈ ਰਾਸ਼ਟਰ ਨਹੀਂ ਹਨ। ਇਸ ਨੂੰ ਉਸਾਰਨਾ ਹੋਵੇਗਾ। ਇਹ ਵਿਸ਼ਵਾਸ ਕਰਨਾ ਕਿ ਅਸੀਂ ਇਕ ਰਾਸ਼ਟਰ ਹਾਂ, ਆਪਣੇ ਆਪ ਨੂੰ ਬਹੁਤ ਵੱਡੇ ਧੋਖੇ ਵਿਚ ਰੱਖਣ ਵਾਲੀ ਗੱਲ ਹੋਵੇਗੀ। ਕਈ ਹਜ਼ਾਰ ਜਾਤਾਂ ਵਿਚ ਵੰਡੇ ਹੋਏ ਲੋਕਾਂ ਨੂੰ ਇਕ ਰਾਸ਼ਟਰ ਕਿਵੇਂ ਕਿਹਾ ਜਾ ਸਕਦਾ ਹੈ?

ਜਿੰਨੀ ਛੇਤੀ ਅਸੀਂ ਇਸ ਸਚਾਈ ਨੂੰ ਸਮਝ ਲਵਾਂਗੇ ਕਿ ਅਸੀਂ ਸਮਾਜਿਕ ਅਤੇ ਮਨੋਵਿਗਿਆਨਕ ਭਾਵ ਵਿਚ ਰਾਸ਼ਟਰ ਨਹੀਂ ਹਾਂ, ਉਨਾ ਹੀ ਇਹ ਸਾਡੇ ਹਿੱਤ ਵਿਚ ਹੋਵੇਗਾ।' ਕੀ ਅਸੀਂ ਭਾਰਤ ਵਾਸੀ ਉਸ ਵੇਲੇ ਜਾਂ ਹੁਣ ਤੱਕ ਵੀ ਇਕ ਸਮਾਜਿਕ ਅਤੇ ਮਾਨਸਿਕ ਪਾੜੇ ਨੂੰ ਦੂਰ ਕਰ ਸਕੇ ਹਾਂ? ਜਿਸ ਰਾਸ਼ਟਰਵਾਦ ਨੂੰ ਉਸਾਰਨ ਦੀ ਬਾਬਾ ਸਾਹਿਬ ਨੇ ਕਲਪਨਾ ਕੀਤੀ ਸੀ ਕੀ ਅਸੀਂ ਉਸ ਲਈ ਕੁਝ ਕਰ ਸਕੇ ਹਾਂ? ਸੱਚੇ ਰਾਸ਼ਟਰਵਾਦ ਲਈ ਆਦਰਸ਼ ਸਮਾਜ ਦਾ ਹੋਣਾ ਬਹੁਤ ਜ਼ਰੂਰੀ ਹੈ, ਜਿਸ ਦੇ ਬਾਰੇ ਉਹਨਾਂ ਦੇ ਵਿਚਾਰ ਹਨ 'ਇਕ ਆਦਰਸ਼ ਸਮਾਜ ਵਿਚ ਗਤੀਸ਼ੀਲਤਾ ਦਾ ਹੋਣਾ ਅਤੀ ਜ਼ਰੂਰੀ ਹੈ। ਉਹ ਸੰਚਾਰ ਦੇ ਅਜਿਹੇ ਸਾਧਨਾਂ ਨਾਲ ਪਰਿਪੂਰਨ ਹੋਣਾ ਚਹੀਦਾ ਹੈ ਕਿ ਜੇ ਉਸ ਦੇ ਕਿਸੇ ਹਿੱਸੇ ਵਿਚ ਕੋਈ ਤਬਦੀਲੀ ਹੋਵੇ ਉਹ ਉਸ ਨੂੰ ਦੂਜੇ ਹਿੱਸੇ ਤੱਕ ਲੈ ਜਾ ਸਕਣ। ਇਕ ਆਦਰਸ਼ ਸਮਾਜ ਵਿਚ ਵੱਖ-ਵੱਖ ਹਿੱਤਾਂ ਵਿਚ ਟਕਰਾਅ ਨਹੀਂ ਹੁੰਦਾ ਬਲਕਿ ਸਾਰੇ ਲੋਕਾਂ ਦਾ ਆਪਸ ਵਿਚ ਗੂੜ੍ਹਾ ਮੇਲ-ਮਿਲਾਪ ਹੁੰਦਾ ਹੈ। ਆਪਸੀ ਮੇਲ-ਮਿਲਾਪ, ਆਪਸੀ ਸਮਝ-ਸੂਝ ਅਤੇ ਭਾਵਨਾਤਮਕ ਸਾਂਝੇਦਾਰੀ ਨਾਲ ਹੀ ਇਕ ਆਦਰਸ਼ ਸਮਾਜ ਬਣਾਇਆ ਜਾ ਸਕਦਾ ਹੈ। (ਜਾਤਪਾਤ ਦਾ ਬੀਜਨਾਸ) ਲੇਕਿਨ ਕੀ ਅਜਿਹੇ ਵਾਤਾਵਰਣ ਦੇ ਪੈਦਾ ਕਰਨ ਦੀ ਕਿਸੇ ਨੇ ਕੋਸ਼ਿਸ਼ ਕੀਤੀ?

ਇਹ ਤਾਂ ਕਾਂਗਰਸ ਦੇ ਜ਼ਮਾਨੇ ਦੀਆਂ ਗੱਲਾਂ ਹਨ ਲੇਕਿਨ ਫਿਰ ਵੀ ਇਹ ਕ੍ਰੈਡਿਟ (ਯਸ਼) ਕਾਂਗਰਸ ਜਮਾਤ ਨੂੰ ਹੀ ਜਾਂਦਾ ਹੈ ਕਿ ਭਾਰਤ ਦਾ ਆਜ਼ਾਦੀ ਤੋਂ ਬਾਅਦ ਇਕ ਆਦਰਸ਼ ਪ੍ਰਕਾਰ ਦਾ ਸੰਵਿਧਾਨ ਉਸ ਦੇ ਹੀ ਕਾਰਜਕਾਲ ਵਿਚ ਬਣਿਆ ਅਤੇ ਦਲਿਤਾਂ ਅਤੇ ਪੱਛੜਿਆਂ ਨੂੰ ਰਿਜ਼ਰਵੇਸ਼ਨ ਅਤੇ ਹੋਰ ਅਨੇਕਾਂ ਅਧਿਕਾਰ /ਸੁਰੱਖਿਆਵਾਂ ਸ਼ਾਮਲ ਕਰਨ ਲਈ ਬਾਬਾ ਸਾਹਿਬ ਨੂੰ ਮੌਕਾ ਮਿਲਿਆ ਅਤੇ ਜਿਸ ਵਿਚ ਧਰਮ ਨਿਰਪੱਖਤਾ, ਸਮਾਜਵਾਦ ਅਤੇ ਵਿਗਿਆਨਕ ਸੋਚ/ਮਿਜਾਜ਼ ਵਰਗੇ ਸਿਧਾਂਤ ਵੀ ਸ਼ਾਮਲ ਹਨ। ਜਦਕਿ ਸੰਘ ਪਰਿਵਾਰ ਨੇ ਸ਼ੁਰੂ ਤੋਂ ਹੀ ਇਸਦੀ ਵਿਰੋਧਤਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਅੱਜ ਭਾਵੇਂ ਮੋਦੀ ਸਰਕਾਰ ਉਪਚਾਰਿਕਤਾ/ ਮਜਬੂਰੀ ਵੱਸ ਸੰਵਿਧਾਨ ਹੇਠ ਹੀ ਚੱਲ ਰਹੀ ਹੈ ਲੇਕਿਨ ਅਮਲੀ ਰੂਪ ਵਿਚ ਸੰਘ ਦੇ ਏਜੰਡੇ ਅਤੇ ਨੀਤੀਆਂ ਅਨੁਸਾਰ ਹੀ ਚਲਦੀ ਹੈ। ਸਟੇਟਾਂ ਦੇ ਗਵਰਨਰ, ਯੂਨੀਵਰਸਿਟੀਆਂ ਦੇ ਚਾਂਸਲਰ/ ਵਾਈਸ ਚਾਂਸਲਰ, ਪ੍ਰਸ਼ਾਸਨਿਕ ਮੁਖੀ ਸਭ ਸੰਘ ਦੇ ਪ੍ਰਚਾਰਕ ਜਾਂ ਸਬੰਧਤ ਰਹੇ ਹਨ। ਪ੍ਰਧਾਨ ਮੰਤਰੀ ਤੋਂ ਲੈ ਕੇ ਸਭ ਮੰਤਰੀਆਂ ਨੂੰ ਆਪਣੇ ਕੀਤੇ ਕੰਮਾਂ ਦਾ ਲੇਖਾ-ਜੋਖਾ (ਰਿਪੋਰਟ ਕਾਰਡ) ਨਾਗਪੁਰ ਜਾ ਕੇ ਬਿੱਗ ਬਾਸ ਅੱਗੇ ਪੇਸ਼ ਕਰਨਾ ਚਾਹੁੰਦਾ ਹੈ। ਸੰਵਿਧਾਨ ਦੇ ਅੰਦਰਲੀ ਰਾਸ਼ਟਰਵਾਦਤਾ ਦੀ ਜਗ੍ਹਾ ਸੰਘ ਦੀ ਹਿੰਦੂ ਰਾਸ਼ਟਰਵਾਦਤਾ ਹੀ ਗੂੰਜਦੀ ਸੁਣਾਈ ਦਿੰਦੀ ਹੈ, ਜਿਸ ਦਾ ਮੁੱਖ ਕੇਂਦਰ ਦੇਸ਼ ਹਿੱਤ ਨਹੀਂ ਧਰਮ ਵਿਸ਼ੇਸ਼ ਹੈ।



**ਮੁਖਰਜੀ ਸਾਹਿਬ ਦੇ ਨਾਗਪੁਰ ਦੌਰੇ ਨੂੰ ਪਾਰਟੀਆਂ ਨੇ ਆਪਣੇ-ਆਪਣੇ ਢੰਗ ਨਾਲ ਦੇਖਿਆ। ਭਾਜਪਾ ਦੀ ਹੀ ਸਹਿਯੋਗੀ ਪਾਰਟੀ ਸ਼ਿਵ ਸੈਨਾ ਨੇ ਇਸ ਨੂੰ ਭਾਜਪਾ ਦੀ 'ਪਲਾਨ ਬੀ' ਦਾ ਹਿੱਸਾ ਦੱਸਿਆ ਕਿ ਜੇ 2019 ਦੀਆਂ ਆਮ ਚੋਣਾਂ ਵਿਚ ਮੋਦੀ ਬਹੁਮਤ ਜਿੱਤਣ ਤੋਂ ਰਹਿ ਜਾਂਦੇ ਹਨ, ਉਸ ਸੂਰਤ ਵਿਚ ਉਹ ਮੁਖਰਜੀ ਨੂੰ ਬਤੌਰ ਪੀ. ਐਮ. ਕੈਂਡੀਡੇਟ ਪੇਸ਼ ਕਰ ਸਕਦੇ ਹਨ। (ਟ੍ਰਿਬਿਊਨ 11-6-18)। ਲਾਲ ਕ੍ਰਿਸ਼ਨ ਅਡਵਾਨੀ ਨੇ ਵੀ ਆਪਣੇ ਖਾਸ ਅੰਦਾਜ਼ ਵਿਚ ਮੁਖਰਜੀ ਸਾਹਿਬ ਦੇ ਭਾਸ਼ਣ ਦੀ ਪ੍ਰਸ਼ੰਸਾ ਕੀਤੀ ਕਿ ਉਹਨਾਂ ਦਾ ਭਾਸ਼ਣ ਰਾਸ਼ਟਰਵਾਦ ਦੀ ਸ਼ਾਨਦਾਰ ਵਿਆਖਿਆ ਸੀ। ਖੁੱਲ੍ਹ ਕੇ ਇਸ ਲਈ ਨਹੀਂ ਬੋਲੇ ਕਿਉਂਕਿ ਉਹਨਾਂ ਨੂੰ ਯਾਦ ਸੀ ਕਿ ਉਹਨਾਂ ਦੇ ਪਾਕਿਸਤਾਨੀ ਦੌਰੇ ਦੌਰਾਨ ਜਦ ਉਹਨਾਂ ਨੇ ਮੁਹੰਮਦ ਅਲੀ ਜਿਨਾਹ ਦੀ ਤਾਰੀਫ ਵਿਚ ਉਸ ਨੂੰ ਮਹਾਨ ਧਰਮ ਨਿਰਪੱਖ ਪੁਰਸ਼ (ਸੈਕੂਲਰ) ਕਹਿ ਦਿੱਤਾ ਤਾਂ ਉਸ ਨੂੰ ਸੰਘ ਹੱਥੋਂ ਕਿੰਨੀ ਭਾਰੀ ਕੀਮਤ ਚੁਕਾਉਣੀ ਪਈ ਸੀ। ਮੋਹਨ ਭਾਗਵਤ ਨੇ ਇਸ ਮੌਕੇ ਤੇ ਪਹਿਲਾਂ ਬੋਲਦੇ ਹੋਏ ਕਿਹਾ, 'ਲੋਕਾਂ ਦੀ ਸੋਚ, ਰਹਿਣ-ਸਣਿ ਅਤੇ ਧਾਰਮਿਕ ਮਤ/ ਵਿਚਾਰ ਅੱਡੋ-ਅੱਡ ਹੋ ਸਕਦੇ ਹਨ ਲੇਕਿਨ ਸੰਘ ਨੇ ਇਸ ਭਿੰਨਤਾ ਨੂੰ ਹਮੇਸ਼ਾ ਸਵੀਕਾਰਤਾ ਦਿੱਤੀ ਹੈ ਅਤੇ ਸਭ ਨੂੰ ਆਪਣੇ ਢੰਗ ਨਾਲ ਆਚਰਣ ਕਰਨ ਦੀ ਪੂਰੀ ਆਜ਼ਾਦੀ ਹੈ ਕਿਉਂਕ ਸਭ ਲੋਕ ਭਾਰਤ ਮਾਤਾ ਦੀ ਸੰਤਾਨ ਹਨ।**

ਮੁਖਰਜੀ ਸਾਹਿਬ ਦੇ ਨਾਗਪੁਰ ਦੌਰੇ ਨੂੰ ਪਾਰਟੀਆਂ ਨੇ ਆਪਣੇ-ਆਪਣੇ ਢੰਗ ਨਾਲ ਦੇਖਿਆ। ਭਾਜਪਾ ਦੀ ਹੀ ਸਹਿਯੋਗੀ ਪਾਰਟੀ ਸ਼ਿਵ ਸੈਨਾ ਨੇ ਇਸ ਨੂੰ ਭਾਜਪਾ ਦੀ 'ਪਲਾਨ ਬੀ' ਦਾ ਹਿੱਸਾ ਦੱਸਿਆ ਕਿ ਜੇ 2019 ਦੀਆਂ ਆਮ ਚੋਣਾਂ ਵਿਚ ਮੋਦੀ ਬਹੁਮਤ ਜਿੱਤਣ ਤੋਂ ਰਹਿ ਜਾਂਦੇ ਹਨ, ਉਸ ਸੂਰਤ ਵਿਚ ਉਹ ਮੁਖਰਜੀ ਨੂੰ ਬਤੌਰ ਪੀ. ਐਮ. ਕੈਂਡੀਡੇਟ ਪੇਸ਼ ਕਰ ਸਕਦੇ ਹਨ। (ਟ੍ਰਿਬਿਊਨ 11-6-18)। ਲਾਲ ਕ੍ਰਿਸ਼ਨ ਅਡਵਾਨੀ ਨੇ ਵੀ ਆਪਣੇ ਖਾਸ ਅੰਦਾਜ਼ ਵਿਚ ਮੁਖਰਜੀ ਸਾਹਿਬ ਦੇ ਭਾਸ਼ਣ ਦੀ ਪ੍ਰਸ਼ੰਸਾ ਕੀਤੀ ਕਿ ਉਹਨਾਂ ਦਾ ਭਾਸ਼ਣ ਰਾਸ਼ਟਰਵਾਦ ਦੀ ਸ਼ਾਨਦਾਰ ਵਿਆਖਿਆ ਸੀ। ਖੁੱਲ੍ਹ ਕੇ ਇਸ ਲਈ ਨਹੀਂ ਬੋਲੇ ਕਿਉਂਕਿ ਉਹਨਾਂ ਨੂੰ ਯਾਦ ਸੀ ਕਿ ਉਹਨਾਂ ਦੇ ਪਾਕਿਸਤਾਨੀ ਦੌਰੇ ਦੌਰਾਨ ਜਦ ਉਹਨਾਂ ਨੇ ਮੁਹੰਮਦ ਅਲੀ ਜਿਨਾਹ ਦੀ ਤਾਰੀਫ ਵਿਚ ਉਸ ਨੂੰ ਮਹਾਨ ਧਰਮ ਨਿਰਪੱਖ ਪੁਰਸ਼ (ਸੈਕੂਲਰ) ਕਹਿ ਦਿੱਤਾ ਤਾਂ ਉਸ ਨੂੰ ਸੰਘ ਹੱਥੋਂ ਕਿੰਨੀ ਭਾਰੀ ਕੀਮਤ ਚੁਕਾਉਣੀ ਪਈ ਸੀ।

ਮੋਹਨ ਭਾਗਵਤ ਨੇ ਇਸ ਮੌਕੇ ਤੇ ਪਹਿਲਾਂ ਬੋਲਦੇ ਹੋਏ ਕਿਹਾ, 'ਲੋਕਾਂ ਦੀ ਸੋਚ, ਰਹਿਣ-ਸਣਿ ਅਤੇ ਧਾਰਮਿਕ ਮਤ/ ਵਿਚਾਰ ਅੱਡੋ-ਅੱਡ ਹੋ ਸਕਦੇ ਹਨ ਲੇਕਿਨ ਸੰਘ ਨੇ ਇਸ ਭਿੰਨਤਾ ਨੂੰ ਹਮੇਸ਼ਾ ਸਵੀਕਾਰਤਾ ਦਿੱਤੀ ਹੈ ਅਤੇ ਸਭ ਨੂੰ ਆਪਣੇ ਢੰਗ ਨਾਲ ਆਚਰਣ ਕਰਨ ਦੀ ਪੂਰੀ ਆਜ਼ਾਦੀ ਹੈ ਕਿਉਂਕ ਸਭ ਲੋਕ ਭਾਰਤ ਮਾਤਾ ਦੀ ਸੰਤਾਨ ਹਨ। ਸੰਘ ਦਾ ਦੂਜਿਆਂ ਦੀਆਂ ਵਿਚਾਰਧਾਰਾਵਾਂ ਨਾਲ ਕੋਈ ਟਕਰਾਅ ਨਹੀਂ। ਅਸੀਂ ਆਪਣੇ ਮੱਤ ਦੇ ਆਧਾਰ 'ਤੇ ਕਿਸੇ ਨਾਲ ਨਫਰਤ ਨਹੀਂ ਕਰਦੇ। 40 ਹਜ਼ਾਰ ਸਾਲ ਪਹਿਲਾਂ ਸਭ ਭਾਰਤੀਆਂ ਦਾ ਡੀ. ਐਨ. ਏ. ਇਕੋ ਸੀ। ਲੋਕਤੰਤਰ ਤੋਂ ਬਿਨਾਂ ਦੇਸ਼ ਦੀ ਉਨਤੀ ਅਤੇ ਵਿਕਾਸ ਸੰਭਵ ਨਹੀਂ ਹੈ।'

ਸੰਘ ਮੁਖੀ ਦੇ ਮੂੰਹ ਤੋਂ ਪ੍ਰੇਮ ਪਿਆਰ, ਸਹਿਣਸ਼ੀਲਤਾ, ਦੇਸ਼ ਵਾਸੀਆਂ ਦੀ ਏਕਤਾ, ਉਦਾਰਵਾਦਤਾ ਜਿਹੇ ਮਿੱਠੇ ਸ਼ਬਦਾਂ 'ਤੇ ਚੋਟ ਕਰਦਿਆਂ ਇਕ ਲੇਖਕ, ਸ਼ਿਵ ਵਿਸ਼ਵਾਨਾਥਨ ਲਿਖਦੇ ਹਨ, 'ਸੰਘ ਦੀ ਵਿਚਾਰਧਾਰਾ, ਨੀਤੀਆਂ ਅਤੇ ਏਜੰਡੇ ਬਾਰੇ ਇੰਨੀਆਂ ਸੋਹਣੀਆਂ ਗੱਲਾਂ ਕਰਕੇ ਲੱਗਦਾ ਹੈ ਕਿ ਭਾਗਵਤ ਜੀ ਲਿੰਕਨਦੇ ਹੀ ਕਥਨ ਦਾ ਸੋਧਿਆ ਰੂਪ ਪੇਸ਼ ਕਰ ਰਹੇ ਹਨ ਕਿ 'ਕੁਝ ਲੋਕਾਂ ਨੂੰ ਕੁਝ ਸਮੇਂ ਲਈ ਬੁੱਧੂ ਬਣਾਇਆ ਜਾ ਸਕਦਾ ਹੈ ਲੇਕਿਨ ਭਾਰਤ ਵਿਚ ਇਕ ਭਾਰਤੀ ਨੂੰ ਹਮੇਸ਼ਾ ਲਈ ਬੁੱਧੂ ਬਣਾਉਣਾ ਅਸੰਭਵ (ਨਾਮੁਮਕਿਨ) ਨਹੀਂ ਹੈ।' ਲੇਖਕ ਅੱਗੇ ਲਿਖਦਾ ਹੈ ਕਿ 'ਸਾਡੀ ਮੂਰਖ ਗੱਲਾਂ ਨੂੰ ਬਰਦਾਸ਼ਤ ਕਰਨ ਦੀ ਸ਼ਕਤੀ ਵੀ ਅਸਚਰਜਜਨਕ ਹੈ।' ਸੰਘ ਪ੍ਰਮੁੱਖ ਦੀਆਂ ਹਵਾਈ ਗੱਲਾਂ ਤੇ ਇਸ ਤੋਂ ਵੱਧ ਠੋਕਵੀਂ ਟਿੱਪਣੀ ਹੋਰ ਕੀ ਹੋ ਸਕਦੀ ਹੈ?

ਅਜਿਹੇ ਵਿਚ ਪ੍ਰਣਬ ਦਾਦਾ ਦਾ ਸੰਘ ਦਾ ਨਿਮੰਤਰਣ ਸਵੀਕਾਰ ਕਰਨਾ, ਉਥੇ ਜਾ ਕੇ ਵਾਜਿਆਂ-ਗਾਜਿਆਂ ਵਿਚ ਭਾਸ਼ਣ ਦੇਣਾ (ਭਾਵ ਕਿਸੇ ਤਰ੍ਹਾਂ ਦਾ ਸੀ) ਕਾਫੀ ਅਜੀਬ ਜਿਹਾ ਲੱਗ ਰਿਹਾ ਹੈ। ਪਰ ਮੁਖਰਜੀ ਸਾਹਿਬ ਦੇ ਦਿਲ ਦੀਆਂ ਕੌਣ ਜਾਣੇ ਕਿ ਉਹ ਨਵਿਆਂ ਰਸਤਿਆਂ 'ਤੇ ਪੈ ਕੇ ਹਿਕੜੀ ਨਵੀਂ ਪਛਾਣ ਬਣਾ ਰਹੇ ਹਨ।

# ਬਾਬਾ ਸਾਹਿਬ ਅੰਬੇਦਕਰ ਦਾ ਪਟਿਆਲਾ ਵਿੱਚ ਭਾਸ਼ਨ



ਹਰਦੀਪ ਸਿੰਘ ਚੁੰਬਰ
+91-94636-01616

ਬਾਬਾ ਸਾਹਿਬ ਪਟਿਆਲਾ ਆਏ ਤੇ ਉਹਨਾਂ ਦੂਰ ਦੂਰ ਤੋਂ ਪਹੁੰਚੇ ਲੋਕਾਂ ਨੂੰ ਖਰਾਬ ਸਿਹਤ ਹੋਣ ਦੇ ਬਾਵਜੂਦ ਸੰਬੋਧਨ ਕੀਤਾ। ਸਮੁੱਚਾ ਭਾਰਤ ਬਾਬਾ ਸਾਹਿਬ ਦਾ ਕਰਜ਼ ਕਦੀ ਵੀ ਨਹੀਂ ਚੁੱਕਾ ਸਕਦਾ। ਜੋ ਕੰਮ ਉਹਨਾਂ ਭਾਰਤ ਲਈ ਖਰਾਬ ਸਿਹਤ ਹੋਣ ਦੇ ਬਾਵਜੂਦ ਕੜੀ ਮਿਹਨਤ ਕਰ ਰਿਕਾਰਡ ਸਮੇਂ 2 ਸਾਲ 11 ਮਹੀਨੇ 18 ਦਿਨਾਂ ਵਿਚ ਸਾਰੇ ਧਰਮਾਂ ਦਾ ਬਰਾਬਰ ਸਨਮਾਨ, ਸਾਰੀਆਂ ਜਾਤੀਆਂ ਨੂੰ ਜੋੜਨ ਵਾਲਾ ਭਾਰਤ ਲਈ ਦੁਨੀਆਂ ਦਾ ਬਿਹਤਰ ਸਵਿਧਾਨ ਤਿਆਰ ਕੀਤਾ ਸੀ। ਉਹ ਸਵਿਧਾਨ ਸਭਾ ਦੇ ਅਧਿਅਕਸ ਸਨ । ਸਵਿਧਾਨ ਸਭਾ ਦੇ 7 ਮੈਂਬਰ ਚੁੱਣੇ ਹੋਣ ਦੇ ਬਾਵਜ਼ਦ ਇਹ ਉਹਨਾਂ ਇੱਕਲਿਆਂ ਦੀ ਮਿਹਨਤ ਸੀ, ਕਿਉਂਕਿ ਸਭਾ ਦੇ 6 ਮੈਂਬਰ ਸਵਿਧਾਨ ਬਨਾਉਣ ਵਿਚ ਕੋਈ ਯੋਗਦਾਨ ਨਹੀਂ ਪਾ ਸਕੇ, ਕਿਉਂਕਿ ਸਾਰਾ ਭਾਰ ਬਾਬਾ ਸਾਹਿਬ ਉਤੇ ਹੀ ਆ ਪਿਆ ।

ਬਾਬਾ ਸਾਹਿਬ ਸਵਿਧਾਨ ਬਨਾਣ ਦੇ ਕੰਮ ਨੂੰ ਅਚਾਨਕ ਗਲਤੀ ਨਾਲ ਮੱਛੀ ਹੱਥ ਵਿੱਚ ਆਉਣ ਵਾਲਾ ਕੰਮ ਨਹੀ ਬਲਕਿ ਬਗੈਰ ਪਾਣੀ ਤੋਂ ਮੱਛੀਆਂ ਲਭਣ ਵਰਗਾ ਕੰਮ ਕਿਹਾ ਸੀ। ਸਵਿਧਾਨ ਬਨਾਉਣ ਦੀ ਪ੍ਰੀਕਿਰਿਆ ਦਾ ਸਾਰਾ ਕੰਮ ਇਸ ਭਾਵ ਨਾਲ ਕੀਤਾ ਗਿਆ ਸੀ ਕਿ ਭਾਰਤ 10 ਸਾਲ ਦੇ ਹੀ ਸਮੇ ਦਾ ਸਮੁੱਚਾ ਸਮਾਜ ਸਮਤਾ, ਸਮਾਨਤਾ, ਭਾਈਚਾਰੇ ਵਾਲਾ ਇਕ ਮਜਬੂਤ ਰਾਸ਼ਟਰ ਬਣ ਜਾਵੇ । ਵਰਣ ਵਿਵਸਥਾ ਦੀ ਮਾਰ ਦੀ ਵਜਾਹ ਕਾਰਨ, ਜੀਵਨ ਦੀ ਦੌੜ ਵਿੱਚ ਭਾਰਤ ਦੇ ਪਛੜ ਚੁੱਕੇ ਕਬੀਲਿਆਂ ਅਤੇ ਜਾਤੀਆਂ ਲਈ ਬਰਾਬਰ ਦੀ ਹਿੱਸੇਦਾਰੀ ਉਤੇ ਲਿਆਉਣ ਲਈ ਸਪੈਸ਼ਲ ਰਿਜਰਵੇਸ਼ਨ ਦੀ ਸਹੂਲਤ ਇਸ ਲਈ ਸਿਰਫ 10 ਸਾਲਾਂ ਲਈ ਹੀ ਰੱਖੀ ਸੀ। ਉਹਨਾਂ ਦਾ ਮੰਨਣਾ ਸੀ ਕਿ ਭਾਰਤ ਵਿਚ ਸਮਾਜਿਕ ਬੁਰਾਈਆਂ ਅਤੇ ਅਛੂੱਤਤਾ ਦਾ ਖਾਤਮਾ 10 ਸਾਲਾਂ ਵਿਚ ਹੋ ਸਕਦਾ ਹੈ। ਇਹ ਉਹਨਾਂ ਦੀ ਸੋਚ ਅਤੇ ਉਹਨਾਂ ਕੰਮ ਦੇ ਹਿਸਾਬ ਠੀਕ ਵੀ ਸੀ। ਕਿਉਂਕਿ ਇੱਕਠੇ ਆਜਾਦ ਹੋਏ ਦੋ ਦੇਸ਼, ਭਾਰਤ ਅਤੇ ਪਾਕਿਸਤਾਨ ਦਾ ਅੰਤਰ ਦੇਖੀਏ, ਅਤੇ ਜੇ ਸਵਿਧਾਨ ਬਨਾਉਣ ਦੇ ਕੰਮ ਨੂੰ ਮੰਨ ਲਈਏ ਤਾਂ ਬਾਬਾ ਸਾਹਿਬ ਦੇ ਕੰਮ ਕਰਨ ਦੀ ਗਤੀ ਦਾ ਕੋਈ ਮੁਕਾਬਲਾ ਨਹੀ ਸੀ । ਇੱਕੋ ਧਰਮ ਦੇ ਅਧਾਰ ਤੇ ਬਣੇ ਪਾਕਿਸਤਾਨ ਨੇ 25 ਸਾਲਾਂ ਵਿਚ ਆਪਣਾ ਸਵਿਧਾਨ ਬਣਾਇਆ, ਉਹ ਹੀ ਕੰਮ ਬਾਬਾ ਸਾਹਿਬ ਨੇ ਭਾਰਤ ਲਈ ਜੋ ਬਹੁ ਧਰਮ ਅਤੇ ਜਾਤੀਵਾਦ ਵਰਗੀਆਂ ਕਈ ਕਠਨਾਈਆਂ ਦੇ ਬਾਵਜੂਦ ਕਰੀਬ 2 ਸਾਲ 11 ਮਹੀਨੇ 18 ਦਿਨਾਂ ਵਿੱਚ ਪੂਰਾ ਕਰ ਦਿਤਾ ਸੀ।

ਉਹਨਾਂ ਸੁਚੇਤ ਕਰਦੇ ਕਿਹਾ ਸੀ ਭਾਰਤ ਦਾ ਵਿਕਸ਼ਿਤ ਰਾਸ਼ਟਰ ਬਣਨਾਂ ਭਾਰਤ ਦੀਆਂ ਰਾਜ਼ਨੀਤਿਕ ਪਾਰਟੀਆਂ ਅਤੇ ਰਾਜ਼ਨੀਤਿਕ ਲੋਕਾਂ ਦੀ ਕਾਰਜ ਸ਼ੈਲੀ, ਉਹਨਾਂ ਦੀ ਮਾਨਵਤਾ ਪ੍ਰਤੀ ਭਾਵਨਾਂ, ਇਮਾਨਦਾਰੀ ਦੀ ਡਿਗਰੀ ਉਤੇ ਨਿਰਭਰ ਕਰਦਾ ਹੈ। ਸਵਿਧਾਨ ਆਪਣੇ ਆਪ ਵਿੱਚ ਮੁਕੱਮਲ ਹੈ ਇਸ ਦਾ ਫੇਲ ਜਾਂ ਪਾਸ ਹੋਣਾ ਉਸ ਉਤੇ ਕੰਮ ਕਰਨ ਵਾਲੀਆਂ ਦੀ ਨੀਯਤKਸੋਚ ਉਤੇ ਨਿਰਭਰ ਰਹੇਗਾ। ਹੋਰ ਅਗੇ ਉਹਨਾਂ ਕਿਹਾ ਕਿ ਭਾਰਤ ਨੂੰ ਅਗੇ ਵਧਾਉਣ ਲਈ ਕਿਸੇ ਵਿਅਕਤੀ ਨੂੰ ਵੋਟ ਪਾਉਣ ਦਾ ਫੈਸਲਾ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਾ ਚਾਹੀਦਾ ਹੈ। ਕਿਹਾ ਕਿ ਕਾਂਗਰਸ ਪਾਰਟੀ ਸਤਾਹ ਵਿਚ ਹੈ ਚਾਲੀ ਸਾਲਾਂ ਤੋਂ ਅਤੇ ਇਸਦੇ ਕੋਲ ਇਸ ਦੇ ਖਰਚ ਕਰਨ ਲਈ ਕਾਫੀ ਧਨ ਹੈ। ਇਸ ਤੋਂ ਪਤਾ ਲਗਦਾ ਹੈ ਕਿ ਰਾਜਨੀਤੀ ਵਿਚ ਧਨ ਦਾ ਬੋਲਬਾਲਾ ਭਾਰਤ ਵਿਚ ਕਾਂਗਰਸ ਜਿਹੀ ਅਮੀਰ ਪਾਰਟੀ ਨੇ ਮੁਢ ਬੰਨਿਆ। ਕਾਂਗਰਸ ਦੀ ਸੋਚ ਸੀ ਕਿ ਕੋਈ ਹੋਰ ਪਾਰਟੀ ਇੰਨੀ ਤਾਕਤਵਰ ਨਹੀਂ, ਸਰਕਾਰ ਚਲਾ ਸਕੇ, ਰਾਜਨੀਤੀ ਵਿਚ ਮਨੋਂਪਲੀ ਨੂੰ ਜਨਮ ਦੇਣਾ ਸੀ। ਨੈਤਿਕਤਾ ਦੀ ਕੀਮਤ ਉਤੇ ਧਨ ਕਮਾਉਣਾ, ਅਨੈਤਿਕ ਢੰਗ ਨਾਲ ਕਮਾਏ ਧਨ ਨੂੰ ਸਤਾਹ ਪ੍ਰਾਪਤੀ ਲਈ ਖਰਚਣਾ, ਸਮਾਜ ਵਿਚ ਬਹੁਤ ਸਾਰੀ ਬੁਰਾਈਆਂ ਨੂੰ ਜਨਮ ਦਿੰਦਾ ਹੈ।

ਭਾਰਤ ਦੀ ਲੋਕਰਾਜ ਦੀ ਸੁਰੂਆਤ ਵਿਚ ਹੀ ਅਨੈਤਿਕਤਾ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਅਤੇ ਕਾਲਾ-ਬਜਾਰੀ ਦੇ ਬੀਜ ਨੂੰ ਖਾਦ ਪਾਣੀ ਪਾਇਆ ਗਿਆ। ਵਰਣਵਾਦੀ ਸਮਾਜ ਵਿਚ ਪਹਿਲਾਂ ਤੋਂ ਅਮੀਰ ਜਾਤੀਆਂ ਦੀ ਖੁਸ਼ਹਾਲੀ ਉਤੇ ਸਵਰਣਾਂ ਦੇ ਏਕਾਅਧਿਕਾਰ ਦੀ ਮਾਨਸ਼ਿਕਤਾ ਵਾਲੇ ਭਾਰਤ ਦੀ ਸਤਾਹ ਉਤੇ ਕਾਬਿਜ ਨੇਤਾਵਾਂ ਨੇ ਸਵਿਧਾਨ ਦਾ ਘੱਟੋ ਘੱਟ ਵਰਤੋਂ ਕਰ, ਬੇਰੋਕ-ਟੋਕ ਸਵੈਹਿਤ ਲਈ ਫੈਸਲੇ ਲਏ, ਸਵਿਧਾਨਿਕ ਸੋਧਾ ਕੀਤੀਆਂ । ਸਵਾਰਥੀ ਦਲਿਤ ਬਾਬਾ ਸਾਹਿਬ ਦੀ ਮਿਹਨਤ ਕਾਰਨ ਮਿਲੀ ਰਿਜਰਵੇਸ਼ਨ ਕਾਰਨ, ਰਿਜਰਵ ਸ਼ੀਟਾਂ ਤੋਂ ਬਣੇ ਦਲਿਤ ਨੇਤਾ ਲੋਕਾਂ ਨੇ ਬਾਬਾ ਸਾਹਿਬ ਦਾ ਹੀ ਸਾਥ ਛੱਡ ਦਲਿਤ ਸਮਾਜ ਦੇ ਵਿਰੁਧ ਕੰਮਾਂ ਵਿਚ ਖੁੱਲਕੇ ਸਾਥ ਦੇਣ ਕਾਰਨ, ਬਿਲਾ ਕਿਸੇ ਰੋਕ ਟੋਕ ਕੰਮ ਕਰਨ ਲਈ ਉਹਨਾਂ ਦੇ ਹੌਸਲੇ ਹੋਰ ਬੁਲੰਦ ਕੀਤੇ।

ਉਸ ਸਮੇ ਕਾਂਗਰਸ ਵਿਚ ਸਾਮਲ ਦਲਿਤ ਨੇਤਾਵਾਂ ਦੇ ਸਵਾਰਥੀਪਣ ਕਾਰਨ, ਪਹਿਲਾਂ, ਤਾਂ ਉਸ ਦੇ ਹੀ ਕਾਰਨ ਸਵਿਧਾਵਾਂ ਦਾ ਘਾਟ ਕਾਰਨ ਅਤੇ ਸਮਾਜ ਦੇ ਪਛੜੇ ਵਰਗ ਦੀ ਬਣਦੀ ਹਿਸੇਦਾਰੀ ਨਹੀਂ ਲੈ ਪਾਏ, ਦੂਜਾ, ਰਿਜਰਵੇਸ਼ਨ ਨੂੰ ਵਧਾਉਣ ਦੇਣ ਦੀ ਕੀਮਤ ਉਤੇ ਪਛੜੇ ਵਰਗਾਂ ਦੇ ਨੇਤਾ ਆਪਣੀ ਕੁਰਸੀ ਦੀ ਸਲਾਮਤੀ ਦੇਖ, ਦਲਿਤ ਵਿਰੋਧੀ ਨੀਤੀਆਂ ਦਾ ਵਿਰੋਧ ਨਾਂ ਕਰ ਸਕੇ, ਉਹਨਾਂ ਦੇ ਅਨੈਤਿਕ ਫੈਸ਼ਲਿਆਂ ਦਾ ਅਲਗ ਅਲਗ ਢੰਗ ਨਾਲ ਸਮਰਥਨ ਕਰਦੇ ਰਹੇ, ਤੀਜਾ ਉਹੀ ਨੇਤਾ ਦਲਿਤ ਸਮਾਜ ਲਈ ਬਾਬਾ ਸਾਹਿਬ ਨਾਲ ਅਤੇ ਉਹਨਾਂ ਦੀ ਸੋਚ ਅਨੁਸਾਰ ਚਲਣ ਵਾਲੇ ਸੰਗਠਨਾਂ ਨੂੰ ਖਤਮ ਕਰਨ ਦਾ ਕੰਮ ਕੀਤਾ। ਦਲਿਤ ਸ਼ਕਤੀ ਨੂੰ ਤੋੜ ਦਲਿਤ ਵਿਰੋਧੀ ਪਾਰਟੀਆਂ ਦੀ ਝੋਲੀ ਪਾਉਂਦੇ ਰਹੇ। ਦੁਨੀਆਂ ਦੀ ਸਭ ਤੋਂ ਗੰਦੀ ਬਿਮਾਰੀ ਜੋ ਸਿਰਫ ਭਾਰਤ ਵਿਚ ਹੈ, ਉਸ ਬਿਮਾਰੀ ਅਛੂਤਤਾ ਦਾ ਬਣਾਏ ਰਖਣ ਵਿਚ ਸਹਿਯੋਗ ਦਿਤਾ।

ਬਾਬਾ ਸਾਹਿਬ ਭਾਰਤ ਵਿਚੋ ਛੂਤ-ਛਾਤ ਦੀ ਸਮਸਿਆ ਨੂੰ ਜਲਦ ਤੋਂ ਜਲਦ ਖਤਮ ਕਰਨਾ ਚਾਹੁੰਦੇ ਸਨ। ਉਹਨਾਂ ਦੀ ਇਸ ਚਿੰਤਾ ਨੂੰ ਬਹੁਤ ਪਹਿਲਾ ਹੀ ਉਜਾਗਰ ਕਰ ਦਿਤਾ ਸੀ ਜਦੋਂਣ 6 ਮਈ 1916 ਨੂੰ ਬਾਬਾ ਸਾਹਿਬ ਨੇ ਕੋਲੰਬੀਆ ਯੂਨੀਵਰਸ਼ਟੀ, ਨਿਊਯਾਰਕ, ਸੰਯੁਤਕ ਰਾਜ ਅਮਰੀਕਾ ਵਿਖੇ ਡਾ. ਏ. ਏ. ਗੋਲਡਨਵਾਈਜ਼ਰ ਮਾਨਵ ਵਿ-ਗਆਨ ਬਾਰੇ ਵਿਚਾਰ ਗੋਸ਼ਟੀ ਅਗੇ ਆਪਣਾ ਖੋਜ਼ ਪੱਤਰ ਪੜ੍ਹਿਆ ਸੀ। ਉਸ ਵਿਚ ਉਹਨਾਂ ਕਿਹਾ ਸੀ ਕਿ "ਜੇਕਰ ਹਿੰਦੂ ਧਰਤੀ ਉਤਲੇ ਕਿਸੇ ਵੀ ਖੇਤਰ ਉਤੇ ਪ੍ਰਵਾਸ ਕਰ ਲੈਂਦੇ ਹਨ ਤਾਂ ਭਾਰਤ ਦੀ ਜਾਤ-ਪਾਤ ਸੰਸਾਰ ਦੀ ਸਮਸਿਆ ਬਣ ਜਾਵੇਗੀ। "

ਸਤਾਹ ਉਤੇ ਕਾਬਿਜ ਲੋਕਾਂ ਦੇ ਫੈਸਲਿਆਂ ਕਾਰਨ ਅਮੀਰਾਂ ਅਤੇ ਗਰੀਬਾਂ ਦੇ ਪਾੜੇ ਵਿਚ ਬਹੁਤ ਵੱਧਾ ਹੋਣਾ ਸੁਰੂ ਹੋਇਆ। ਆਲ ਇੰਡੀਆ ਕਾਂਗਰਸ ਜਨਰਲ ਸੈਸ਼ਨ ਨੂੰ ਸੰਬੋਧਨ ਕਰਦਿਆਂ ਪ੍ਰਧਾਨਗੀ ਭਾਸ਼ਨ 'ਤੇ ਪੰਡਿਤ ਨਹਿਰੂ ਨੇ ਕਿਹਾ ਸੀ ਕਿ ਦੂਜੇ ਦੇਸ਼ਾਂ ਦੇ ਮੁਕਾਬਲੇ ਭਾਰਤ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਬਹੁਤ ਛੋਟੇ ਪੱਧਰ 'ਤੇ ਹੈ, ਕਿਸੇ ਉਤੇ ਦੋਸ਼ ਲਗਣ ਉਤੇ ਕਾਰਵਾਈ ਨੂੰ ਅਣਗੌਲਿਆ ਕਰਦੇ ਰਹੇ। ਬਹੁਤ ਸਾਰੇ ਮੰਤਰੀ ਰਿਸ਼ਵਤਾਂ ਲੈਂਦੇ ਰਹੇ ਅਤੇ ਸਰਕਾਰ ਵਿਚ ਮਾਣਯੋਗ ਮੰਤਰੀ ਬਣੇ ਰਹੇ, ਕਿਸੇ ਨੇ ਕੋਈ ਕਾਰਵਾਈ ਨਹੀਂ ਕੀਤੀ। ਪਰ ਉਨ੍ਹਾਂ ਨੂੰ ਇਸ ਦੀ ਉਲਟ ਜੋ ਲੋਕ ਇਨ੍ਹਾਂ ਮੰਤਰੀਆਂ ਉਤੇ ਦੋਸ਼ ਲਗਾਉਂਦੇ ਹਨ ਉਨ੍ਹਾਂ ਨੂੰ ਜੇਲ੍ਹ ਭੇਜਿਆ ਜਾਂਦਾ ਰਿਹਾ। ਪੰਜਾਬ ਵਿਚ ਸ਼੍ਰੀ ਸ਼ੱਚਰ ਅਤੇ ਡਾ. ਭਾਰਗਵ ਦੋਵਾਂ ਨੇ ਰਿਸ਼ਵਤਖੋਰੀ ਕੀਤੀ, ਕੋਈ ਕਾਰਵਾਈ ਨਹੀ। ਉਹਨਾਂ ਉਧਾਰਨ ਦਿਤੀ ਸੀ ਕਿ ਇੰਗਲੈਂਡ ਵਿਚ, ਹਾਊਸ ਆਫ ਕਾਮਨਜ਼ ਇੱਕ ਮੰਤਰੀ ਉਤੇ ਰਿਸ਼ਵਤ ਦਾ ਦੋਸ਼ ਲਗਾ ਪ੍ਰਧਾਨਮੰਤਰੀ ਐਟਲੀ ਨੇ ਉਸ ਨੂੰ ਮੰਤਰੀ ਨੂੰ ਦਫ਼ਤਰ ਤੋਂ ਬਾਹਰ ਕਰ ਦਿੱਤਾ।

ਬਾਬਾ ਸਾਹਿਬ ਦੇ ਭਾਸ਼ਣ ਵਿੱਚ ਕਹੇ ਗਏ ਤੱਥ ਇਹ ਦਸਣ ਲਈ ਸਖਸ਼ਮ ਹਨ ਕਿ ਕਾਂਗਰਸ ਪਾਰਟੀ ਜੋ ਸ਼ਕਤੀਸਾਲੀ ਪਾਰਟੀ ਸੀ ਦੇਸ਼ ਨੂੰ ਕਿਸ ਦਿਸ਼ਾ ਵਿਚ ਲਿਜਾਣ ਦਾ ਕੰਮ ਕੀਤਾ। ਉਸ ਸਮੇ ਦੇ ਕਿ ਸ਼ਾਸ਼ਨ ਕਰਨ ਵਾਲੇ ਵਰਗ ਦੀ ਜੋ ਮਾਨਸਿਕਤਾ ਨੇ ਦੇਸ਼ ਦੇ ਭਵਿੱਖ ਨੂੰ ਦਿਸ਼ਾ ਦਿਤੀ, ਜਿਸ ਨੇ ਬਾਬਾ ਸਾਹਿਬ ਦੀ ਸੋਚ ਦੇ ਉਲਟ ਕੰਮ ਕੀਤਾ। ਭਾਰਤ ਦੇ ਸਵਿਧਾਨ ਦੀ ਦਿਸ਼ਾ ਵਿਚ ਸਮਾਜ ਵਿਚ ਸਮਾਨਤਾ ਲਿਆਉਣ, ਅਛੂੱਤਤਾ ਖਤਮ ਕਰਨ ਦਾ ਕੰਮ ਕਦੀ ਨਾਂ ਹੋਣ ਵਾਲਾ ਬਣਾ ਦਿਤਾ ਹੈ। ਉਸ ਦੇ ਉਲਟ ਸਮਾਜ ਦੇ ਪਛੜ ਚੁੱਕੇ ਵਰਗ ਨੂੰ ਭਾਗੀਦਾਰੀ ਦੇ ਬਰਾਬਰ ਲਿਆਉਣ ਵਾਲੇ ਪ੍ਰਬੰਧ "ਰਿਜਰਵੇਸ਼ਨ" ਨੂੰ ਖਤਮ ਕਰਨ ਵੱਲ ਦੇਸ਼ ਨੂੰ ਵਧਾ ਰਹੇ ਹਨ।

ਉਹ ਕੋਈ ਸਧਾਰਨ ਮਨੁੱਖ ਨਹੀ ਸਨ। ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ ਨੂੰ ਦੇਖ ਕਹਿ ਸਕਦੇ ਹਾਂ ਕਿ ਜੋ ਸੂਰਜ ਘੁੱਪ ਹਨੇਰੇ ਵਿਚੋ ਨਿਕਲਕੇ ਆਪਣਾ ਦੀਪਕ ਆਪ ਬਣਿਆ ਸੀ ਉਸਨੇ ਕਰੋੜਾਂ ਘਰਾਂ ਦੇ ਵਿਚ ਚਿਰਾਗ ਜਲਾਏ। ਬਾਬਾ ਸਾਹਿਬ ਸਾਰੀ ਉਮਰ ਬੁਧ ਦੇ ਰਾਹ ਉਤੇ ਚਲਦੇ ਰਹੇ, ਲੇਕਿਨ ਉਹਨਾਂ ਜਿੰਦਗੀ ਦੇ ਆਖਰੀ ਸਮੇ ਹੀ ਬੁਧ ਧਰਮ ਗ੍ਰਿਹਣ ਕੀਤਾ ਜਿਸ ਵਿਚ ਆਤਮਾ, ਪ੍ਰਮਾਤਮਾਂ ਨੂੰ ਛੱਡਕੇ ਕਰਮ ਨੂੰ ਮਹਤਵ ਦਿਤਾ ਗਿਆ ਹੈ। ਇਸ ਲਈ ਆਤਮਾ ਦੇ ਸ਼ਬਦ ਨੂੰ ਉਹਨਾਂ ਦੇ ਨਾਂ ਦੇ ਨਾਲ ਜੋੜਕੇ ਉਹਨਾਂ ਨੂੰ ਮਹਾਨ ਬਨਾਉਣਾ ਉਹਨਾਂ ਦੀ ਸੋਚ ਦੇ ਖਿਲਾਫ ਹੈ। ਜੋ ਲੋਕੀ ਆਤਮਾਵਾਦ ਨੂੰ ਮੰਨ ਕਿਸੇ ਇਨਸਾਨ ਦੇ ਨਾਂ ਦੇ ਅੱਗੇ ਮਹਾਨ-ਆਤਮਾ ਜਾਨੀ "ਮਹਾਤਮਾ ਲਗਾਉਂਦੇ ਹਨ, ਉਹ ਸ਼ਬਦ ਬਾਬਾ ਸਾਹਿਬ ਸਾਹਮਣੇ ਬੌਨਾ ਲਗਦਾ ਹੈ। ਅਛੂਤਾਂ ਦੇ ਘਰ ਜੰਮਿਆ, ਦੁਰਕਾਰਿਆ, ਲਤਾੜਿਆ, ਦੁਨੀਆਂ ਦੇ ਹਰ ਸੁੱਖ ਤੋਂ ਮੁਹਥਾਜ, ਉੱਚ ਵਰਗ ਅਤੇ ਆਰਥਿਕਤਾ ਦੀ ਮਾਰ ਦੇ ਝੱਖੜਾਂ ਵਿਚ ਇੱਕ ਅਛੂਤ ਬਾਲਕ ਜੋ ਅਗੇ ਵਧਦਾ ਗਿਆ। ਉਹਨਾਂ ਵਲੋਂ ਕੀਤੇ ਕੰਮ ਜੋ ਕਿਸੇ ਰਾਜ ਦੇ ਰਾਜੇ ਜਾਂ ਰਜਵਾੜੇ ਨੂੰ ਟਕਰ ਦੇਣਾ ਨਹੀਂ ਸਨ। ਉਹਨਾਂ ਅੱਧੀ ਦੁਨੀਆਂ ਉਤੇ ਰਾਜ ਕਰਨ ਵਾਲੇ ਸ਼ਾਸ਼ਕ ਨੂੰ ਗੋਲ ਮੇਜ ਕਾਨਫਰੰਸ ਵਿਚ ਹਿਲਾਕੇ ਰੱਖ ਦੇਣ ਵਾਲੇ ਸ਼ਖਸ ਦੀ ਸ਼ਖਸ਼ੀਅਤ ਅਤੇ ਕੱਦ ਸ਼ਬਦਾਂ ਵਿਚ ਬੰਨਿਆ ਨਹੀਂ ਜਾ ਸਕਦਾ। ਉਹ ਅੰਗਰੇਜ ਜਾਰਜ ਵੀ. ਉਸੇ ਰਾਤ ਅੱਧੀਰਾਤੀ ਸਿਗਰਟ ਪੀਂਦਾ ਬੇਚੈਨ ਹੋਇਆ ਜੋ ਬਾਲਕੋਨੀ ਵਿਚ ਘੁੰਮ ਰਿਹਾ ਸੀ ਉਸਨੇ ਪਤਨੀ ਦੁਆਰਾ ਪੁੱਛੇ ਸਵਾਲ ਦੇ ਜਵਾਬ ਵਿਚ ਕਿਹਾ ਸੀ ਕਿ ਜੋ ਸ਼ੀਸਾ ਅੰਬੇਡਕਰ ਨੇ ਮੈਨੂੰ ਦਿਖਾਇਆ ਹੈ, ਮੈਂ ਉਸ ਸਭ ਤੋਂ ਅਣਜਾਣ ਸੀ ਜੋ ਅੰਬੇਡਕਰ ਨੇ ਦਸਿਆ ਅਤੇ ਮੇਰੇ ਦਿਮਾਗ ਨੂੰ ਖੋਲ ਦਿਤਾ, ਮੈਂ ਬਹੁਤ ਅਣਜਾਣ ਸੀ, ਇਹ ਕੱਦ ਸੀ ਬਾਬਾ ਸਾਹਿਬ ਦਾ ਜੋ ਉਸ ਦੁਰਕਾਰੇ ਅਛੂਤ ਬੱਚੇ ਨੇ ਕਿਸੇ ਧਨ ਦੌਲਤ ਨਾਲ ਨਹੀ, ਦਿਮਾਗ ਅਤੇ ਮਿਹਨਤ ਦੇ ਦਮ ਉਤੇ ਕਮਾਇਆ ਸੀ। ਜੋ ਆਤਮਾ ਹੈ ਤਾਂ ਉਹਨਾਂ ਨਾਲੋ ਵੱਡੀ ਮਹਾਨ ਆਤਮਾ ਭਾਰਤ ਵਿਚ ਕਿਸੇ ਦੀ ਵੀ ਨਹੀਂ ਹੋ ਸਕਦੀ ਅਤੇ ਅਸਲੀ ਮਹਾਤਮਾਂ ਉਹ ਹੀ ਹੋ ਸਕਦੇ ਹਨ।



ਪਹਿਲੀ ਗੋਲ ਮੇਜ ਕਾਨਫਰੰਸ, ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ

ਹਜਾਰਾਂ ਸਾਲਾਂ ਵਿਚ ਵੀ ਭਾਰਤ ਦੇ ਅਮੀਰ, ਰਾਜੇ ਰਜਵਾੜਿਆਂ, ਸਾਧਨ ਸੰਪਨ ਕਿਸੇ ਵੀ ਪ੍ਰੀਵਾਰ ਦਾ ਕੋਈ ਵੀ ਸਖਸ਼ ਬਾਬਾ ਸਾਹਿਬ ਦੇ ਬਰਾਬਰ ਦਾ ਪੜਿਆ ਲਿਖਿਆ ਨਹੀਂ ਸੀ ਹੋਇਆ। ਨਿਸ਼ਚਿਤ ਹੀ ਉਹਨਾਂ ਦਾ ਕੱਦ ਭਾਰਤ ਵਿੱਚ ਸਭ ਨਾਲੋਂ ਉੱਚਾ ਸੀ। ਤਿਆਗ ਬਲੀਦਾਨ ਦੀ ਮੂਰਤੀ ਨੇ ਕਿਹਾ ਕਿ ਤੀਹ ਸਾਲਾਂ ਦੇ ਲੰਮੇ ਸਮੇ, ਲੜਦਾ ਆ ਰਿਹਾ ਹਾਂ, ਸ਼ਿਕਾਇਤ ਨਹੀਂ ਕੀਤੀ ਕਿ ਮੈਂ ਮੰਤਰੀ ਨਹੀਂ ਹਾਂ, ਉੱਚਾ ਅਹੁਦਾ ਨਹੀਂ, ਕਦੇ ਵੀ ਆਪਣੇ ਲਈ ਕੁੱਝ ਨਹੀਂ ਮੰਗਿਆ, ਗਾਂਧੀ ਨੇ ਹਮੇਸ਼ਾਂ ਮੇਰਾ ਵਿਰੋਧ ਕੀਤਾ ਜਦੋਂ ਗਾਂਧੀ ਨੇ ਸਵਰਾਜ ਦੀ ਮੰਗ ਕੀਤੀ, ਇੱਕ ਸਵਾਲ ਪੁੱਛਿਆ, ਕਥਿਤ ਸਵਰਾਜ ਵਿੱਚ ਅਨੁਸੂਚਿਤ ਜਾਤੀ ਦੀ ਸਖਿਤੀ ਕੀ ਹੋਵੇਗੀ? ਭਾਰਤ ਦੇ ਲੋਕ ਅਜਾਦ ਹੋ ਪਛੜੇ ਹੋਏ ਉਹ ਹੀ ਜਿਹੜੇ ਗੰਦੇ ਕੰਮ ਕਰਦੇ ਸੀ ਕਰਦੇ ਰਹਿਣਗੇ। ਇਸ ਤਰਾਂ ਦੀ ਭਾਰਤ ਦੇ ਹਰ ਇਕ ਕਮਜੋਰ ਅਤੇ ਗਰੀਬ ਲੋਕਾਂ ਨੂੰ ਅਗੇ ਵਧਾਉਣ ਦੀ ਸੋਚ ਨਾਲ ਬਾਬਾ ਸਾਹਿਬ ਸਾਹਿਬ ਭਾਰਤ ਨੂੰ ਮਹਾਨ ਰਾਸ਼ਟਰ ਬਨਾਉਣ ਲਈ ਆਖਰੀ ਦਮ ਤਕ ਲਗੇ ਰਹੇ।

ਪਟਿਆਲਾ, ਪੰਜਾਬ ਵਿੱਚ ਬਾਬਾ ਸਾਹਿਬ ਅੰਬੇਦਕਰ ਦੇ ਚੋਣ ਭਾਸ਼ਣ ਜੋ ਮਿਤੀ 29 ਅਕਤੂਬਰ 1951 ਦਿਤਾ, ਸੂੱਝਵਾਨ, ਨਿਰਸਵਾਰਥ, ਨੇਕਨੀਯਤ ਕਿਸੇ ਇਨਸਾਨ ਨੂੰ ਰਾਹ ਦਿਖਾਉਣ ਦਾ ਕੰਮ ਕਰ ਸਕਦਾ ਹੈ, ਇਸੇ ਭਾਵਨਾਂ ਨਾਲ ਸਹੀ ਤੱਥਾ ਨਾਲ ਅਨੁਵਾਦ ਕੀਤਾ ਗਿਆ ਹੈ। ਬਾਬਾ ਸਾਹਿਬ ਭਾਸਣ ਦੇਣਾ ਸੁਰੂ ਕਰਦੇ ਹਨ --

*ਪਿਆਰੇ ਭਰਾਵੋ, ਮੇਰੇ ਦੋਸਤ ਮਿਸਟਰ ਰਾਜਭੋਜ਼ ਨੇ ਤੁਹਾਨੂੰ ਦੱਸਿਆ ਹੈ, ਮੈਂ ਅੱਜ ਠੀਕ ਮਹਿਸੂਸ ਨਹੀਂ ਕਰ ਰਿਹਾ। ਇਹ ਇਸ ਕਾਰਨ ਦੇ ਕਰਕੇ ਹੈ ਕਿ ਮੈਨੂੰ ਸੜਕ ਰਾਹੀਂ ਲੰਮੀ ਯਾਤਰਾ ਕਰਨੀ ਪਈ ਹੈ। ਇਸ ਲਈ ਮੈਂ ਲੰਬੇ ਸਮੇਂ ਤੱਕ ਗੱਲ ਨਹੀਂ ਕਰ ਸਕਾਂਗਾ ਪਰ ਮੈਂ ਕੁੱਝ ਮਹੱਤਵਪੂਰਨ ਵਿਸ਼ਿਆਂ 'ਤੇ ਹੀ ਬੋਲਾਂਗਾ।*

ਭਾਰਤ ਵਿਚ ਹਰ ਕੋਈ ਚੋਣਾਂ ਵਿਚ ਰੁੱਝਿਆ ਹੋਇਆ ਹੈ। ਇਥੇ ਬਹੁਤ ਸਾਰੇ ਸਿਆਸਤਦਾਨ ਅਤੇ ਪਾਰਟੀਆਂ ਹਨ ਜਿਨ੍ਹਾਂ ਕੋਲ ਕਹਿਣ ਲਈ ਕੁੱਝ ਵੀ ਨਹੀਂ ਹੈ ਪਰ ਉਨ੍ਹਾਂ ਕੋਲ ਸਿਰਫ ਚੋਣਾਂ ਹੀ ਮੁੱਦਾ ਹੈ। ਮੈਂ ਆਉਣ ਵਾਲੀਆਂ ਚੋਣਾਂ ਸਬੰਧੀ ਲੋਕਾਂ ਦੀ ਚਿੰਤਾ ਦੀ ਮੈਂ ਬਹੁਤ ਕਦਰ ਕਰਦਾ ਹਾਂ ਅਤੇ ਸਹਿਮਤ ਹਾਂ। ਸਾਨੂੰ ਕਿਸੇ ਪਾਰਟੀ ਜਾਂ ਕਿਸੇ ਵਿਅਕਤੀ ਨੂੰ ਵੋਟ ਪਾਉਣ ਦਾ ਫੈਸਲਾ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਾ ਚਾਹੀਦਾ ਹੈ। ਜਿਹੜੇ ਲੋਕ ਹੁਣ ਚੁਣੇ ਗਏ, ਉਹ ਪੰਜ ਸਾਲ ਦੇ ਲੰਬੇ ਸਮੇਂ ਲਈ ਸਭਾ ਵਿਚ ਬਣੇ ਰਹਿਣਗੇ। ਇਸ ਲਈ ਸਾਨੂੰ ਇਸ ਬਾਰੇ ਬਹੁਤ ਧਿਆਨ ਰੱਖਣਾ ਚਾਹੀਦਾ ਹੈ। ਇਹ ਸਿਆਸੀ ਪਾਰਟੀਆਂ ਅਤੇ ਸਿਆਸੀ ਲੋਕਾਂ ਲਈ ਜ਼ਿੰਦਗੀ ਅਤੇ ਮੌਤ ਦਾ ਸਮਾਂ ਹੈ। ਹਰੇਕ ਨਾਗਰਿਕ ਅਤੇ ਕੌਮ ਨੂੰ ਚੋਣਾਂ ਵਿਚ ਸਹੀ ਢੰਗ ਨਾਲ ਹਿੱਸਾ ਲੈਣ ਦੀ ਲੋੜ ਹੈ, ਇਸ ਲਈ, ਕਿ ਉਨ੍ਹਾਂ ਦੀ ਹੋਂਦ ਖ਼ਤਰੇ ਵਿਚ ਹੈ।

ਤੁਸੀਂ ਜਾਣਦੇ ਹੋ ਕਿ ਅੱਜ ਭਾਰਤ ਵਿਚ ਕਾਂਗਰਸ ਪਾਰਟੀ ਸਤਾਹ ਵਿਚ ਹੈ। ਇਹ ਚਾਲੀ ਸਾਲਾਂ ਤੋਂ ਹੈ ਅਤੇ ਇਸਦੇ ਕੋਲ ਇਸ ਦੇ ਖਰਚ ਕਰਨ ਲਈ ਕਾਫੀ ਵੱਡੀ ਪਧਰ ਤੇ ਧਨ ਹੈ। ਪਿਛਲੇ ਚਾਰ- ਪੰਜ ਸਾਲ ਤੋਂ, ਕਾਂਗਰਸ ਪਾਰਟੀ ਭਾਰਤ ਦੀ ਅਗਵਾਈ ਕਰ ਰਹੀ ਹੈ। ਹੁਣ ਕਾਂਗਰਸ ਦੇ ਲੋਕ ਕਾਂਗਰਸ ਨੂੰ ਵੋਟ ਪਾਉਣ ਲਈ ਪ੍ਰਚਾਰ ਕਰ ਰਹੇ ਹਨ। ਉਹ ਦਲੀਲ ਦਿੰਦੇ ਹਨ ਕਿ ਕੋਈ ਹੋਰ ਪਾਰਟੀ ਇੰਨੀ ਤਾਕਤਵਰ ਨਹੀਂ ਹੈ ਕਿ ਉਹ ਸਰਕਾਰ ਚਲਾ ਸਕੇ ਅਤੇ ਜੋ ਕੁੱਝ ਕਾਂਗਰਸ ਨੇ ਪਿਛਲੇ ਸਮੇਂ ਵਿਚ ਪ੍ਰਾਪਤੀਆਂ ਕੀਤੀਆਂ ਹਨ ਉਹ ਭਵਿੱਖ ਵਿਚ ਹਾਸਲ ਕਰਨ ਦੇ ਯੋਗ ਹੋਵੇ। ਉਹ ਕਹਿੰਦੇ ਹਨ ਕਿ ਸਿਰਫ ਕਾਂਗਰਸ ਦੇ ਸ਼ਾਸਨਕਾਲ ਦੇ ਵਿਚ ਹੀ ਭਾਰਤ ਖੁੱਸ਼ਹਾਲ ਹੋ ਸਕਦਾ ਹੈ ਅਤੇ ਜਿਵੇਂ ਕਿ ਸਾਰੇ ਲੋਕ, ਚਾਹੇ ਉਨ੍ਹਾਂ ਦਾ ਜੋ ਵੀ ਧਰਮ, ਕੋਮ, ਜਾਤੀ ਹੋਵੇ, ਉਹ ਕਾਂਗਰਸ ਦੇ ਉਮੀਦਵਾਰਾਂ ਨੂੰ ਵੋਟ ਪਾਉਣ ਅਤੇ ਉਨ੍ਹਾਂ ਨੂੰ ਆਉਣ ਵਾਲੀਆਂ ਚੋਣਾਂ ਵਿਚ ਸਫਲ ਬਨਾਉਣ। ਇਹੋ ਜਿਹਾ ਕਾਂਗਰਸੀਆਂ ਦਾ ਪ੍ਰਚਾਰ ਹੋ ਰਿਹਾ ਹੈ।

ਇਹ ਠੀਕ ਹੈ ਕਿ ਕਾਂਗਰਸ ਨੇ ਪ੍ਰਚਾਰ ਦਾ ਐਨਾਂ ਇੰਤਜ਼ਾਮ ਕੀਤਾ ਹੈ ਤਾਂ ਜੋ ਕਾਂਗਰਸ ਦੇ ਟਿਕਟ ਲਈ ਖੜ੍ਹੇ ਹਰ ਉਮੀਦਵਾਰ ਨੂੰ 100 ਤੋਂ ਵੱਧ ਏਜੰਟ ਕਾਂਗਰਸ ਨੇ ਪ੍ਰਚਾਰ ਕਰਨ ਲਈ ਦਿਤੇ ਹਨ । ਕਾਂਗਰਸ ਦੇ ਹੈੱਡਕੁਆਰਟਰ ਹੈ ਜਿਥੇ ਬਹੁਤ ਸਾਰੇ ਲੋਕ ਸਰਕਾਰੀ ਨੌਕਰਾਂ ਵਾਂਗ ਕੰਮ ਕਰ ਰਹੇ ਹਨ । ਉਨ੍ਹਾਂ ਨੂੰ ਹਰ ਬਰਾਂਚ ਦੇ ਅਫ਼ਸਰ ਮਿਲ ਰਹੇ ਹਨ ਇਹ ਸਭ ਪੈਸੇ ਦੇ ਕਾਰਨ ਹੈ । ਭਾਰਤ ਵਿਚ ਕਾਂਗਰਸ ਸਭ ਤੋਂ ਅਮੀਰ ਪਾਰਟੀ ਹੈ । ਪੈਸਾ ਨਾਲ, ਉਹ ਜੋ ਵੀ ਚਾਹੁੰਦੀ ਹੈ, ਕਰ ਸਕਦੀ ਹੈ । ਪੈਸੇ ਬਿਨਾ, ਕੋਈ ਵੀ ਪਾਰਟੀ ਪ੍ਰਚਾਰ ਨਹੀਂ ਕਰ ਸਕਦੀ । ਬਿਨਾਂ ਠੀਕ ਪ੍ਰਚਾਰ ਦੇ ਕੋਈ ਪਾਰਟੀ ਚੋਣਾਂ ਵਿਚ ਜਿੱਤਣ ਲਈ ਅੱਗੇ ਨਹੀ ਵਧ ਸਕਦੀ । ਕਾਂਗਰਸ ਨੇ ਪ੍ਰਚਾਰ ਦੇ ਜੋਰ ਨਾਲ ਲੋਕਾਂ ਦੀ ਰਾਏ ਨੂੰ ਆਪਣੇ ਪੱਖ ਵਿਚ ਮੋੜਿਆ ਹੈ, ਇਸ ਲਈ ਹੁਣ ਉਹ ਇਸ ਚੱਕਰ ਵਿਚ ਕੋਸ਼ਿਸ਼ ਕਰ ਰਹੀ ਹੈ ਕਿ ਪ੍ਰਚਾਰ ਨਾਲ ਸਭ ਨੂੰ ਆਪਣੇ ਪੱਖ ਵਿਚ ਕੀਤਾ ਜਾਵੇ।

ਕਾਂਗਰਸ ਹੁਣ ਚਾਰ ਸਾਲਾਂ ਤੋਂ ਸੱਤਾਹ 'ਚ ਰਹੀ ਹੈ ਅਤੇ ਤੁਸੀਂ ਚੰਗੀ ਤਰ੍ਹਾਂ ਸਮਝ ਸਕਦੇ ਹੋ ਕਿ ਇਸ ਨੇ ਲੋਕਾਂ ਲਈ ਕੀ ਕੀਤਾ ਹੈ । ਇੱਥੇ ਕੋਈ ਖਾਣਾ ਨਹੀਂ, ਕਿਸੇ ਕੋਲ ਕੋਈ ਕੱਪੜਾ ਨਹੀਂ, ਰਹਿਣ ਲਈ ਘਰ ਨਹੀਂ ਹੈ । ਕਾਂਗਰਸ ਇਨ੍ਹਾਂ ਚਾਰ ਸਾਲਾਂ ਦੌਰਾਨ ਇਸ ਸਭ ਦੀ ਪੂਰਤੀ ਕਰਨ ਵਿਚ ਅਸਫਲ ਰਹੀ ਹੈ ਅਤੇ ਇਹ ਕੋਈ ਕਿਵੇਂ ਉਮੀਦ ਕਰ ਸਕਦਾ ਹੈ ਕਿ ਜੇ ਇਹ ਸੱਤ੍ਹਾ ਵਿਚ ਆਉਂਦੀ ਹੈ ਤਾਂ ਉਹ ਉਸ ਸਭ ਲਈ ਲੋਕਾਂ ਦੀ ਮਦਦ ਕਰੇਗੀ? ਕਾਂਗਰਸ ਸ਼ਾਸਨ ਦੌਰਾਨ ਇਕੋ-ਇਕ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਅਤੇ ਕਾਲਾ-ਬਜਾਰੀ ਦਾ ਅਜਿਹਾ ਉਦਯੋਗ ਹੈ ਜੋ ਕਾਂਗਰਸ ਦੇ ਸ਼ਾਸਨ ਦੌਰਾਨ ਵਧ ਫੁੱਲ ਚੁੱਕਾ ਹੈ । ਭ੍ਰਿਸ਼ਟਾਚਾਰ ਅਤੇ ਹੋਰ ਬੁਰਾਈਆਂ ਭਾਰਤ ਵਿਚ ਬ੍ਰਿਟਸ਼ਰ ਦੇ ਰਾਜ ਕਾਲ ਨਾਲੋਂ ਵੀ ਵੱਧ ਹਨ । ਅਸੀਂ ਭੁੱਖਮਰੀ ਨਾਲ ਮਰ ਰਹੇ ਹਾਂ, ਅਮੀਰਾਂ ਅਤੇ ਗਰੀਬਾਂ ਵਿਚਕਾਰ ਦੇ ਪਾੜੇ ਵਿਚ ਬਹੁਤ ਵਾਧਾ ਹੇਇਆ ਹੈ । ਜੇ ਕਾਂਗਰਸ ਪੰਜ ਸਾਲਾਂ ਦੌਰਾਨ ਇਸ ਅਸਮਾਨਤਾ ਨੂੰ ਦੂਰ ਕਰਨ ਵਿਚ ਅਸਮਰੱਥ ਰਹੀ ਹੈ ਤਾਂ ਭਵਿੱਖ ਵਿਚ ਉਹ ਕੀ ਕਰ ਸਕੇਗੀ ? ਅਮੀਰ ਲੋਕ ਹੋਰ ਅਮੀਰ ਹੋ ਰਹੇ ਹਨ ਅਤੇ ਗਰੀਬ ਦਿਨ-ਬ-ਦਿਨ ਹੋਰ ਗਰੀਬ ਬਣਦੇ ਜਾ ਰਹੇ ਹਨ । ਕਾਂਗਰਸ ਨੇ ਇਸ ਦਿਸ਼ਾ ਵਿਚ ਕੀ ਕੀਤਾ ਹੈ?

ਕਾਂਗਰਸ ਸਰਕਾਰ ਭਰਿਸ਼ਟ ਸਰਕਾਰ ਹੈ ਕਾਂਗਰਸੀ ਮੰਤਰੀ ਰਿਸ਼ਵਤ ਲੈਂਦੇ ਹਨ ਉਨ੍ਹਾਂ ਨੂੰ ਕਾਲਾ-ਬਜਾਰੀ ਰਾਹੀਂ ਪੈਸਾ ਮਿਲਦਾ ਹੈ । ਉਹ ਭ੍ਰਿਸ਼ਟ ਹਨ । ਜੇ ਸਾਡੇ ਮੰਤਰੀ ਅਜਿਹੇ ਬੁਰੇ ਚਾਲਚਲਣ ਦੇ ਹਨ ਤਾਂ ਤੁਸੀਂ ਚੰਗੀ ਤਰ੍ਹਾਂ ਸਮਝ ਸਕਦੇ ਹੋ ਕਿ ਉਨ੍ਹਾਂ ਦੇ ਥੱਲੇ ਕੰਮ ਕਰਨ ਵਾਲੇ ਕਿਦਾਂ ਦਾ ਵਰਤਾਓ ਕਰਨਗੇ ਅਤੇ ਸਰਮਾਏਦਾਰਾਂ ਦੇ ਥੱਲੇ ਮਜ਼ਦੂਰਾਂ ਦੀ ਸਥਿਤੀ ਕੀ ਹੋਵੇਗੀ । ਮੈਂ ਉਮੀਦ ਕੀਤੀ ਸੀ ਕਿ ਰਿਸ਼ਵਤ, ਭ੍ਰਿਸ਼ਟਾਚਾਰ, ਬਲੈਕ-ਮਾਰਕੀਟਿੰਗ ਸਦਾ ਲਈ ਖ਼ਤਮ ਹੋ ਜਾਵੇਗੀ, ਸਾਡੇ ਮੌਜੂਦਾ ਪ੍ਰਧਾਨ ਮੰਤਰੀ ਇਸ ਸਬੰਧ ਵਿਚ ਕੁੱਝ ਕਰਨਗੇ । ਪਰ ਮੈਨੂੰ ਇਹ ਅਫ਼ਸੋਸ ਹੈ ਕਿ ਨਵੀਂ ਦਿੱਲੀ ਵਿਚ ਆਲ ਇੰਡੀਆ ਕਾਂਗਰਸ ਜਨਰਲ ਸੈਸ਼ਨ ਨੂੰ ਸੰਬੋਧਨ ਕਰਦਿਆਂ ਪ੍ਰਧਾਨਗੀ ਭਾਸ਼ਨ 'ਤੇ ਪੰਡਿਤ ਨਹਿਰੂ ਨੇ ਕਿਹਾ ਕਿ ਭ੍ਰਿਸ਼ਟਾਚਾਰ ਤਾਂ ਹੋਰਨਾਂ ਮੁਲਕਾਂ ਵਿਚ ਵੀ ਫੈਲਿਆ ਹੋਇਆ ਹੈ ਇਸੇ ਤਰ੍ਹਾਂ, ਅਤੇ ਸਾਨੂੰ ਇਸ ਬਾਰੇ ਚਿੰਤਾ ਨਹੀਂ ਕਰਨੀ ਚਾਹੀਦੀ, ਜੇ ਇਹ ਭਾਰਤ ਵਿਚ ਵੀ ਇਹ ਚੱਲ ਰਿਹਾ ਹੈ ।

ਉਨ੍ਹਾਂ ਅੱਗੇ ਹੋਰ ਕਿਹਾ ਕਿ ਦੂਜੇ ਦੇਸ਼ਾਂ ਦੇ ਮੁਕਾਬਲੇ ਭਾਰਤ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਵਿਚ ਬਹੁਤ ਛੋਟੇ ਪੱਧਰ 'ਤੇ ਹੈ । ਮੈਨੂੰ ਨਹੀਂ ਪਤਾ ਕਿ ਪ੍ਰਧਾਨ ਮੰਤਰੀ ਇਸ ਬੁਰਾਈ ਨੂੰ ਕਿਵੇਂ ਦੂਰ ਕਰਨਗੇ ਜਦੋਂ ਉਹ ਖੁੱਲੇ ਤੌਰ ਤੇ ਕਹਿ ਰਹੇ ਹਨ ਕਿ ਭ੍ਰਿਸ਼ਟਾਚਾਰ ਇੱਥੇ ਬਹੁਤ ਛੋਟੇ ਪੱਧਰ 'ਤੇ ਹੈ । ਭਾਵੇਂ ਇਹ ਛੋਟੇ ਪੈਮਾਨੇ 'ਤੇ ਹੋਵੇ, ਇਸ ਨੂੰ ਹਟਾਉਣਾ ਚਾਹੀਦਾ ਹੈ । ਪ੍ਰਧਾਨ ਮੰਤਰੀ ਨੇ ਇਸ ਦਿਸ਼ਾ ਵਿਚ ਕੀ ਕੀਤਾ ਹੈ ? ਜੇਕਰ ਸਰਕਾਰ ਦੇ ਮੰਤਰੀ ਅਤੇ ਹੋਰ ਉੱਚ ਅਧਿਕਾਰੀ ਭਰਿਸ਼ਟ ਹੋਣ ਤਾਂ ਕੀ ਚੁੱਪ ਰਹਿਣਾ ਚਾਹੀਦਾ ਹੈ ?

ਮੈਂ ਜੋ ਕੁੱਝ ਕਿਹਾ ਹੈ ਉਹ ਮੇਰੀ ਆਲੋਚਨਾ ਨਹੀਂ ਹੈ, ਇਹ ਤਾਂ ਕਾਂਗਰਸ ਦਾ ਲੋਕਾਂ ਨੇ ਖੁਦ ਹੀ ਕਾਂਗਰਸ ਦੇ ਮੰਤਰੀਆਂ ਦੀ ਆਲੋਚਨਾ ਕਰਦੇ ਕਿਹਾ ਹੈ ਹੋਰ ਕਿਸੇ ਨੇ ਨਹੀਂ । ਮਿਸ਼ਾਲ ਵਜੋਂ, ਮਦਰਾਸ ਵਿਚ, ਸ਼੍ਰੀ ਟੀ. ਪ੍ਰਕਾਸਮ ਕੁੱਝ ਸਮੇਂ ਲਈ ਪ੍ਰਮੁੱਖ ਔਹਦੇਦਾਰ ਸਨ । ਜਦੋਂ ਮਿਸਟਰ ਰਾਜੂ ਨੇ ਉਸ ਦੀ ਥਾਂ ਤੇ ਔਹਦੇ 'ਨੂੰ ਸੰਭਾਲ ਲਿਆ ਅਤੇ ਉਹਨਾਂ ਨੂੰ ਦਫ਼ਤਰ ਤੋਂ ਬਾਹਰ ਕਰ ਦਿਤਾ ਕਿਉਂਕਿ ਸ੍ਰੀ ਪ੍ਰਕਾਸ਼ਮ ਦੇ ਖਿਲਾਫ ਕੁੱਝ ਦੋਸ਼ ਸਨ ਅਤੇ ਜਦੋਂ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਉਹਨਾਂ ਨੇ ਰਿਸ਼ਵਤਖੋਰੀ ਰਾਹੀਂ ਵੱਡੀ ਪੈਸਾ ਕਮਾਇਆ ਹੈ ਆਦਿ । ਉਸ ਨੇ ਹਜ਼ਾਰਾਂ ਲਾਈਸੈਂਸ ਅਤੇ ਪਰਮਿਟ ਜਾਰੀ ਕਰਨ ਵਿਚ ਕਾਨੂੰਨ ਤੋੜਿਆ ਸੀ ।

(ਬਾਕੀ ਅਗਲੇ ਅੰਕ ਵਿਚ)

29 ਜੂਨ ਬਰਸੀ 'ਤੇ ਵਿਸ਼ੇਸ਼ ਲੇਖ

# ਮਹਾਰਾਜਾ ਰਣਜੀਤ ਸਿੰਘ



ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਭਾਰਤ ਅਤੇ ਖਾਸ ਕਰਕੇ ਪੰਜਾਬ ਉਤੇ ਮੁਗ਼ਲਾਂ ਦੇ ਹਮਲਿਆਂ, ਲੁੱਟ-ਖਸੁੱਟ ਅਤੇ ਅੱਤਿਆਚਾਰਾਂ ਤੋਂ ਤੰਗ ਆ ਕੇ ਕੁਝ ਧਨੀ ਸਿੱਖ ਸਰਦਾਰਾਂ ਨੇ ਆਪਣੇ ਆਪਣੇ ਅਸਰ ਰਸੂਖ ਵਾਲੇ ਇਲਾਕਿਆਂ ਵਿੱਚ ਲੋਕਾਂ ਨੂੰ ਲਾਮਬੰਦ ਕਰਨਾ ਸ਼ੁਰੂ ਕੀਤਾ। ਆਪਣੇ ਇਲਾਕਿਆਂ ਦੀ ਸੁਰੱਖਿਆ ਲਈ, ਸੰਗਠਿਤ ਅਤੇ ਭਾਰੀ ਫੌਜੀ ਅਮਲੇ ਵਾਲੇ ਮੁਗ਼ਲ ਹਾਕਮਾਂ ਨਾਲ ਸਿੱਧੀ ਟੱਕਰ ਲੈਣ ਲਈ, ਜ਼ਰੂਰੀ ਸੀ ਕਿ ਇਨ੍ਹਾਂ ਸਿੱਖ ਸਰਦਾਰਾਂ ਕੋਲ ਵੀ ਚੋਖੇ ਲੜਾਕੂ ਜਵਾਨ, ਘੋੜੇ ਅਤੇ ਹਥਿਆਰ ਹੋਣ। ਇਸ ਮਨੋਰਥ ਲਈ ਉਨ੍ਹਾਂ ਨੇ ਲੋਕਾਂ ਤੋਂ ਪਿਆਰ ਨਾਲ ਪੈਸਾ, ਹਥਿਆਰ, ਨੌਜਵਾਨ ਮੁੰਡੇ ਅਤੇ ਹੋਰ ਲੜਾਕੂ ਸਮਾਨ ਲੈਣਾ ਸ਼ੁਰੂ ਕੀਤਾ। ਇਸ ਜਦੋ-ਜਹਿਦ ਹੇਠ ਪੰਜਾਬ ਵਿੱਚ ਬਾਰਾਂ ਮਿਸਲਾਂ ਕਾਇਮ ਹੋ ਗਈਆਂ। ਇਨ੍ਹਾਂ ਮਿਸਲਾਂ ਦਾ ਵੇਰਵਾ ਇਸ ਤਰ੍ਹਾਂ ਹੈ:

| ਕ੍ਰਮ ਅੰਕ | ਮਿਸਲ ਦਾ ਨਾਂ | ਸੰਸਥਾਪਕ | ਰਾਜਧਾਨੀ | ਘੋੜਸਵਾਰ ਤਾਕਤ |
|---|---|---|---|---|
| 1. | ਫੂਲਕੀਆ ਮਿਸਲ | ਸਿੱਧੂ ਜੱਟ | ਪਟਿਆਲਾ,ਨਾਭਾ, ਜੀਂਦ | 5,000 |
| 2. | ਆਹਲੂਵਾਲੀਆ ਮਿਸਲ | ਕਲਾਲ | ਕਪੂਰਥਲਾ | 10,000 |
| 3. | ਭੰਗੀ ਮਿਸਲ | ਢਿੱਲੋਂ ਜੱਟ | ਅੰਮ੍ਰਿਤਸਰ | 10,000 |
| 4. | ਕਨੱਈਆ ਮਿਸਲ | ਸੰਧੂ ਜੱਟ | ਸੋਹੀਆਂ | 8,000 |
| 5. | ਰਾਮਗੜ੍ਹੀਆ ਮਿਸਲ | ਤਰਖਾਣ | ਸ਼੍ਰੀ ਹਰਿਗੋਬਿੰਦਪੁਰ | 5,000 |
| 6. | ਸਿੰਘਪੁਰੀਆ ਮਿਸਲ | ਜੱਟ | ਜਲੰਧਰ | 5,000 |
| 7. | ਕਰੋੜਸਿੰਘੀਆ ਮਿਸਲ | ਜੱਟ | ਸ਼ਾਮਚੁਰਾਸੀ, ਹਰਿਆਣਾ | 10,000 |
| 8. | ਨਿਸ਼ਾਨਵਾਲੀਆ ਮਿਸਲ | ਗਿੱਲ ਜੱਟ | ਅੰਬਾਲਾ, ਸ਼ਾਹਬਾਦ ਮਾਰਕੰਡਾ | 2,000 |
| 9. | ਸ਼ੁਕਰਚੱਕੀਆ ਮਿਸਲ | ਜੱਟ | ਗੁਜਰਾਂਵਾਲਾ | 15,000 |
| 10. | ਡੱਲੇਵਾਲੀਆ ਮਿਸਲ | ਸਿੱਖ ਖੱਤਰੀ | ਰਾਹੋਂ | 12,000 |
| 11. | ਨਕੱਈ ਮਿਸਲ | ਸੰਧੂ ਜੱਟ | ਚੂੰਨੀਆਂ | 7,000 |
| 12. | ਸ਼ਹੀਦਾਂ ਮਿਸਲ | ਸੰਧੂ ਜੱਟ | ਸ਼ਾਹਜ਼ਾਦਪੁਰ | 5,000 |

### ਸ਼ੁਕਰਚੱਕੀਆ ਮਿਸਲ

ਇਸ ਮਿਸਲ ਦੀ ਨੀਂਹ ਸਰਦਾਰ ਚੜ੍ਹਤ ਸਿੰਘ ਸੰਧੂ ਨੇ ਰੱਖੀ ਸੀ। ਉਨ੍ਹਾਂ ਦੇ ਪਿਤਾ ਸਰਦਾਰ ਨੌਧ ਸਿੰਘ ਸੰਧੂ ਨੂੰ ਖਾਲਸਾ ਸੱਜਣ ਉਤੇ ਗੁਜਰਾਂਵਾਲਾ ਵਿੱਚ ਕੁਝ ਜ਼ਮੀਨ ਦਿੱਤੀ ਗਈ ਸੀ, ਜਿੱਥੇ ਉਸਨੇ ਆਪਣੀ ਰਿਹਾਇਸ਼ ਕਰਕੇ ਇਸ ਖੇਤੀ ਫਾਰਮ ਦਾ ਨਾਂ ਸ਼ੁਕਰ ਚੱਕ ਰੱਖ ਦਿੱਤਾ। ਚੜ੍ਹਤ ਸਿੰਘ ਨੌਧ ਸਿੰਘ ਦਾ ਵੱਡਾ ਪੁੱਤਰ ਸੀ। ਉਸਨੇ ਚੜ੍ਹਦੀ ਜ਼ਵਾਨੀ ਦੀ ਉਮਰ ਵਿੱਚ ਅਹਿਮਦਸ਼ਾਹ ਅਬਦਾਲੀ ਵਿਰੁੱਧ ਮੁਹਿੰਮਾਂ ਵਿੱਚ ਨਿਵੇਕਲੀ ਬਹਾਦਰੀ ਵਿਖਾਈ ਸੀ, ਜਿਸ ਕਰਕੇ ਗੁਜਰਾਂਵਾਲਾ ਇਲਾਕੇ ਵਿੱਚ ਉਸਦਾ ਮਾਣ ਸਤਿਕਾਰ ਬਹੁਤ ਵਧ ਗਿਆ। ਉਸਨੇ ਸਿੰਘਪੁਰੀਆ ਮਿਸਲ ਤੋਂ ਵੱਖ ਹੋ ਕੇ ਆਪਣੀ ਨਵੀਂ ਮਿਸਲ 'ਸ਼ੁਕਰਚੱਕੀਆ ਮਿਸਲ' ਕਾਇਮ ਕਰ ਲਈ। ਉਸਦਾ ਵਿਆਹ ਗੁਜਰਾਂਵਾਲੇ ਦੇ ਇੱਕ ਬੜੇ ਅਸਰ ਰਸੂਖ ਵਾਲੇ ਸਰਦਾਰ ਅਮੀਰ ਸਿੰਘ ਦੀ ਲੜਕੀ ਦੇਸਾਂ ਕੌਰ ਨਾਲ ਹੋਇਆ। ਇਸ ਨਾਲ ਚੜ੍ਹਤ ਸਿੰਘ ਦੇ ਸਤਿਕਾਰ ਅਤੇ ਤਾਕਤ ਵਿੱਚ ਹੋਰ ਵੀ ਵਾਧਾ ਹੋ ਗਿਆ। ਉਸਨੇ ਫਿਰ ਆਪਣੀ ਮੁੱਖ ਰਿਹਾਇਸ਼ ਗੁਜਰਾਂਵਾਲਾ ਵਿਖੇ ਬਦਲ ਲਈ। ਉਸਨੇ ਆਪਣੀ ਤਾਕਤ ਵਿੱਚ ਵਾਧਾ ਕਰਨ ਲਈ ਪੋਠੋਹਾਰ ਖੇਤਰ ਦੇ ਰੋਹਤਾਸ, ਚੱਕਵਾਲ, ਪਿੰਡ ਡੱਡਾਂ ਖ਼ਾਨ ਅਤੇ ਵਜ਼ੀਰਾਬਾਦ ਉਤੇ ਕਬਜਾ ਕਰ ਲਿਆ। ਉਸਤੋਂ ਬਾਅਦ ਸੰਨ 1792 ਵਿੱਚ ਮਿਸਲ ਦੀ ਕਮਾਨ ਉਸਦੇ ਵੱਡੇ ਪੁੱਤਰ ਮਹਾਂ ਸਿੰਘ ਨੇ ਸੰਭਾਲੀ। ਉਸਨੇ ਵੀ ਮਿਸਲ ਦੇ ਖੇਤਰ ਵਿੱਚ ਕਾਫੀ ਵਾਧਾ ਕੀਤਾ। ਉਧਰ ਮੁਗ਼ਲਾਂ ਦੀ ਸਲਤਨਤ ਦਾ ਨਿਘਾਰ ਸ਼ੁਰੂ ਹੋ ਗਿਆ ਸੀ ਅਤੇ ਇਧਰ ਸ਼ੁਕਰਚੱਕੀਆ ਮਿਸਲ ਦੀ ਕਮਾਨ ਸਰਦਾਰ ਮਹਾਂ ਸਿੰਘ ਦੇ ਵੱਡੇ ਪੁੱਤਰ ਰਣਜੀਤ ਸਿੰਘ ਦੇ ਹੱਥ ਆ ਗਈ।

ਬਹਾਦਰੀ ਵਿਖਾਈ ਸੀ, ਜਿਸ ਕਰਕੇ ਗੁਜਰਾਂਵਾਲਾ ਇਲਾਕੇ ਵਿੱਚ ਉਸਦਾ ਮਾਣ ਸਤਿਕਾਰ ਬਹੁਤ ਵਧ ਗਿਆ। ਉਸਨੇ ਸਿੰਘਪੁਰੀਆ ਮਿਸਲ ਤੋਂ ਵੱਖ ਹੋ ਕੇ ਆਪਣੀ ਨਵੀਂ ਮਿਸਲ 'ਸ਼ੁਕਰਚੱਕੀਆ ਮਿਸਲ' ਕਾਇਮ ਕਰ ਲਈ। ਉਸਦਾ ਵਿਆਹ ਗੁਜਰਾਂਵਾਲੇ ਦੇ ਇੱਕ ਬੜੇ ਅਸਰ ਰਸੂਖ ਵਾਲੇ ਸਰਦਾਰ ਅਮੀਰ ਸਿੰਘ ਦੀ ਲੜਕੀ ਦੇਸਾਂ ਕੌਰ ਨਾਲ ਹੋਇਆ। ਇਸ ਨਾਲ ਚੜ੍ਹਤ ਸਿੰਘ ਦੇ ਸਤਿਕਾਰ ਅਤੇ ਤਾਕਤ ਵਿੱਚ ਹੋਰ ਵੀ ਵਾਧਾ ਹੋ ਗਿਆ। ਉਸਨੇ ਫਿਰ ਆਪਣੀ ਮੁੱਖ ਰਿਹਾਇਸ਼ ਗੁਜਰਾਂਵਾਲਾ ਵਿਖੇ ਬਦਲ ਲਈ। ਉਸਨੇ ਆਪਣੀ ਤਾਕਤ ਵਿੱਚ ਵਾਧਾ ਕਰਨ ਲਈ ਪੋਠੋਹਾਰ ਖੇਤਰ ਦੇ ਰੋਹਤਾਸ, ਚੱਕਵਾਲ, ਪਿੰਡ ਡੱਡਾਂ ਖ਼ਾਨ ਅਤੇ ਵਜ਼ੀਰਾਬਾਦ ਉਤੇ ਕਬਜਾ ਕਰ ਲਿਆ। ਉਸਤੋਂ ਬਾਅਦ ਸੰਨ 1792 ਵਿੱਚ ਮਿਸਲ ਦੀ ਕਮਾਨ ਉਸਦੇ ਵੱਡੇ ਪੁੱਤਰ ਮਹਾਂ ਸਿੰਘ ਨੇ ਸੰਭਾਲੀ। ਉਸਨੇ ਵੀ ਮਿਸਲ ਦੇ ਖੇਤਰ ਵਿੱਚ ਕਾਫੀ ਵਾਧਾ

ਇਸ ਮਿਸਲ ਦੀ ਨੀਂਹ ਸਰਦਾਰ ਚੜ੍ਹਤ ਸਿੰਘ ਸੰਧੂ ਨੇ ਰੱਖੀ ਸੀ। ਉਨ੍ਹਾਂ ਦੇ ਪਿਤਾ ਸਰਦਾਰ ਨੌਧ ਸਿੰਘ ਸੰਧੂ ਨੂੰ ਖਾਲਸਾ ਸੱਜਣ ਉਤੇ ਗੁਜਰਾਂਵਾਲਾ ਵਿੱਚ ਕੁਝ ਜ਼ਮੀਨ ਦਿੱਤੀ ਗਈ ਸੀ, ਜਿੱਥੇ ਉਸਨੇ ਆਪਣੀ ਰਿਹਾਇਸ਼ ਕਰਕੇ ਇਸ ਖੇਤੀ ਫਾਰਮ ਦਾ ਨਾਂ ਸ਼ੁਕਰ ਚੱਕ ਰੱਖ ਦਿੱਤਾ। ਚੜ੍ਹਤ ਸਿੰਘ ਨੌਧ ਸਿੰਘ ਦਾ ਵੱਡਾ ਪੁੱਤਰ ਸੀ। ਉਸਨੇ ਚੜ੍ਹਦੀ ਜ਼ਵਾਨੀ ਦੀ ਉਮਰ ਵਿੱਚ ਅਹਿਮਦਸ਼ਾਹ ਅਬਦਾਲੀ ਵਿਰੁੱਧ ਮੁਹਿੰਮਾਂ ਵਿੱਚ ਨਿਵੇਕਲੀ

ਕੀਤਾ। ਉਧਰ ਮੁਗ਼ਲਾਂ ਦੀ ਸਲਤਨਤ ਦਾ ਨਿਘਾਰ ਸ਼ੁਰੂ ਹੋ ਗਿਆ ਸੀ ਅਤੇ ਇਧਰ ਸ਼ੁਕਰਚੱਕੀਆ ਮਿਸਲ ਦੀ ਕਮਾਨ ਸਰਦਾਰ ਮਹਾਂ ਸਿੰਘ ਦੇ ਵੱਡੇ ਪੁੱਤਰ ਰਣਜੀਤ ਸਿੰਘ ਦੇ ਹੱਥ ਆ ਗਈ।

ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ, 1780 ਨੂੰ ਸਰਦਾਰ ਮਹਾਂ ਸਿੰਘ ਸ਼ੁਕਰਚੱਕੀਆ ਅਤੇ ਜੀਂਦ ਦੇ ਰਾਜਾ ਗਜਪਤ ਸਿੰਘ ਦੀ ਧੀ ਰਾਜ ਕੌਰ ਦੇ ਗ੍ਰਹਿ, ਗੁਜਰਾਂਵਾਲਾ ਵਿਖੇ ਹੋਇਆ।

ਰਣਜੀਤ ਸਿੰਘ ਨੇ ਦਸ ਸਾਲ ਦੀ ਉਮਰ ਵਿੱਚ ਆਪਣੇ ਪਿਤਾ ਦੇ ਨਾਲ ਹੋ ਕੇ ਮੁਗ਼ਲ ਹਾਕਮਾਂ ਵਿਰੁੱਧ ਪਹਿਲੀ ਜੰਗ ਲੜੀ ਸੀ। ਪਿਤਾ ਦੀ ਮੌਤ ਤੋਂ ਬਾਅਦ ਉਸਨੇ ਅਫ਼ਗਾਨੀ ਹਾਕਮਾਂ ਨੂੰ ਪੰਜਾਬ ਤੋਂ ਬਾਹਰ ਕੱਢਣ ਲਈ ਕਈ ਜੰਗਾਂ ਲੜੀਆਂ ਅਤੇ ਜਿੱਤਾਂ ਹਾਸਿਲ ਕੀਤੀਆਂ। ਉਸਦੀ ਵਧੇਰੇ ਪ੍ਰਸਿੱਧੀ ਉਦੋਂ ਹੋਈ ਜਦੋਂ ਉਸਨੇ 17 ਸਾਲ ਦੀ ਉਮਰ ਵਿੱਚ ਸੰਨ 1797 ਵਿੱਚ ਅਹਿਮਦਸ਼ਾਹ ਅਬਦਾਲੀ ਦੇ ਮੁਗ਼ਲ ਹਾਕਮ ਸ਼ਾਹ ਜ਼ਮਾਨ ਦੇ ਪੰਜਾਬ ਉਤੇ ਕਬਜਾ ਕਰਨ ਦੇ ਹਮਲੇ ਨੂੰ ਨਾਕਾਮ ਬਣਾ ਦਿੱਤਾ ਸੀ। ਉਸ ਅਫ਼ਗਾਨੀ ਹਾਕਮ ਨੇ 1798 ਵਿੱਚ ਪੰਜਾਬ ਉਤੇ ਕਬਜਾ ਕਰਨ ਲਈ ਫਿਰ ਹਮਲਾ ਕੀਤਾ। ਇਸ ਵਾਰ ਰਣਜੀਤ ਸਿੰਘ ਨੇ ਉਸਦਾ ਕੋਈ ਵਿਰੋਧ ਨਾ ਕੀਤਾ ਅਤੇ ਉਸਨੂੰ ਅਮਨ ਅਮਾਨ ਨਾਲ ਲਾਹੌਰ ਵਿੱਚ ਦਾਖਿਲ ਹੋਣ ਦਿੱਤਾ। ਪਰ ਜਿਉਂ ਹੀ ਅਫ਼ਗਾਨੀ ਫੌਜਾਂ ਲਾਹੌਰ ਵਿੱਚ ਦਾਖਿਲ ਹੋਈਆਂ, ਰਣਜੀਤ ਸਿੰਘ ਨੇ ਆਪਣੀ ਫੌਜ ਨਾਲ ਲਾਹੌਰ ਨੂੰ ਸਭ ਪਾਸਿਆਂ ਤੋਂ ਘੇਰ ਲਿਆ। ਸ਼ਹਿਰ ਅੰਦਰ ਕੋਈ ਵੀ ਖਾਣ-ਪੀਣ ਵਾਲੀ ਵਸਤ ਜਾਣ ਤੋਂ ਰੋਕ ਦਿੱਤੀ।। ਸ਼ਹਿਰ ਦੇ ਆਸ ਪਾਸ ਦੀਆਂ ਸਾਰੀਆਂ ਫਸਲਾਂ ਅੱਗ ਲਾ ਕੇ ਸ਼ਾੜ ਦਿੱਤੀਆਂ ਤਾਂਕਿ ਮੁਗ਼ਲ ਫੌਜਾਂ ਮੌਕਾ ਪਾ ਕੇ ਖਾਣ ਵਾਲਾ ਕੋਈ ਵੀ ਅਨਾਜ ਵੱਢ ਕੇ ਅੰਦਰ ਨਾ ਲਿਜਾ ਸਕਣ। ਘੇਰਾ ਇੰਨਾ ਸਖ਼ਤ ਸੀ ਕਿ ਬਹੁਤ ਸਾਰੀ ਅਫ਼ਗਾਨੀ ਫੌਜ ਦਾਅ ਲੱਗੇ ਆਪਣੀ ਜ਼ਾਨ ਬਚਾ ਕੇ ਵਾਪਿਸ ਅਫ਼ਗਾਨਿਸਤਾਨ ਨੂੰ ਦੌੜ ਗਈ।

### ਲਾਹੌਰ ਅਤੇ ਅੰਮ੍ਰਿਤਸਰ ਉਤੇ ਕਬਜਾ:

ਸੰਨ 1799 ਵਿੱਚ ਰਣਜੀਤ ਸਿੰਘ ਅਤੇ ਕਨੱਈਆ ਮਿਸਲ ਦੀ ਰਾਣੀ ਸਦਾ ਕੌਰ ਨੇ ਮਿਲ ਕੇ ਲਾਹੌਰ ਨੇੜਲੇ ਭੰਗੀ ਮਿਸਲ ਦੇ ਕਬਜੇ ਵਾਲੇ ਇਲਾਕੇ ਉਤੇ ਹਮਲਾ ਕਰਕੇ ਉਸਨੂੰ ਆਪਣੇ ਕਬਜੇ ਹੇਠ ਲੈ ਲਿਆ। ਉਥੇ ਮੌਜੂਦ ਭੰਗੀ ਸਰਦਾਰ ਬਚ ਕੇ ਦੌੜ ਗਏ। ਇਲਾਕੇ ਦੀ ਸਾਰੀ ਮੁਸਲਿਮ ਅਤੇ ਹਿੰਦੂ ਅਬਾਦੀ ਨੇ ਰਣਜੀਤ ਸਿੰਘ ਨੂੰ ਜੀ ਆਇਆਂ ਆਖਦਿਆਂ ਸਵਾਗਤ ਕੀਤਾ। ਸੰਨ 1800 ਵਿੱਚ ਜੰਮੂ ਦੇ ਹਾਕਮ ਨੇ ਇਲਾਕੇ ਦਾ ਕਬਜਾ ਰਣਜੀਤ ਸਿੰਘ ਨੂੰ ਸੌਂਪ ਦਿੱਤਾ। ਸੰਨ 1801 ਵਿੱਚ ਰਾਜਾ ਰਣਜੀਤ ਸਿੰਘ ਨੇ ਮਹਾਰਾਜਾ ਦਾ ਰੁਤਬਾ ਹਾਸਿਲ ਕੀਤਾ। ਸੰਨ 1802 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਭੰਗੀਆਂ ਕੋਲੋਂ ਅੰਮ੍ਰਿਤਸਰ ਦਾ ਇਲਾਕਾ ਵੀ ਖੋਹ ਲਿਆ ਅਤੇ ਸ਼੍ਰੀ ਹਰਿਮੰਦਰ ਸਾਹਿਬ ਜਾ ਕੇ ਮੱਥਾ ਟੇਕਿਆ। ਅਫ਼ਗਾਨੀ ਹਾਕਮਾਂ ਅਤੇ ਫੌਜਾਂ ਨੇ ਸ਼੍ਰੀ ਹਰਿਮੰਦਰ ਸਾਹਿਬ ਨੂੰ ਬੜਾ ਅਪਵਿੱਤਰ ਕੀਤਾ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਉਥੇ ਅਰਦਾਸ ਕਰਦਿਆਂ ਪ੍ਰਣ ਲਿਆ ਕਿ ਉਹ ਸ਼੍ਰੀ ਹਰਿਮੰਦਰ ਸਾਹਿਬ ਦੀ ਮੁੜ ਮਾਰਬਲ ਅਤੇ ਸੋਨੇ ਨਾਲ ਉਸਾਰੀ ਕਰਵਾਏਗਾ।

### ਈਸਟ ਇੰਡੀਆ ਕੰਪਨੀ ਨਾਲ ਸੰਧੀ:



ਸੰਤੋਖ ਸਿੰਘ ਸੰਧੂ
(+64) 022 071 0935

ਪਹਿਲੀ ਜਨਵਰੀ ਸੰਨ 1806 ਨੂੰ ਮਹਾਰਾਜਾ ਰਣਜੀਤ ਸਿੰਘ ਨੇ ਈਸਟ ਇੰਡੀਆ ਕੰਪਨੀ ਦੇ ਬ੍ਰਤਾਨਵੀ ਹਾਕਮਾਂ ਨਾਲ ਇੱਕ ਸਮਝੌਤੇ ਉਤੇ ਦਸਤਖ਼ਤ ਕੀਤੇ, ਜਿਸ ਹੇਠ ਸਤਿਲੁਜ ਦਰਿਆ ਨੂੰ ਹੱਦ ਮੰਨ ਕੇ ਫੈਸਲਾ ਕੀਤਾ ਗਿਆ ਕਿ ਨਾ ਤਾਂ ਸਿੱਖ ਫੌਜਾਂ ਦਰਿਆ ਦੇ ਦੱਖਣ ਵੱਲ ਵਧਣਗੀਆਂ ਅਤੇ ਨਾ ਹੀ ਅੰਗ੍ਰੇਜ਼ ਫੌਜਾਂ ਦਰਿਆ ਦੇ ਦੂਸਰੇ ਪਾਸੇ ਸਿੱਖ ਰਾਜ ਦੇ ਇਲਾਕੇ ਵਿੱਚ ਦਾਖਿਲ ਹੋਣਗੀਆਂ।

### ਕਸੂਰ ਉਤੇ ਕਬਜਾ:

ਸੰਨ 1807 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਕਸੂਰ ਦੀ ਮੁਸਲਿਮ ਹਕੂਮਤ ਵਾਲੀ ਰਿਆਸਤ ਉਤੇ ਹਮਲਾ ਕੀਤਾ ਅਤੇ ਉਥੇ ਦੇ ਅਫ਼ਗਾਨ ਮੁਖੀਏ ਕੁਤਬ-ਉਦ-ਦੀਨ ਨੂੰ ਹਰਾ ਕੇ ਕਸੂਰ ਉਤੇ ਕਬਜਾ ਕਰ ਲਿਆ। ਇਸ ਨਾਲ ਉਸਦਾ ਰਾਜ ਉਤਰ-ਪੱਛਮੀ ਦਿਸ਼ਾ ਵਿੱਚ ਅਫ਼ਗਾਨਿਸਤਾਨ ਤੱਕ ਫੈਲ ਗਿਆ। ਸੰਨ 1818 ਵਿੱਚ ਉਸਨੇ ਮੁਲਤਾਨ ਦਾ ਇਲਾਕਾ ਵੀ ਆਪਣੇ ਕਬਜੇ ਹੇਠ ਕਰ ਲਿਆ। ਸੰਨ 1819 ਵਿੱਚ ਉਸਨੇ ਅਫ਼ਗਾਨੀ ਸੁੰਨੀ ਮੁਸਲਿਮ ਹਾਕਮਾਂ ਨੂੰ ਹਰਾ ਕੇ ਸ਼੍ਰੀਨਗਰ ਤੇ ਕਸ਼ਮੀਰ ਤੱਕ ਅਪਣੇ ਰਾਜ ਨੂੰ ਫੈਲਾ ਲਿਆ।

### ਅਫ਼ਗਾਨੀ ਹਾਕਮਾਂ ਨਾਲ ਹੋਈਆਂ ਮਹੱਤਵਪੂਰਨ ਜੰਗਾਂ:

ਸੰਨ 1813 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਮੋਹਕਮ ਚੰਦ ਦੀ ਅਗਵਾਈ ਹੇਠ ਸਿੱਖ ਫੌਜਾਂ ਦੀ ਅਫ਼ਗਾਨੀ ਹਾਕਮ ਸ਼ਾਹ ਮੁਹੰਮਦ ਦੇ ਜਰਨੈਲ ਦੋਸਤ ਮੁਹੰਮਦ ਨਾਲ ਜੰਗ ਹੋਈ। ਇਸ ਵਿੱਚ ਅਫ਼ਗਾਨੀ ਫੌਜਾਂ ਦੀ ਹਾਰ ਹੋਈ ਅਤੇ ਉਨ੍ਹਾਂ ਦੀ ਮਜਬੂਤ ਰਾਜਨੀਤਕ ਚੌਕੀ ਉਅਟਕ" ਉਤੇ ਸਿੱਖ ਫੌਜਾਂ ਦਾ ਕਬਜਾ ਹੋ ਗਿਆ। ਸੰਨ 1818 ਵਿੱਚ ਜਰਨੈਲ ਦੀਵਾਨ ਚੰਦ ਦੀ ਅਗਵਾਈ ਹੇਠ ਸਿੱਖ ਫੌਜਾਂ ਨੇ ਮੁਲਤਾਨ ਦੇ ਮੁਜ਼ਫਰ ਖਾਨ ਨੂੰ ਮਾਰ ਕੇ ਮੁਲਤਾਨ ਉਤੇ ਕਬਜਾ ਕੀਤਾ। ਇਸ ਨਾਲ ਅਫ਼ਗਾਨ ਹਕੂਮਤ ਦਾ ਪੰਜਾਬ ਵਿੱਚੋਂ ਖਾਤਮਾ ਹੋ ਗਿਆ। ਜੁਲਾਈ 1818 ਵਿੱਚ ਸਿੱਖ ਫੌਜਾਂ ਨੇ ਕਸ਼ਮੀਰ ਦੇ ਗਵਰਨਰ ਅਜ਼ੀਮ ਖਾਨ ਦੇ ਛੋਟੇ ਭਰਾ ਜਬਰ ਖਾਨ ਨੂੰ ਹਰਾ ਕੇ ਕਸ਼ਮੀਰ ਉਤੇ ਕਬਜਾ ਕੀਤਾ। ਸੰਨ 1819 ਵਿੱਚ ਦੋਸਤ ਮੁਹੰਮਦ ਨੇ ਪੇਸ਼ਾਵਰ ਉਤੇ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਨੂੰ ਪ੍ਰਵਾਨ ਕਰਦਿਆਂ ਸਾਲਾਨਾ ਇੱਕ ਲੱਖ ਰੁਪਏ ਦਾ ਕਰ ਦੇਣਾ ਪ੍ਰਵਾਨ ਕੀਤਾ। ਸੰਨ 1820-21 ਵਿੱਚ ਡੇਰਾ ਗ਼ਾਜ਼ੀ ਖਾਨ , ਹਜ਼ਾਰਾ, ਮਨਕੇਰਾ ਉਤੇ ਸਿੱਖ ਫੌਜਾਂ ਨੇ ਕਬਜਾ ਜਮਾਇਆ, ਜਿਸ ਨਾਲ ਜੇਹਲਮ ਤੇ ਇੰਡਸ, ਸਿੰਘ ਅਤੇ ਦਾਓਬ ਵਿਚਕਾਰ ਦੀ ਬਹੁਤ ਸਾਰੀ ਭੂੰਮੀ ਸਿੱਖ ਰਾਜ ਵਿੱਚ ਸ਼ਾਮਿਲ ਹੋ ਗਈ। ਸੰਨ 1823 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਕਾਬੁਲ ਦਰਿਆ ਦੇ ਉਤਰ ਵਿੱਚ ਯੂਸਫਜਈ ਦੀ ਭਾਰੀ ਫੌਜ ਨੂੰ ਹਰਾਇਆ। ਸੰਨ 1834 ਵਿੱਚ ਮੁਹੰਮਦ ਅਜ਼ੀਮ ਖਾਨ ਨੇ 25,000 ਬੰਦਿਆਂ ਦੀ ਫੌਜ ਨਾਲ ਜ਼ਿਹਾਦ ਦੇ ਨਾਂ ਹੇਠ ਪੇਸ਼ਾਵਰ ਉਤੇ ਕਬਜਾ ਕਰਨ ਲਈ ਇੱਕ ਵਾਰ ਫਿਰ ਹਮਲਾ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਫੌਜਾਂ ਨੂੰ ਕਰਾਰੀ ਹਾਰ ਦਿੱਤੀ। ਯਾਰ ਮੁਹੰਮਦ ਨੂੰ ਮੁਆਫੀ ਦੇ ਕੇ ਉਸਨੂੰ ਮੁੜ ਪੇਸ਼ਾਵਰ ਦਾ ਗਵਰਨਰ ਥਾਪ ਦਿੱਤਾ। ਉਸਨੇ ਲਾਹੌਰ ਦਰਬਾਰ ਨੂੰ ਇੱਕ ਲੱਖ ਦਸ ਹਜ਼ਾਰ ਰੁਪਏ ਦਾ ਸਾਲਾਨਾ ਕਰ ਦੇਣਾ ਪ੍ਰਵਾਨ ਕੀਤਾ। ਸੰਨ 1837 ਦੀ ਜਮਰੌਦ ਦੀ ਜੰਗ ਅਤੇ ਸੰਨ 1838 ਵਿੱਚ ਸਿੰਧ ਵਿੱਚ ਬੈਠੀ ਬਸਤੀਵਾਦੀ ਅੰਗ੍ਰਜ਼ੀ ਫੌਜ ਦੇ ਸਹਿਯੋਗ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਆਪਣੀਆਂ ਫੌਜਾਂ ਦੇ ਨਾਲ ਕਾਬੁਲ ਵਿੱਚ ਦਾਖਿਲ ਹੋਣ ਨਾਲ ਸਿੱਖਾਂ ਅਤੇ ਅਫ਼ਗਾਨੀਆਂ ਵਿਚਕਾਰ ਜੰਗਾਂ ਦਾ ਅੰਤ ਹੋ ਗਿਆ। ਇਸ ਨਾਲ ਸਿੱਖ ਰਾਜ ਦੀ ਪੱਛਮੀ ਸਰਹੱਦ ਸਥਾਪਿਤ ਹੋ ਗਈ।

### ਰਾਣੀਆਂ:

ਮਹਾਰਾਜਾ ਰਣਜੀਤ ਸਿੰਘ ਦੀਆਂ 20 ਰਾਣੀਆਂ ਸਨ, ਜਿਨ੍ਹਾਂ ਵਿਚੋਂ ਦਸ ਨਾਲ ਉਸਦੀ ਰਵਾਇਤੀ ਰਸਮਾਂ ਅਨੁਸਾਰ ਸ਼ਾਦੀ ਹੋਈ ਸੀ। ਉਨ੍ਹਾਂ ਦਸਾਂ ਵਿੱਚੋਂ ਪੰਜ ਸਿੱਖ, ਤਿੰਨ ਹਿੰਦੂ ਅਤੇ ਦੋ ਮੁਸਲਿਮ ਔਰਤਾਂ ਸਨ। ਬਾਕੀ ਦਸ ਰਾਣੀਆਂ ਦਾ ਰਣਜੀਤ ਸਿੰਘ ਨਾਲ ਵਿਆਹ ਚਾਦਰ ਦੀ ਰਸਮ ਨਾਲ ਹੋਇਆ ਸੀ। ਉਨ੍ਹਾਂ ਵਿੱਚੋਂ ਸੱਤ ਸਿੱਖ ਅਤੇ ਤਿੰਨ ਹਿੰਦੂ ਸਨ। ਰਣਜੀਤ ਸਿੰਘ ਦੀ ਆਖਰੀ ਰਾਣੀ, ਮਹਾਰਾਣੀ ਜਿੰਦ ਕੌਰ ਦੀ ਸ਼ਾਦੀ ਵੀ ਚਾਦਰ ਦੀ ਰਸਮ ਨਾਲ ਹੋਈ ਸੀ।

### ਮਹਾਰਾਜਾ ਰਣਜੀਤ ਸਿੰਘ ਦਾ ਸਵਰਗ ਸਿਧਾਰਨਾ:

ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ 27 ਜੂਨ, 1839 ਨੂੰ ਸ਼ਾਮ ਦੇ ਪੰਜ ਵਜੇ ਪ੍ਰਮਾਤਮਾ ਵੱਲੋਂ ਬਖ਼ਸ਼ੀ ਗਈ ਸਵਾਸਾਂ ਦੀ ਪੂੰਜੀ ਦਾ ਅੰਤਮ ਸਵਾਸ ਲੈਂਦਿਆਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਇਤਫਾਕ ਨਾਲ ਉਸ ਦਿਨ ਦੇਸੀ ਮਹੀਨੇ 'ਹਾੜ੍ਹ' ਦੀ 15 ਤਰੀਕ ਸੀ ਅਤੇ ਇਸਤੋਂ ਠੀਕ 40 ਸਾਲ ਪਹਿਲਾਂ ਉਹ ਜੇਤੂ ਦੇ ਤੌਰ 'ਤੇ 15 ਹਾੜ੍ਹ ਨੂੰ ਹੀ ਲਾਹੌਰ ਵਿੱਚ ਦਾਖਿਲ ਹੋਇਆ ਸੀ। ਉਸਦੀ ਮ੍ਰਿਤਕ ਦੇਹ ਦਾ ਸਸਕਾਰ ਬਾਦਸ਼ਾਹੀ ਮਸਜ਼ਿਦ ਅਤੇ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਦੇ ਨੇੜੇ ਕੀਤਾ ਗਿਆ।

ਸ਼ਹਿਜ਼ਾਦੇ ਖੜਕ ਸਿੰਘ ਨੇ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਅਗਨੀ ਭੇਂਟ ਕਰਨ ਦੀ ਰਸਮ ਅਦਾ ਕੀਤੀ। ਡਾ: ਗੋਕਲ ਚੰਦ ਨਾਰੰਗ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦਾ ਦੇਸ ਵਿੱਚ ਵਿਆਪਕ ਸੋਗ ਮਨਾਇਆ ਗਿਆ। ਹਰ ਕਿਸੇ ਨੇ ਇੰਝ ਮਹਿਸੂਸ ਕੀਤਾ ਕਿ ਅੱਜ ਉਨ੍ਹਾਂ ਦਾ ਆਪਣਾ ਪਿਤਾ ਅਤੇ ਰਖਵਾਲਾ ਉਨ੍ਹਾਂ ਤੋਂ ਸਦਾ ਲਈ ਵਿਛੜ ਗਿਆ ਹੈ ਅਤੇ ਪੰਜਾਬ ਦੀ ਹਾਲਤ ਵਿਧਵਾ ਔਰਤ ਵਰਗੀ ਹੋ ਗਈ ਹੈ।

# ਸਤਿਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹੀਦੀ ਪੁਰਬ 'ਤੇ ਹੋਈਆਂ ਵਿਚਾਰਾਂ- ਲੋੜ ਸ਼ਹਾਦਤ ਨੂੰ ਸਮਝਣ ਦੀ

(ਸਫਾ 14 ਦੀ ਬਾਕੀ)

ਸ਼ਬਦ ਗਾਇਨ ਕੀਤਾ ਅਤੇ ਸਤਿਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਸੰਗਤਾਂ ਨਾਲ ਸਾਂਝ ਪਾਈ ਤੇ ਵੱਖ-ਵੱਖ ਬੁਲਾਰਿਆਂ ਨੇ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਸਤਿਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਦੇ ਕਾਰਨਾਂ ਨੂੰ ਜਾਨਣ ਤੇ ਜ਼ੋਰ ਦਿੱਤਾ।

ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਵੱਲੋਂ ਧੰਨ ਧੰਨ ਸ੍ਰੀ ਆਦਿ ਗ੍ਰੰਥ ਜੋ ਬਾਅਦ ਵਿਚ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ, ਤੋਂ ਹੁਣ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਂ ਨਾਲ ਜਾਣਿਆ ਜਾਂਦਾ ਹੈ, ਦੀ ਸੰਪਾਦਨਾ ਸਮੂਹ ਭਾਰਤ ਵਾਸੀਆਂ ਖਾਸ ਕਰਕੇ ਬਹੁਜਨ ਸਮਾਜ ਲਈ ਅਤੇ ਉਹਨਾਂ 'ਤੇ ਬਹੁਤ ਵੱਡਾ ਪਰਉਪਕਾਰ ਹੈ, ਜਿਸ ਅੰਦਰ ਵੱਖ-ਵੱਖ ਧਰਮਾਂ-ਵਰਗਾਂ ਦੇ ਬਹੁਤ ਹੀ ਸਤਿਕਾਰਿਤ ਮਹਾਂ-ਪੁਰਸ਼ਾਂ ਦੀ ਪਾਕ ਬਾਣੀ ਬਿਰਾਜਮਾਨ ਹੈ। ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੂਹ ਬਾਣੀ ਦਾ ਸ਼ਬਦ ਵਾਣ ਜਿੱਥੇ ਸਾਨੂੰ ਅਧਿਆਤਮਿਕਤਾ ਦਾ ਮਾਰਗ ਦਿਖਾਉਂਦਾ ਹੈ, ਉਥੇ ਵਹਿਮਾਂ-ਭਰਮਾਂ, ਜਾਤਾਂ-ਪਾਤਾਂ, ਊਚ-ਨੀਚ ਆਦਿ ਤੋਂ ਜਿੱਥੇ ਉਪਰ ਉਠਣ ਦਾ ਸੰਦੇਸ਼ ਦਿੰਦਾ ਹੈ, ਉਥੇ ਜਿਹਨਾਂ ਕੋਝੀਆਂ ਗੱਲਾਂ ਦਾ ਤੇ ਇਹਨਾਂ ਦੇ ਕਰਤਾਵਾਂ ਦਾ ਪੁਰਜ਼ੋਰ ਖੰਡਨ ਵੀ ਕਰਦਾ ਹੈ ਤੇ ਚੈਲਿੰਜ ਵੀ ਕਰਦਾ ਹੈ। ਸਮੇਂ ਦੇ ਹਾਕਮਾਂ ਤੇ ਪ੍ਰੋਹਿਤ, ਮੁੱਲਾਂ, ਪੁਜਾਰੀਆਂ ਨੂੰ ਕਦਾਚਿਤ ਮਨਜ਼ੂਰ ਨਹੀਂ ਸੀ। ਅੱਜ ਫਿਰ ਤੋਂ ਲੋੜ ਹੈ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹਾਦਤ ਤੋਂ ਸਬਕ ਸਿੱਖਣ ਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਅਮਲੀ ਜਾਮਾ ਪਹਿਨਾਉਣ ਦੀ।



ਅੱਜ ਦੇ ਦਿਨ ਹੀ 'ਫਾਦਰ ਡੇਅ' 'ਤੇ ਵੀ ਬੁਲਾਰਿਆਂ ਨੇ ਦੋ-ਦੋ ਸ਼ਬਦਾਂ ਨਾਲ ਸਾਂਝ ਪਾਈ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਬੈਲਜੀਅਮ ਦੇ ਪ੍ਰਧਾਨ ਸ੍ਰੀ ਹਰਮੇਸ਼ ਲਾਲ ਨੂੰ ਸਿਰੋਪਾਓ ਤੇ ਪਲੈਕ ਨਾਲ ਸਨਮਾਨਿਤ ਕੀਤਾ ਗਿਆ।

ਭਾਰਤ ਤੋਂ ਆਏ ਰਿਟਾਇਰਡ ਡੀ. ਐਸ. ਪੀ. ਸ੍ਰੀ ਜੀ. ਡੀ. ਭੱਟੀ ਤੇ ਉਹਨਾਂ ਦੀ ਧਰਮ ਪਤਨੀ, ਸ੍ਰੀ ਚਰਨਜੀਤ ਸਿੰਘ ਮਾਨ ਤੇ ਉਹਨਾਂ ਦੀ ਧਰਮ ਪਤਨੀ ਆਦਿ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਹਰਬਖਸ਼ ਸਿੰਘ ਕੌਲਧਾਰ ਤੇ ਉਹਨਾਂ ਦੀ ਧਰਮ ਪਤਨੀ ਨੂੰ ਵੀ ਇਸ ਮੌਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਮੁੱਖ ਬੁਲਾਰਿਆ ਵਿਚ ਹਰਬਖਸ਼ ਸਿੰਘ ਕੌਲਧਾਰ, ਜੀ. ਡੀ. ਭੱਟੀ, ਪਲਵਿੰਦਰ ਕੌਰ, ਮਨਦੀਪ ਕੌਰ, ਰਜਿੰਦਰ ਮੋਮੀ ਆਦਿ ਰਹੇ, ਜਦਕਿ ਸਟੇਜ ਦੀ ਸੇਵਾ ਸ੍ਰੀ ਅਮਰ ਦੜੌਚ ਨੇ ਨਿਭਾਈ ਤੇ ਚੇਅਰਮੈਨ ਸ੍ਰੀ ਰਜਿੰਦਰ ਮੋਮੀ ਨੇ ਸਭ ਸੰਗਤ ਦਾ ਕੋਟਿ-ਕੋਟਿ ਧੰਨਵਾਦ ਕੀਤਾ। ਗੁਰੂ ਦੇ ਕੜਾਹ-ਪ੍ਰਸ਼ਾਦ ਅਤੇ ਅਤੁੱਟ ਲੰਗਰ ਵਰਤਾਏ ਗਏ।

ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਵਿਖੇ 1 ਜੁਲਾਈ ਦਿਨ ਐਤਵਾਰ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ ਅਤੇ 8 ਜੁਲਾਈ ਦਿਨ ਐਤਵਾਰ ਨੂੰ ਸਮਾਨਤਾ ਦੇ ਮਹਾਨ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਕਬੀਰ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾਵੇਗਾ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਗੁਰੂ ਘਰ ਦੀ ਕਮੇਟੀ ਵੱਲੋਂ ਸਨਿਮਰ ਬੇਨਤੀ ਹੈ ਕਿ ਪਰਿਵਾਰ ਸਮੇਤ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।

# ਜ਼ਿੰਦਗੀ ਜੀਊਣ ਦਾ ਸਾਊ ਸਲੀਕਾ



ਕੇਹਰ ਸ਼ਰੀਫ
+49 173 3546050

ਜ਼ਿੰਦਗੀ ਦੀਆਂ ਵੱਖੋ-ਵੱਖ ਇਕਾਈਆਂ ਸਾਨੂੰ ਦਿਨ ਮਹੀਨੇ ਤੇ ਸਾਲਾਂ ਤੱਕ ਨਾਲ ਤੋਰੀ ਰੱਖਦੀਆਂ ਹਨ। ਜ਼ਿੰਦਗੀ ਅਜਿਹੀਆਂ ਮਿੱਠੀਆਂ ਤੇ ਕੌੜੀਆਂ ਸਚਾਈਆਂ ਦਾ ਨਾਂ ਹੈ ਜੋ ਸਾਡੇ ਜੀਵਨ ਨੂੰ ਠੀਕ ਰਸਤੇ 'ਤੇ ਪਾਉਣ ਵਾਸਤੇ ਸਹਾਈ ਹੁੰਦੀਆਂ ਹਨ, ਪਰ ਸ਼ਰਤ ਇਹ ਵੀ ਹੈ ਕਿ ਅਸੀਂ ਹਨੇਰੇ ਵਿੱਚ ਟੱਕਰਾਂ ਮਾਰਨ ਦੀ ਥਾਂ ਪਹਿਲਾਂ ਅਸਲ ਹਾਲਤਾਂ ਦਾ ਜਾਇਜ਼ਾ ਵੀ ਲਈਏ, ਅਧਿਅਨ ਵੀ ਕਰੀਏ ਤੇ ਉਨ੍ਹਾਂ ਨੂੰ ਪਾਰਖੂ ਸੋਚ ਨਾਲ ਅੱਖਾਂ ਖੁੱਲ੍ਹੀਆਂ ਰੱਖ ਕੇ ਪਰਖੀਏ ਵੀ। ਬਿਨਾਂ ਕਿਸੇ ਚੀਜ਼ ਨੂੰ ਪਰਖਿਆਂ ਕੋਈ ਵੀ ਉਸਦਾ ਸੌਦਾ ਨਹੀਂ ਕਰਦਾ। ਸੌਦਾ ਕਰ ਲੈਣ ਤੋਂ ਬਾਅਦ ਵੀ ਬੰਦਾ ਪਰਖਦਾ ਹੀ ਰਹਿੰਦਾ ਹੈ ਕਿ ਜੋ ਮੈਂ ਖਰੀਦਿਆ ਜਾਂ ਘਰ ਲਿਆਂਦਾ ਹੈ, ਇਹ ਕਿੱਥੋਂ ਤੱਕ ਮੇਰੇ ਸੁਖ ਅਰਾਮ ਜਾਂ ਜਿੰਦਗੀ ਨੂੰ ਮੁੱਲਵਾਨ ਬਨਾਉਣ ਵਿੱਚ ਸਹਾਈ ਹੋ ਸਕੇਗਾ। ਇਸ ਵਿੱਚ ਚੀਜ਼ਾ ਵਸਤਾਂ ਹੀ ਨਹੀਂ ਸੂਝ ਸਿਆਣਪ ਤੇ ਵਿਚਾਰਧਾਰਕ ਪੈਂਤੜੇ ਵੀ ਸ਼ਾਮਲ ਹਨ, ਸਿਧਾਂਤਕ ਪਕਿਆਈਆਂ ਵੀ ਹਨ। ਅਸੀਂ ਜਦੋਂ ਕਿਸੇ ਵੀ ਸਿਧਾਂਤ ਦੇ ਲੜ ਲਗਦੇ ਹਾਂ ਪਹਿਲਾਂ ਭਾਵਕ ਹੋ ਕੇ ਉੱਧਰ ਤੁਰਦੇ ਹਾਂ ਫੇਰ ਆਪਣੀ ਸੋਚ-ਸੂਝ ਅਨੁਸਾਰ ਡੂੰਘਾਈ ਵਿੱਚ ਉਸਦੇ ਹਰ ਪੱਖ ਨੂੰ ਵਿਚਾਰਦੇ ਹਾਂ। ਕੋਈ ਵੀ ਸਿਧਾਂਤ ਜਾਂ ਵਿਚਾਰਧਾਰਾ ਇਕੈਹਰੇ ਕਦੇ ਵੀ ਨਹੀਂ ਹੁੰਦੇ, ਇਸ ਦੀਆਂ ਬਹੁਤ ਸਾਰੀਆਂ ਪਰਤਾਂ ਹੁੰਦੀਆਂ ਹਨ, ਗੰਢੇ ਦੀ ਛਿੱਲ ਵਾਂਗ, ਵੱਖੋ ਵੱਖਰੀਆਂ ਪਰ ਆਪਸ ਵਿਚ ਜੁੜੀਆਂ ਹੋਈਆਂ। ਹਰ ਪਰਤ ਦਾ ਵੱਖਰਾ ਖੇਤਰ ਬਣਦਾ ਹੈ। ਸਮਾਜ ਵਿਚ ਵਿਰਦਿਆਂ ਹਰ ਪਰਤ ਨੇ ਹੀ ਸਮੇਂ ਨੂੰ ਥੋੜ੍ਹਾ-ਬਹੁਤਾ ਪ੍ਰਭਾਵਿਤ ਵੀ ਕਰਨਾ ਹੁੰਦਾ ਹੈ।

ਇਨਸਾਨੀ ਜ਼ਿੰਦਗੀ ਦਾ ਇਹ ਸਫਰ ਹਰ ਸਮਾਜ ਲਈ ਸਦੀਆ ਲੰਬਾ ਹੀ ਹੁੰਦਾ ਹੈ, ਸਥਿਤੀਆ ਰੂਪ ਵਟਾ ਕੇ ਸਮੇਂ ਨਾਲ ਬਦਲਦੀਆਂ ਰਹਿੰਦੀਆਂ ਹਨ। ਇਹ ਆਦਿ ਕਾਲ ਵਾਲੇ ਵਿਰਸੇ ਤੋਂ ਤੁਰਕੇ ਆਪਣੇ ਸੰਸਕਾਰਾਂ ਦੇ ਰਾਹੀਂ ਵਰਤਮਾਨ ਤੱਕ ਪਹੁੰਚਦਾ ਹੈ। ਅਸਲ ਕਰਮ ਖੇਤਰ ਵਰਤਮਾਨ ਹੀ ਹੁੰਦਾ ਹੈ ਜਿਸਦੀ ਪ੍ਰੇਰਨਾ ਇਤਿਹਾਸ ਅਤੇ ਆਪਣਾ ਵਿਰਸਾ ਹੀ ਹੁੰਦਾ ਹੈ। ਹਰ ਮਨੁੱਖ ਦੇ ਜੀਵਨ ਵਿੱਚ ਕੁੱਝ ਪਲ ਜਾਂ ਦਿਨ ਮਹੀਨੇ ਅਜਿਹੇ ਆਉਂਦੇ ਹਨ ਜਦੋਂ ਮਨੁੱਖੀ ਜ਼ਿੰਦਗੀ ਦੀ ਤੋਰ ਕਿਸੇ ਵੀ ਭਾਵਕ ਸਥਿਤੀ ਤੋਂ ਵੱਧ ਪ੍ਰਭਾਵਿਤ ਹੁੰਦੀ ਹੈ। ਇਸ ਸਥਿਤੀ ਵਿਚ ਵਿਚਰਨ ਵਾਲਾ ਭਾਵਕ ਮਨੁੱਖ ਕਈ ਵਾਰ ਡਾਵਾਂਡੋਲ ਵੀ ਹੁੰਦਾ ਹੈ- ਇਥੋਂ ਹੀ ਕਈ ਵਾਰ ਕੁੱਝ ਲੋਕ ਗੁਨਾਹ ਵਾਲੀ ਸੋਚ ਦੇ ਭਾਗੀ ਵੀ ਬਣ ਜਾਂਦੇ ਹਨ। ਇਹ ਕਿਸੇ ਦੀ ਵੀ ਜ਼ਿੰਦਗੀ ਦਾ ਗੈਰ-ਸੰਜੀਦਗੀ ਵਾਲਾ ਵਿਹਾਰ ਕਿਹਾ ਜਾਣਾ ਚਾਹੀਦਾ ਹੈ। ਕਿਉਂਕਿ ਭਾਵਕਤਾ ਅਤੇ ਸੰਜੀਦਗੀ ਕਿਸੇ ਵੀ ਮਸਲੇ ਬਾਰੇ ਨਦੀ ਦੇ ਦੋ ਕਿਨਾਰਿਆਂ ਵਰਗੇ ਦੋ ਪਹਿਲੂ ਹੁੰਦੇ ਹਨ।

ਨਾ ਇਹ ਕਦੇ ਆਪਸ ਵਿੱਚ ਮਿਲਦੇ ਹਨ ਨਾ ਇਕ ਦੂਜੇ ਦਾ ਸਾਥ ਛੱਡਦੇ ਹਨ, ਭਾਵ ਕਿ ਇਕ ਦੂਜੇ ਤੋਂ ਬਿਨਾ ਅਧੂਰੇ ਹੁੰਦੇ ਹਨ। ਇਨ੍ਹਾਂ ਦੀ ਪਹਿਚਾਣ ਕਰ ਲੈਣਾ ਹਰ ਕਿਸੇ ਦੇ ਵਸ ਦੀ ਗੱਲ ਨਹੀਂ ਇਸ ਕਰਕੇ ਹੀ ਮਨੁੱਖਾਂ ਦੀ ਸੋਚ ਵਿਚ ਵਖਰੇਵੇਂ ਹੁੰਦੇ ਹਨ। ਇਹ ਹਰ ਖੇਤਰ ਵਿਚ ਹਨ। ਇੱਕੋ ਹੀ ਸਿਆਸੀ ਪਾਰਟੀ ਦੀ ਸਿਆਸਤ ਕਰਨ ਵਾਲੇ ਤੇ ਇੱਕੋ ਸਮਾਜ ਵਿਚ ਰਹਿਣ ਤੇ ਵਸਣ ਵਾਲੇ ਅਤੇ ਇਕੋ ਹੀ ਧਰਮ ਨੂੰ ਮੰਨਣ ਵਾਲੇ ਬਹੁਤ ਸਾਰੇ ਲੋਕ ਹਰ ਮਸਲੇ ਨੂੰ ਇੱਕੋ ਤਰ੍ਹਾਂ ਨਹੀਂ ਦੇਖਦੇ ਜਾਂ ਉਸ ਦੇ ਬਾਰੇ ਇੱਕੋ ਤਰ੍ਹਾਂ ਨਹੀਂ ਸੋਚਦੇ। ਇਕੋ ਹੀ ਮਸਲੇ ਬਾਰੇ ਹਰ ਵਿਅਕਤੀ ਦੀ ਵੱਖਰੀ ਦਲੀਲ ਤੇ ਪਹੁੰਚ ਇਸ ਗੱਲ ਦਾ ਸਬੂਤ ਹੈ। ਭਾਵੇਂ ਕਿ ਉਹ ਇਕ- ਦੂਸਰੇ ਦੇ ਵਿਰੋਧੀ ਨਹੀਂ ਹੁੰਦੇ ਸਗੋਂ ਆਪਸ ਵਿਚ ਇਕ ਦੂਸਰੇ ਦੇ ਸਾਥੀ ਦੱਸਦੇ ਹਨ ਆਪਣੇ ਆਪ ਨੂੰ। ਇਸਨੂੰ ਹੀ ਤਾਂ ਜ਼ਿੰਦਗੀ ਜੀਊਣ ਦਾ ਸਲੀਕਾ ਕਿਹਾ ਜਾਂਦਾ ਹੈ। ਇਸ ਸਲੀਕੇ ਕਰਕੇ ਹੀ ਵੱਖਰੇ ਵਿਅਕਤੀਗਤ ਵਿਚਾਰ ਹੁੰਦਿਆਂ ਹੋਇਆਂ ਵੀ ਅਜਿਹੇ ਇਨਸਾਨ ਇਕੋ ਇਕਾਈ ਦੇ ਜੁੜਵੇਂ ਆਕਾਰ ਹੁੰਦੇ ਹਨ। ਜਦੋਂ ਇਹਦੇ ਪਿਛੋਕੜ ਵਾਲੇ ਕਾਰਨਾਂ ਦੀ ਗੱਲ ਕਰਦੇ ਹਾਂ ਤਾਂ ਦੇਖਦੇ ਹਾਂ ਕਿ ਇਸਦਾ ਕਾਰਨ, ਉਨ੍ਹਾਂ ਸੱਜਣਾਂ ਦਾ ਪਾਲਣ-ਪੋਸ਼ਣ ਵੀ ਹੋ ਸਕਦਾ ਹੈ ਜਾਂ ਯਕੀਨੀ ਤੌਰ ਤੇ ਬੌਧਿਕ ਪੱਧਰ ਵਿੱਚ ਵਾਧ-ਘਾਟ ਵੀ ਹੁੰਦੀ ਹੈ। ਇਸ ਵਿੱਚ ਉਸ ਵਿਅਕਤੀ ਨੇ ਜੋ ਪੜ੍ਹਿਆ-ਲਿਖਿਆ ਜਾਂ ਆਪਣੇ ਤੌਰ ਤੇ ਜੋ ਸਿੱਖਿਆ, ਇਹ ਸਾਰਾ ਕੁੱਝ ਬਹੁਤ ਸਾਰਾ ਰੋਲ ਅਦਾ ਕਰਦੇ ਹਨ। ਉਹ ਜਿਸ ਸਮਾਜ ਵਿੱਚ ਰਹਿ ਰਿਹਾ ਹੈ ਉੱਥੇ ਦਾ ਮਾਹੌਲ ਕੀ ਹੈ, ਕੀ ਉਹ ਸਮੇਂ ਦੇ ਹਾਣ ਦਾ ਹੈ ਜਾਂ ਅਜੇ ਵੀ ਪਿੱਛੇ ਮੁੜ ਕੇ ਦੇਖੀ ਜਾਣ ਦੇ ਰੁਝਾਨ ਦਾ ਸ਼ਿਕਾਰ ਹੈ।

ਜਿਹੜੇ ਸਮਾਜ ਜਾਂ ਉਸਦੇ ਵਸਨੀਕ ਸਿਰਫ ਬੀਤੇ ਹੋਏ ਕੱਲ੍ਹ ਦੀ ਹੀ ਦੁਹਾਈ ਦੇਈ ਜਾਣ ਉਹ ਸਮੇਂ ਤੋਂ ਪਛੜ ਜਾਂਦੇ ਹਨ। ਬੀਤਿਆ ਹੋਇਆ ਕੱਲ੍ਹ ਮੁੜ ਦੁਹਰਾਇਆ ਨਹੀਂ ਜਾ ਸਕਦਾ ਪਰ ਉਹ ਸਾਡੀ ਪ੍ਰੇਰਨਾ ਬਣ ਸਕਦਾ ਹੈ, ਅਸੀਂ ਉਸ ਸਮੇਂ ਹੋਈਆਂ ਗਲਤੀਆਂ ਤੋਂ ਸਿੱਖ ਸਕਦੇ ਹਾਂ ਅਤੇ ਰਹਿ ਗਈਆਂ ਘਾਟਾਂ ਵੀ ਦੂਰ ਕਰ ਸਕਦੇ ਹਾਂ, ਪਰ ਸਮੇਂ ਨੇ ਅੱਜ ਦੀਆਂ ਸਥਿਤੀਆਂ ਵਿੱਚੋਂ ਕਿਵੇਂ ਗੁਜ਼ਰਨਾ/ਲੰਘਣਾਂ ਹੈ ਇਹ ਤਾਂ ਅੱਜ ਦੇ ਵਿਹੜੇ ਬੈਠ ਕੇ ਦੇਖਿਆ ਜਾਣਾ ਹੁੰਦਾ ਹੈ। ਕਿਸੇ ਵੀ ਮਸਲੇ ਬਾਰੇ ਵਿਚਾਰਦਿਆਂ ਆਉਣ ਵਾਲਾ ਕੱਲ੍ਹ ਸਾਡੀ ਸੋਚ ਵਿੱਚੋਂ ਗੈਰਹਾਜ਼ਰ ਨਹੀਂ ਹੋਣਾ ਚਾਹੀਦਾ। ਇਹ ਤਦ ਹੀ ਹੋ ਸਕਦਾ ਹੈ ਜੇ ਸਾਡੀ ਸੋਚ ਇਨਸਾਨੀ ਭਾਵਨਾਵਾਂ ਵਾਲੀ ਸਾਂਝ / ਦੋਸਤੀ ਨੂੰ ਆਪਣਾ ਧੁਰਾ ਮੰਨੇ । ਹਰ ਕਿਸੇ ਦੇ ਕੰਮ ਆਉਣ ਵਾਲੀ ਭਾਵਨਾ ਦਾ ਸਾਡੇ ਅੰਦਰ ਵਾਸ ਹੋਵੇ, ਭਾਵ ਕਹੀ ਜਾਂਦੀ 'ਸਰਬੱਤ ਦੇ ਭਲੇ ਦੀ ਸੋਚ' ਸਾਡੇ ਮੱਥੇ ਨੂੰ ਰੁਸ਼ਨਾਉਂਦੀ ਹੋਵੇ ਅਸੀਂ ਇਸ ਸੋਚ ਤੇ ਅਮਲ ਕਰਕੇ ਕਿਸੇ ਨੂੰ ਵੈਰੀ ਤੇ ਬੇਗਾਨਾ ਸਮਝਣ ਵਾਲੀ ਸੋਚ ਤੋਂ ਖਹਿੜਾ ਛੁਡਾ ਸਕੀਏ। ਇਹ ਕੁੱਝ ਕਰਨਾ ਬਹੁਤ ਔਖਾ ਹੈ, ਪਰ ਇਸ ਤੋਂ ਬਿਨਾਂ ਅਸੀਂ ਆਪਣੇ ਆਪ ਨੂੰ ਇਨਸਾਨ ਵੀ ਨਹੀਂ ਕਹਾ ਸਕਦੇ। ਇਹ ਕੁੱਝ ਕੀਤੇ ਬਿਨਾਂ ਜ਼ਿੰਦਗੀ ਬੇ-ਮਕਸਦੀ ਹੀ ਲੰਘ ਜਾਂਦੀ ਹੈ। ਜਿਹੜੇ ਲੋਕ ਚੰਗੀ, ਖੂਬਸੂਰਤ ਅਤੇ ਸਾਊ ਜ਼ਿੰਦਗੀ ਜੀਊਣ ਵਾਸਤੇ, ਸਮਾਜ ਨੂੰ ਲੋਕ ਭਲਾਈ ਦੇ ਯੋਗ ਬਨਾਉਣ ਦਾ ਸੰਘਰਸ਼ ਕਰਦੇ ਹਨ ਉਨ੍ਹਾਂ ਨੂੰ ਅਜਿਹੀਆਂ ਸਥਿਤੀਆਂ ਨਾਲ ਦੋ ਚਾਰ ਹੋਣਾ ਹੀ ਪੈਂਦਾ ਹੈ, ਉਹ ਜਿੱਤਣ ਜਾਂ ਨਾ ਜਿੱਤਣ ਪਰ ਹਾਰ ਜਾਣ ਵਾਲੇ ਲੋਕ ਉਹ ਨਹੀਂ ਹੁੰਦੇ।

ਅੱਜ ਦੇ ਮਨੁੱਖ ਦੀ ਤ੍ਰਾਸਦੀ ਹੀ ਇਹ ਹੈ ਕਿ ਅੱਜ ਦਾ ਮਨੁੱਖ ਆਮ ਕਰਕੇ ਦੂਜਿਆਂ ਵਲ ਦੇਖ ਕੇ ਜੀਊਣ ਦਾ ਆਦੀ ਹੋ ਗਿਆ ਹੈ ਜਿਸਨੂੰ ਸੌਖੀ ਪੰਜਾਬੀ ਵਿੱਚ ਅਸੀਂ 'ਰੀਸ ਨੂੰ ਘੜੀਸ' ਵੀ ਆਖਦੇ ਹਾਂ। ਅਜਿਹੀ ਪ੍ਰੇਰਨਾ ਵੀ ਮਨੁੱਖ ਸਮਾਜ ਤੋਂ ਹੀ ਲੈ ਰਿਹਾ ਹੈ। ਇੱਥੇ ਫੇਰ ਸਵਾਲ ਉੱਠਦਾ ਹੈ ਕਿ ਸਮਾਜ ਹੈ ਕੀ - ਇਨਸਾਨਾਂ ਦਾ ਸਮੂਹ ਹੀ ਹੈ ਨਾ। ਬਚਪਨ ਤੋਂ ਲੈ ਕੇ ਬੁਢਾਪੇ ਤੱਕ ਜਾਣ ਦਾ ਸਫਰ, ਬਦਲਦੀਆਂ ਸਥਿਤੀਆਂ ਇਹ ਸਭ ਮਿਲਕੇ ਹੀ ਸਾਨੂੰ ਪ੍ਰਭਾਵਿਤ ਕਰਦੇ ਹਨ । ਜਿਸ ਪ੍ਰਭਾਵ ਹੇਠ ਅਸੀਂ ਆਪਣੀ ਤੇ ਭਾਈਚਾਰੇ ਦੇ ਹੋਰ ਲੋਕਾਂ ਦੀ ਜ਼ਿੰਦਗੀ ਨੂੰ ਸੌਖਾ ਕਰਕੇ ਜੀਊਣ ਦਾ ਰਸਤਾ ਭਾਲਦੇ ਹਾਂ। ਇਹ ਜਰੂਰੀ ਵੀ ਨਹੀਂ ਹੁੰਦਾ ਕਿ ਜਿਸ ਉਦੇਸ਼/ਕਾਜ਼ ਵਾਸਤੇ ਅਸੀਂ ਲੜ ਰਹੇ ਹੋਈਏ ਉਸ ਵਿੱਚ ਅਸੀਂ ਹਮੇਸ਼ਾ ਕਾਮਯਾਬ ਹੀ ਹੋਈਏ। ਸਭ ਤੋਂ ਮਾੜੀ ਤੇ ਨਾਂਹ ਪੱਖੀ ਗੱਲ ਹੁੰਦੀ ਹੈ - ਹਾਰ ਮੰਨ ਲੈਣੀ। ਅਜਿਹਾ ਕਦੇ ਵੀ ਸੋਚਣਾ ਨਹੀਂ ਚਾਹੀਦਾ ਅਜਿਹਾ ਕਦੇ ਵੀ ਨਹੀਂ ਕਰਨਾ ਚਾਹੀਦਾ। ਇੱਥੇ ਜਰਮਨੀ ਦੇ ਚਿੰਤਕ ਬਰਤੋਲਤ ਬਰੈਖਤ ਦਾ ਇਹ ਕਥਨ ਤੁਹਾਡੇ ਨਾਲ ਸਾਂਝਾ ਕਰਨਾ ਜਰੂਰੀ ਹੈ ਜਿਵੇਂ ਉਹ ਕਹਿੰਦਾ ਹੈ ਕਿ :"ਜਿਹੜਾ ਸੰਘਰਸ਼ ਕਰਦਾ ਹੈ, ਉਹ ਹਾਰ ਸਕਦਾ ਹੈ, ਜਿਹੜਾ ਸੰਘਰਸ਼ ਕਰਦਾ ਹੀ ਨਹੀਂ, ਉਹ ਪਹਿਲਾਂ ਹੀ ਹਾਰਿਆ ਹੋਇਆ ਹੈ "।

ਇਨ੍ਹਾਂ ਸਤਰਾਂ ਵਿੱਚ ਸੁਨੇਹਾ ਤਾਂ ਸਾਫ ਹੈ ਕਿ ਬਿਨਾ ਲੜੇ, ਬਿਨਾ ਸੰਘਰਸ਼ ਕੀਤੇ - ਕਿਉਂ ਹਾਰ ਮੰਨੀ ਜਾਵੇ? ਇੱਥੇ ਹੀ ਆਪਣੀ ਮਾਂ ਬੋਲੀ ਪੰਜਾਬੀ ਦੇ ਪਹਿਲੇ ਕਵੀ ਬਾਬਾ ਸ਼ੇਖ ਫਰੀਦ ਜੀ ਸਾਨੂੰ ਚੇਤੰਨ ਕਰਦਿਆਂ ਸਿੱਖਿਆ ਦਿੰਦੇ ਹਨ ਉਨ੍ਹਾਂ ਦੇ ਅਮੁੱਲੇ ਵਿਚਾਰਾਂ ਨੂੰ ਚੇਤੇ ਕਰਦਿਆਂ ਅਸੀਂ ਆਪਣੇ ਬਾਰੇ ਬਹੁਤ ਕੁੱਝ ਜਾਣ ਸਕਦੇ ਹਾਂ - ਆਪਣਾ ਆਤਮ ਚਿੰਤਨ-ਮੰਥਨ ਵੀ ਕਰ ਸਕਦੇ ਹਾਂ, ਬਾਬਾ ਫਰੀਦ ਜੀ ਫਰਮਾਉਂਦੇ ਹਨ :



ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕਮੜੇ ਵਿਸਾਰੁ
ਮਤੁ ਸ਼ਰਮਿੰਦਾ ਥੀਵਹੀ ਸਾਈਂ ਦੇ ਦਰਬਾਰ ॥

ਇਹ ਸਾਈਂ ਦਾ ਦਰਬਾਰ ਮੇਰੇ ਵਿਚਾਰ 'ਚ ਸਾਡਾ ਸਮਾਜ ਹੀ ਹੈ (ਧਾਰਮਕ ਪੱਖੋਂ ਕੁੱਝ ਹੋਰ ਵੀ ਹੋ ਸਕਦਾ ਹੈ) ਜਿਸ ਵਿਚ ਅਸੀਂ ਨਿਤ ਦਿਨ ਵਿਚਰ ਰਹੇ ਹਾਂ ਇੱਥੇ ਆਪਣੇ ਆਪ ਦਾ ਮੁਲਅੰਕਣ ਆਪ ਵੀ ਕਰਦੇ ਰਹਿਣਾ ਚਾਹੀਦਾ ਹੈ। ਸਿਰਫ ਆਪਣੀਆਂ ਝੂਠੀਆਂ ਸਿਫਤਾਂ ਸੁਣਕੇ ਐਵੇਂ ਹੀ ਗੁਬਾਰੇ ਵਾਂਗ ਫੁੱਲ ਨਹੀਂ ਜਾਣਾ ਚਾਹੀਦਾ, ਯਾਦ ਰੱਖਣਾ ਚਾਹੀਦਾ ਹੈ ਕਿ ਫੂਕ ਥੋੜ੍ਹੀ ਜਹੀ ਵੱਧ ਹੋ ਜਾਵੇ ਤਾਂ ਇਕ ਛਿਣ ਹੀ ਗੁਬਾਰੇ ਦੀ ਠਾਹ ਬੋਲ ਜਾਂਦੀ ਹੈ।

ਇਸ ਤੋਂ ਬਚਣਾ ਵੀ ਸਾਡਾ ਕਾਰਜ ਹੋਣਾ ਚਾਹੀਦਾ ਹੈ। ਪਰ ਇਸ ਵਾਸਤੇ ਮਨੁੱਖ ਆਪਣੇ ਕੰਮਾਂ ਵਿੱਚ ਸਚਿਆਰਾ ਵੀ ਹੋਵੇ ਤੇ ਸੂਝ ਪੱਖੋਂ ਸਮੇਂ ਦੇ ਹਾਣ ਦਾ ਜਾਂ ਸਮੇਂ, ਸਥਿਤੀਆਂ ਨੂੰ ਪਰਖਣ ਜੋਗੀ ਅਕਲ ਦਾ ਮਾਲਕ ਵੀ ਹੋਵੇ। ਇਹ ਤਦ ਹੀ ਸੰਭਵ ਹੋ ਸਕਦਾ, ਜੇ ਸਾਡੇ ਪੱਲੇ ਸੱਚ ਤੇ ਇਮਾਨਦਾਰੀ ਹੋਵੇ। ਫੇਰ ਕਿਸੇ ਵੀ ਘਟਨਾਕ੍ਰਮ ਦਾ ਕੋਈ ਵੀ ਸਿੱਟਾ ਨਿਕਲੇ ਉਸ ਨਾਲ ਮਨ ਵਿੱਚ ਉਦਾਸੀ ਪੈਦਾ ਨਹੀਂ ਹੋ ਸਕਦੀ। ਇਸ ਨਾਲ ਮਨੁੱਖ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ। ਇਸ ਬਾਰੇ ਸਾਨੂੰ ਆਪ ਹੀ ਜਤਨਸ਼ੀਲ ਹੋਣਾ ਪਵੇਗਾ ਜਿਸ ਰਾਹੇ ਪਿਆਂ ਅਸੀਂ ਮੂਰਖਾਂ ਨਾਲ ਲੜਨੋਂ ਝਗੜਨੋ ਵੀ ਬਚ ਰਵ੍ਹਾਂਗੇ, ਵਕਤ ਅਜਾਈਂ ਨਹੀਂ ਜਾਵੇਗਾ ਅਤੇ ਕੁੱਝ ਪ੍ਰਾਪਤ ਵੀ ਕਰ ਸਕਾਂਗੇ। ਇਸ ਕਰਮ ਨਾਲ ਮਨੁੱਖ ਸਮਾਜ ਨੂੰ ਕੱਝ ਚੰਗਾ ਵੀ ਦੇ ਸਕਦਾ ਹੈ- ਇਹ ਸਿਹਤਮੰਦ ਅਤੇ ਸੁਚੱਜੇ ਵਿਚਾਰ ਵੀ ਹੋ ਸਕਦੇ ਹਨ, ਜੋ ਦੂਜਿਆਂ ਨੂੰ ਪ੍ਰਭਾਵਿਤ ਕਰਕੇ ਉਨ੍ਹਾਂ ਦੀ ਜ਼ਿੰਦਗੀ ਸਫਲ ਕਰਨ ਵਿਚ ਕੰਮ ਆ ਸਕਦੇ ਹਨ। ਇਕ ਦੂਜੇ ਦੀ ਸਹਾਇਤਾ ਕਰਕੇ ਹੀ ਚੰਗੇ ਸਮਾਜ ਦੀ ਸਿਰਜਣਾ ਦਾ ਕਾਰਜ ਸਿਰੇ ਚਾੜ੍ਹਿਆ ਜਾ ਕਦਾ ਹੈ। ਸਿਰਫ ਆਪਣੇ ਬਾਰੇ ਸੋਚਣ ਵਾਲੇ ਚੰਗੇ ਸਮਾਜ ਦੀ ਸਿਰਜਣਾ ਕਰ ਹੀ ਨਹੀਂ ਸਕਦੇ।

ਵਰਤਮਾਨ ਬਾਰੇ ਵਿਚਾਰਦਿਆਂ ਸਾਨੂੰ ਇਹ ਸੋਚਣਾ ਪੈਂਦਾ ਹੈ ਕਿ ਬਹੁਤ ਸਾਰੇ ਸਮਾਜਾਂ ਅੰਦਰ ਜੁਰਮ ਹੋ ਰਹੇ ਹਨ। ਇਸ ਵਾਸਤੇ ਕਿਸੇ ਇਕੱਲੇ-ਦੁਕੱਲੇ ਨੂੰ ਕਸੂਰਵਾਰ ਨਹੀਂ ਕਿਹਾ ਜਾ ਸਕਦਾ। ਇਹ ਰਾਜ ਸੱਤਾ ਵਜੋਂ ਕੀਤੇ ਜਾਂਦੇ ਕੰਮਾਂ ਦਾ ਪ੍ਰਤੀਕਰਮ ਜਾਂ ਵਿਰੋਧ ਵੀ ਹੋ ਸਕਦਾ ਹੈ। ਚੇਤੇ ਰੱਖਣ ਵਾਲੀ ਗੱਲ ਇਹ ਵੀ ਹੈ ਕਿ ਵਿਰੋਧ ਕਰਨ ਵਾਸਤੇ ਕਿਸੇ ਦੂਸਰੇ ਦੇ ਮਨ ਨੂੰ ਠੇਸ ਨਾ ਪਹੁੰਚਾਈ ਜਾਵੇ। ਜੇ ਕੋਈ ਇਹ ਚਾਹੁੰਦਾ ਹੋਵੇ ਕਿ ਦੂਸਰੇ ਉਸਦਾ ਸਤਿਕਾਰ ਕਰਨ ਤਾਂ ਪਹਿਲਾਂ ਆਪ ਨੂੰ ਦੂਸਰਿਆਂ ਦਾ ਸਤਿਕਾਰ ਕਰਨਾ ਸਿੱਖਣਾ ਪਵੇਗਾ, ਇਸ 'ਤੇ ਅਮਲ ਕਰਨਾ ਪਵੇਗਾ। ਇਹ ਕੁੱਝ ਕਰਨਾ ਹੈ ਬਹੁਤ ਔਖਾ ਪਰ ਇਸ ਤੋਂ ਬਿਨਾਂ ਸਰ ਵੀ ਨਹੀਂ ਸਕਦਾ। ਇਹ ਸੰਸਾਰ ਹੈ ਹੀ ਅਜਿਹਾ ਕਿ ਇੱਥੇ ਆਪਣੇ ਵਲੋਂ ਕੋਈ ਕਿਸੇ ਨੂੰ ਕੁੱਝ ਨਹੀਂ ਦਿੰਦਾ। ਜੋ ਤੁਸੀਂ ਕਿਸੇ ਨੂੰ ਦੇਵੋਗੇ ਉਹ ਹੀ ਵਾਪਸ ਆਵੇਗਾ। ਭਾਵ ਇਹ ਬਣਦਾ ਹੈ ਕਿ ਜੀ ਕਹੋ ਤੇ ਜੀ ਕਹਾਉ, ਜੇ ਕਿਸੇ ਨੂੰ ਓਏ ਕਹੋਗੇ ਤਾਂ ਅੱਗਿਉਂ ਵੀ ਵੱਖਰੇ ਜਵਾਬ ਦੀ ਉਡੀਕ ਨਹੀਂ ਕੀਤੀ ਜਾਣੀ ਚਾਹੀਦੀ। ਇਹ ਬਹੁਤ ਹੀ ਸਾਧਾਰਨ ਜਿਹਾ ਗੁਰ ਹੈ ਪਰ ਹੈ ਅਣਮੁੱਲਾ। ਜਿਸ ਨਾਲ ਬਹੁਤ ਕੁੱਝ ਸਿੱਖਿਆ ਜਾ ਸਕਦਾ ਹੈ। ਅਜਿਹੇ ਗੁਰ ਜਾਂ ਗੁਣ ਮਨੁੱਖ ਦੀ ਸ਼ਖਸੀਅਤ ਨੂੰ ਨਿਖਾਰਨ ਵਿੱਚ ਬਹੁਤ ਸਹਾਈ ਹੁੰਦੇ ਹਨ। ਮਨੁੱਖ ਜਦੋਂ ਅਜਿਹੇ ਗੁਰਾਂ ਜਾਂ ਗੁਣਾਂ ਦਾ ਧਾਰਨੀ ਹੋ ਜਾਵੇ ਤਾਂ ਇਹ ਸੰਸਾਰ ਖੂਬਸੂਰਤ ਦਿਸਣ ਜਾਂ ਹੋਣ ਲੱਗ ਪੈਂਦਾ ਹੈ। ਫੇਰ ਕਿਉਂ ਨਾ ਇਸ ਸੰਸਾਰ ਨੂੰ ਖੂਬਸੂਰਤ ਬਨਾਉਣ ਦੇ ਰਾਹੇ ਪਿਆ ਜਾਵੇ- ਇਸ ਵਿਚ ਆਪਣਾ ਵੀ ਭਲਾ ਸ਼ਾਮਲ ਹੈ।

ਜਦੋਂ ਕੋਈ ਵਿਅਕਤੀ ਆਪਣਿਆਂ ਨਾਲ ਹੀ ਚੁਸਤ ਚਲਾਕੀਆਂ ਕਰੇ, ਕਿਸੇ ਲਾਲਚ ਵਸ ਬੇਗਾਨਿਆਂ ਦੇ ਸਾਹੀਂ ਜੀਊਣ ਲੱਗੇ, ਜੋ ਸਾਡੇ ਇਤਿਹਾਸਕ ਅਤੇ ਮਿਥਿਹਾਸਕ ਵਿਰਸੇ ਵਿਚ ਵੀ ਕਿਧਰੇ ਕਿਧਰੇ ਦੇਖਣ ਨੂੰ ਮਿਲਦਾ ਹੈ ਤਾਂ ਅਜਿਹੇ ਉਦਾਸ ਵਰਤਾਰੇ ਨਾਲ ਸਮਾਜ ਅੰਦਰ ਵਿਗਾੜ ਪੈਦਾ ਹੁੰਦੇ ਹਨ ਤੇ ਮਨੁੱਖਾਂ ਦੇ ਮਨਾਂ ਵਿੱਚ ਵਿੱਥਾਂ ਪੈਣ ਲਗਦੀਆਂ ਹਨ। ਇਹ ਕਿਸੇ ਵੀ ਸਮਾਜ ਵਾਸਤੇ ਹਾਨੀਕਾਰਕ ਹੀ ਸਾਬਤ ਹੁੰਦਾ ਹੈ। ਕਿਸੇ ਭੈੜੇ ਮਨੁੱਖ ਵਿਚ ਵੀ ਕੁੱਝ ਚੰਗਿਆਈਆਂ ਜਰੂਰ ਹੁੰਦੀਆਂ ਹਨ- ਇਸ ਬਾਰੇ ਉਸ ਮਨੁੱਖ ਨੂੰ ਸੁਚੇਤ ਕਰਨਾ ਚਾਹੀਦਾ ਹੈ, ਇਸ ਨਾਲ ਉਹ ਆਪਣੇ ਭੈੜ ਤਿਆਗਣ ਵਲ ਵਧਣ ਦੀ ਕੋਸ਼ਿਸ਼ ਕਰ ਸਕਦਾ ਹੈ ਸਕਦਾ ਹੈ - ਅਜਿਹੇ ਜਤਨ ਵਿਚ ਸਫਲ ਵੀ ਹੋ ਸਕਦਾ ਹੈ । ਇਸ ਬਾਰੇ ਖੋਜਦਿਆਂ ਬਹੁਤ ਸਾਰੀਆਂ ਉਦਾਹਰਣਾਂ ਵੀ ਲੱਭ ਪੈਣਗੀਆਂ।

ਦੁਨੀਆਂ ਵਿਚ ਵਸਦਾ ਹਰ ਮਨੁੱਖ ਜ਼ਿੰਦਗੀ ਨੂੰ ਪਿਆਰ ਕਰਦਾ ਹੈ । ਇਨਸਾਨਾਂ ਦਾ ਕੁਦਰਤੀ ਵਰਤਾਰਿਆਂ ਰਾਹੀਂ ਇਸ ਜਹਾਨ ਵਿੱਚ ਆਉਣਾ ਤੇ ਜਾਣਾ ਸਭ ਤੈਅ ਹੈ। ਕਿਸੇ ਨੂੰ ਵਿਅਕਤੀਗਤ ਜਾਂ ਸਰਕਾਰੀ ਪੱਧਰਾਂ ਤੇ ਕਿਸੇ ਦੀ ਜ਼ਿੰਦਗੀ ਨੂੰ ਔਖਾ ਕਰਨ ਦਾ ਕੋਈ ਹੱਕ ਨਹੀਂ। ਸਰਕਾਰਾਂ ਦੇ ਆਪੋ-ਆਪਣੇ ਸਿਸਟਮ ਹਨ। ਸਰਕਾਰੀ ਤੰਤਰ ਵਲੋਂ ਇਨ੍ਹਾਂ ਸਰਕਾਰੀ ਨੇਮਾਂ-ਕਾਨੂੰਨਾਂ ਨੂੰ ਇਨਸਾਨਾਂ ਵਾਸਤੇ ਪਿੰਜਰਾ ਨਹੀਂ ਬਣਾ ਦੇਣਾ ਚਾਹੀਦਾ ਸਗੋਂ ਜੋ ਅਮਨ -ਸ਼ਾਂਤੀ ਨਾਲ ਜੀਊਣਾ ਚਾਹੇ ਉਸ ਨੂੰ ਜੀਊਣ ਦੇਣਾ ਚਾਹੀਦਾ ਹੈ।

ਕਈ ਜਗ੍ਹਾ ਅਜਿਹਾ ਨਹੀਂ ਹੁੰਦਾ ਤਾਂ ਉੱਥੇ ਸਮਾਜ ਵਿੱਚ ਵਿਗਾੜ ਪੈਣੇ ਸ਼ੁਰੂ ਹੋ ਜਾਂਦੇ ਹਨ। ਇਹ ਵਧ ਜਾਣ ਤਾਂ ਸਾਰਾ ਸਮਾਜ ਹੀ ਅਫਰਾ-ਤਫਰੀ ਦੇ ਵਸ ਪੈ ਜਾਂਦਾ ਹੈ। ਇਸ ਦੀ ਲਪੇਟ ਵਿੱਚ ਬੇਕਸੂਰੇ ਵੀ ਆ ਜਾਂਦੇ ਹਨ। ਕਈ ਵਾਰ ਅਜਿਹੇ ਬੇਕਸੂਰਾਂ ਨੂੰ ਜਿੰਦਗੀ ਤੋਂ ਹੀ ਹੱਥ ਵੀ ਧੋਣੇ ਪੈ ਜਾਂਦੇ ਹਨ। ਇਸ ਤਰ੍ਹਾਂ ਕਿਧਰੇ ਵੀ ਅਤੇ ਕਦੇ ਵੀ ਨਹੀਂ ਹੋਣਾ ਚਾਹੀਦਾ। ਕਿਸੇ ਦੀ ਜ਼ਿੰਦਗੀ ਖੋਹਣ ਦਾ ਕਿਸੇ ਦੂਸਰੇ ਨੂੰ ਹੱਕ ਨਹੀਂ ਹੋਣਾ ਚਾਹੀਦਾ-ਕਾਨੂੰਨ ਨੂੰ ਵੀ ਨਹੀਂ।

ਇਹ ਵੀ ਯਾਦ ਰਹੇ ਕਿ ਦਹਿਸ਼ਤਗਰਰਦੀ ਸਰਕਾਰੀ ਹੋਵੇ ਜਾਂ ਗੈਰਸਰਕਾਰੀ ਉਹ ਸਮਾਜ ਅੰਦਰ ਦਹਿਸ਼ਤ ਹੀ ਪੈਦਾ ਨਹੀਂ ਕਰਦੀ ਸਗੋਂ ਸਮਾਜ ਨੂੰ ਫਿਰਕਿਆਂ ਵਿਚ ਵੰਡਣ ਦਾ ਭੈੜਾ ਕਾਰਜ ਵੀ ਕਰਦੀ ਹੈ ਭਾਵ ਭਾਈਚਾਰਕ ਸਾਂਝ ਦਾ ਖਾਤਮਾ ਕੀਤਾ ਜਾਂਦਾ ਹੈ। ਕਾਮੇ-ਕਿਰਤੀਆਂ ਵਿਚ ਫਰਕ ਦੀਆਂ ਲਕੀਰਾਂ ਖਿੱਚ ਦਿੰਦੀ ਹੈ। ਚਾਨਣੇ ਮੱਥੇ ਵਾਲੇ ਸਮਾਜ ਦੇ ਚੇਤੰਨ ਵਰਗ ਅਤੇ ਸਮਾਜ ਦੀ ਅਗਵਾਈ ਕਰਨ ਅਤੇ ਸੇਧ ਦੇਣ ਦੀ ਸਮਰੱਥਾ ਰੱਖਣ ਵਾਲੇ ਸੂਝਵਾਨ ਬੁੱਧੀਜੀਵੀ ਵੀ ਇਸਦਾ ਨਿਸ਼ਾਨਾ ਬਣਾ ਦਿੱਤੇ ਜਾਂਦੇ ਹਨ- ਸਮਾਜ ਦਾ ਭਲਾ ਚਾਹੁਣ ਵਾਲਿਆਂ ਨੂੰ ਕਈ ਵਾਰ ਜਾਨ ਤੋਂ ਹੱਥ ਧੋਣੇ ਪੈ ਜਾਂਦੇ ਹਨ। ਕਈ ਲੋਕ ਹਿੰਸਾ ਦੀ ਹਮਾਇਤ ਕਰਦਿਆਂ ਸਿਰਫ ਆਪਣੀ ਹਿੰਸਾਂ ਨੂੰ ਜਾਇਜ਼ ਅਤੇ ਦੂਸਰਿਆਂ ਦੀ ਹਿੰਸਾਂ ਨੂੰ ਨਾਜਾਇਜ਼ ਆਖਦੇ ਸੁਣੇ ਜਾਂਦੇ ਹਨ। ਇਹ ਬਿਲਕੁੱਲ ਠੀਕ ਨਹੀਂ। ਕਈ ਮਾੜਾ ਕੰਮ ਕਰਕੇ ਵੀ ਆਪਣੇ ਆਪ ਨੂੰ ਠੀਕ ਦੱਸਣ ਵਾਲੇ ਜਿੰਦਗੀ ਤੋਂ ਉੱਖੜੇ ਹੋਏ ਲੋਕ ਹੁੰਦੇ ਹਨ, ਹੋ ਸਕਦਾ ਇਹ ਵੀ ਮਾਨਸਿਕ ਰੋਗ ਹੀ ਹੋਵੇ। ਹਿੰਸਾ, ਸਾਊ ਅਤੇ ਸੁਹਜ ਭਰਪੂਰ ਜ਼ਿੰਦਗੀ ਜੀਊਣ ਦੇ ਰਾਹ ਦੀ ਵਿਰੋਧੀ ਹੁੰਦੀ ਹੈ। ਚੰਗੀ ਜ਼ਿੰਦਗੀ ਜੀਊਣ ਦੇ ਰਾਹੇ ਤੁਰਨ ਵਾਸਤੇ ਹਿੰਸਾ ਤੋਂ ਬਚਿਆ ਹੀ ਜਾਣਾ ਚਾਹੀਦਾ ਹੈ। ਕਿਉਂਕਿ ਇਹ ਸਮਾਜ ਵਿੱਚ ਹੋਰ ਵਿਗਾੜ ਪੈਦਾ ਕਰਨ ਦੇ ਸਬੱਬ ਪੈਦਾ ਕਰਦੀ ਹੈ।

ਸੱਚਾ-ਸੁੱਚਾ ਜੀਵਨ ਜੀਊਣਾ ਸਭ ਤੋਂ ਔਖਾ ਹੁੰਦਾ ਹੈ। ਸੱਚ ਦਾ ਸਾਹਮਣਾ ਉਹ ਹੀ ਲੋਕ ਕਰ ਸਕਦੇ ਹਨ ਜਿਨ੍ਹਾਂ ਦਾ ਦਿਲ ਫੁੱਲ ਵਰਗਾ ਨਰਮ ਹੋਵੇ ਤੇ ਜੇਰਾ ਫੌਲਾਦ ਵਰਗਾ ਤਕੜਾ ਹੋਵੇ। ਇਨਸਾਨੀਅਤ ਨੂੰ ਪਿਆਰ ਕਰਨ ਦਾ ਇਹ ਵੀ ਇਕ ਰਾਹ ਹੈ। ਇਹ ਰਾਹ ਕਦੇ ਵੀ ਛੱਡਿਆ ਨਹੀਂ ਜਾਣਾ ਚਾਹੀਦਾ। ਸਰਬੱਤ ਦੇ ਭਲੇ ਵਾਲਾ ਪੰਜਾਬੀਆਂ ਦਾ ਦਾਰਸ਼ਨਿਕ ਵਿਰਸਾ ਸਾਨੂੰ ਇਹ ਹੀ ਸੁਨੇਹਾ ਦਿੰਦਾ ਹੈ- ਇਸ ਸੁਨੇਹੇ ਨੂੰ ਮਨੁੱਖਤਾ ਦੇ ਭਲੇ ਵਾਸਤੇ ਅਮਲ ਵਿਚ ਢਾਲਣਾ ਸਾਡੀ ਜੁੰਮੇਵਾਰੀ ਵੀ ਹੋਣੀ ਚਾਹੀਦੀ ਹੈ।

ਜਿੱਥੇ ਵੀ ਜੁਰਮ ਹੁੰਦੇ ਹਨ ਸਰਕਾਰ ਦਾ ਕੰਮ ਹੋਣਾ ਚਾਹੀਦਾ ਹੈ, ਮੁਜਰਮਾਂ ਦੀ ਇਸ ਬਿਰਤੀ ਦੇ ਪੈਦਾ ਕਰਨ ਵਾਲੇ ਹਰ ਕਾਰਨ ਦੀ ਘੋਖ ਕਰਕੇ ਉਸਦਾ ਖਾਤਮਾਂ ਕਰਨਾ। ਬਹੁਤ ਸਾਰੇ ਮੁਜਰਿਮ ਕਹੇ ਜਾਂਦੇ ਲੋਕ ਅਨਿਆਂ ਤੋਂ ਦੁਖੀ ਹੋਏ ਅਜਿਹੇ ਰਸਤੇ ਪੈ ਜਾਂਦੇ ਹਨ, ਜੋ ਨਾ ਉਨ੍ਹਾਂ ਵਾਸਤੇ ਤੇ ਨਾ ਸਮਾਜ ਵਾਸਤੇ ਚੰਗਾ ਹੁੰਦਾ ਹੈ। ਹਰ ਦੇਸ਼ ਦੀ ਸਰਕਾਰ ਆਪਣੇ ਰਾਜ ਪ੍ਰਬੰਧ ਨੂੰ ਚਲਾਉਣ ਵਾਸਤੇ ਕਾਨੂੰਨ ਬਣਾਉਂਦੀ ਹੈ ਪਰ ਸਾਰੇ ਕਾਨੂੰਨ ਲੋਕਾਂ ਦੇ ਭਲੇ ਦੇ ਹੀ ਨਹੀਂ ਹੁੰਦੇ । ਕੁਝ ਕਾਨੂੰਨ ਲੋਕ ਮਨਾਂ ਵਿੱਚ ਉਦਾਸੀਨਤਾ ਜਾਂ ਗੁੱਸਾ ਪੈਦਾ ਕਰਦੇ ਹਨ। ਦੁਨੀਆਂ ਦੇ ਕਾਫੀ ਸਾਰੇ ਮੁਲਕਾਂ ਵਿੱਚ ਅਜਿਹੇ ਕਾਨੂੰਨ ਮੌਜੂਦ ਹਨ ਕਿ ਕਿਸੇ ਜੁਰਮ ਦੇ ਬਦਲੇ ਕਿਸੇ ਮਿੱਥੇ ਗਏ ਮੁਜਰਮ ਨੂੰ ਉਸਦਾ ਜੁਰਮ ਸਾਬਤ ਹੋ ਜਾਣ 'ਤੇ ਗੈਰ ਕੁਦਰਤੀ ਤਰੀਕੇ ਮਾਰਨ ਦੀ ਸਜ਼ਾ ਦਿੱਤੀ ਜਾਂਦੀ ਹੈ ਜਿਸ ਨਾਲ ਉਸਨੂੰ ਇਸ ਦੁਨੀਆਂ ਤੋਂ ਚੱਲਦਾ ਕਰ ਦਿੱਤਾ ਜਾਂਦਾ ਹੈ। ਇਸ ਨੂੰ ਮੌਤ ਦੀ ਸਜ਼ਾ ਜਾਂ ਫਾਂਸੀ ਦੀ ਸਜ਼ਾ ਦਾ ਕਾਨੂੰਨ ਆਖਿਆ ਜਾਂਦਾ ਹੈ। ਦਰਅਸਲ ਕਿਸੇ ਵੀ ਜੁਰਮ ਦੇ ਬਦਲੇ ਮੌਤ ਦੀ ਸਜ਼ਾ ਖਤਮ ਕਰਨ ਦੀ ਮੰਗ 1795 ਵਿੱਚ ਫਰਾਂਸ ਦੇ ਅੰਦਰ ਹੋਈ ਸੀ। ਅੱਜ ਤੋਂ ਸਵਾ ਕੁ ਦੋ ਸੌ ਸਾਲ ਪਹਿਲਾਂ। ਫੇਰ 1970 ਤੋਂ 1990 ਦੇ ਸਮੇਂ ਦਰਮਿਆਨ ਕਾਫੀ ਸਾਰੇ ਮੁਲਕਾਂ ਨੇ ਆਪਣੇ ਕਾਨੂੰਨਾਂ ਵਿੱਚ ਸੋਧ ਕਰਕੇ ਆਪਣੇ ਮੁਲਕਾਂ ਵਿੱਚੋਂ ਕਿਸੇ ਵੀ ਜੁਰਮ ਦੇ ਬਦਲੇ ਮੌਤ ਦੀ ਸਜ਼ਾ ਖਤਮ ਕਰ ਦਿੱਤੀ ਹੈ। ਇਸੇ ਤਰ੍ਹਾਂ ਯੂਨਾਈਟਡ ਨੇਸ਼ਨਜ਼ / ਯੂ ਐਨ ਓ ਨੇ 1907 ਵਿੱਚ ਸਾਰੇ ਮੁਲਕਾਂ ਨੂੰ ਮੌਤ ਦੀ ਸਜ਼ਾ ਖਤਮ ਕਰਨ ਦਾ ਸੱਦਾ ਦਿੱਤਾ ਸੀ। ਪਰ ਅਜੇ ਤੱਕ ਵੀ ਕਾਫੀ ਸਾਰੇ ਮੁਲਕਾਂ ਨੇ ਇਸ ਨੂੰ ਖਤਮ ਕਰਨ ਵੱਲ ਕਦਮ ਨਹੀਂ ਪੁਟੇ, ਜੋ ਪੁੱਟੇ ਜਾਣੇ ਚਾਹੀਦੇ ਹਨ। ਇਸ (ਫਾਂਸੀ ਜਾਂ ਮੌਤ) ਦੀ ਥਾਵੇਂ ਬਹੁਤ ਹੀ ਘਿਨਾਉਣੇ ਜੁਰਮਾਂ ਵਾਸਤੇ ਉਮਰ ਭਰ ਦੀ ਲਮਕਵੀਂ ਸਜ਼ਾ ਦਾ ਵੀ ਕਈ ਥਾਂ ਚਲਣ ਦੇਖਿਆ ਜਾ ਸਕਦਾ ਹੈ। ਇਸ ਨਾਲ ਮੁਜਰਿਮ ਨੂੰ ਆਪਣੇ ਕੀਤੇ ਦਾ ਪਛਤਾਵਾ ਸਤਾਉਂਦਾ ਹੈ ਤਾਂ ਹੋ ਸਕਦਾ ਹੈ ਇਸ ਤਰ੍ਹਾਂ ਉਸ ਇਨਸਾਨ ਦੇ ਮਨ ਦੀ ਅਵਸਥਾ ਬਦਲ ਜਾਵੇ। ਇਹ ਜਿੰਦਗੀ ਦੇ ਪੱਖੀ ਲੋਕਾਂ ਵਾਸਤੇ ਮੰਨਣਯੋਗ ਤੇ ਸਵੀਕਾਰਨਯੋਗ ਹੈ। ਫੇਰ ਕਿਉਂ ਨਾ ਇਸ ਪਾਸੇ ਵੱਲ ਕਦਮ ਪੁੱਟੇ ਜਾਣ?

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹਰ ਮੁਲਕ ਵਿੱਚ , ਹਰ ਜੁਰਮ ਵਾਸਤੇ ਸਜ਼ਾ ਮਿੱਥੀ ਗਈ ਹੈ ਉਨ੍ਹਾਂ ਸਜਾਵਾਂ ਰਾਹੀਂ ਮੁਜਰਮਾਂ ਨਾਲ ਸਿੱਝਿਆ ਜਾਣਾ ਚਾਹੀਦਾ ਹੈ। ਪਰ ਕਿਸੇ ਨੂੰ ਵੀ ਗੈਰ ਕੁਦਰਤੀ ਮੌਤ ਦਾ ਸ਼ਿਕਾਰ ਨਹੀਂ ਬਣਾਇਆ ਜਾਣਾ ਚਾਹੀਦਾ। ਕਿਸੇ ਵੀ ਜੁਰਮ ਦੇ ਬਦਲੇ ਸਾਰੀ ਦੁਨੀਆਂ ਵਿੱਚੋਂ ਮੌਤ ਦੀ ਸਜ਼ਾ ਖਤਮ ਹੋਣੀ ਚਾਹੀਦੀ ਹੈ। ਇਹ ਕਦਮ ਜ਼ਿੰਦਗੀ ਜੀਊਣ ਵੱਲ ਜਾਂਦਾ ਰਾਹ ਹੈ ਤੇ ਇਨਸਾਨ ਕੋਲ ਜ਼ਿੰਦਗੀ ਤੋਂ ਵੱਡੀ ਨਿਆਮਤ ਹੋਰ ਕੋਈ ਨਹੀਂ। ਇਹ ਨਿਆਮਤ ਕਿਸੇ ਤੋਂ ਵੀ ਖੋਹਣੀ ਨਹੀਂ ਚਾਹੀਦੀ। ਪਰ ਕਿਸੇ ਵੀ ਜੁਰਮ ਬਦਲੇ ਬਣਦੀ ਸਜ਼ਾ ਦੇ ਕੇ ਸਮਾਜ ਦਾ ਤਵਾਜ਼ਨ ਵਿਗੜਨ ਤੋਂ ਬਚਾਇਆ ਜਾਣਾ ਚਾਹੀਦਾ ਹੈ।

ਇਸੇ ਤਰ੍ਹਾਂ ਦੁਨੀਆਂ ਦੇ ਬਹੁਤ ਸਿਆਣੇ ਲੋਕ ਜਦੋਂ ਵੀ ਬੋਲਦੇ ਹਨ ਤਾਂ ਉਹ ਮਨੁੱਖ ਦੀ ਆਜਦੀ ਦੇ ਹੱਕ ਵਿੱਚ ਹੀ ਬੋਲਦੇ ਹਨ ਇਸਦੀ ਵਕਾਲਤ ਕਰਦੇ ਹਨ। ਇੱਥੇ ਦੋ ਸ਼ਬਦ ਦੁਨੀਆਂ ਦੇ ਇਤਿਹਾਸ ਵਿੱਚ ਉੱਚਾ ਥਾਂ ਰੱਖਣ ਵਾਲੀ ਰੋਜ਼ਾ ਲਕਸਮਬਰਗ ਦੇ ਸੁਣੋ। ਉਹ ਕਹਿੰਦੀ ਹੈ ਕਿ "ਆਜਾਦੀ ਸਿਰਫ ਸਰਕਾਰ ਦੇ ਹਮਾਇਤੀਆਂ ਵਾਸਤੇ, ਇਕ ਪਾਰਟੀ ਦੇ ਮੈਂਬਰਾਂ ਲਈ ਭਾਵੇਂ ਉਨ੍ਹਾਂ ਦੀ ਗਿਣਤੀ ਕਿੰਨੀ ਵੱਡੀ ਵੀ ਕਿਉਂ ਨਾ ਹੋਵੇ - ਕੋਈ ਆਜ਼ਾਦੀ ਨਹੀਂ ਹੈ। ਅਜ਼ਾਦੀ ਹਮੇਸ਼ਾ ਉਹ ਹੁੰਦੀ ਹੈ ਜੋ ਉਸਨੂ ਵੀ ਹੋਵੇ ਜੋ ਵੱਖਰੇ ਤਰੀਕੇ ਨਾਲ ਸੋਚਦਾ ਹੈ ਅਤੇ ਕਿੰਨੀ ਆਜ਼ਾਦੀ ਨਾਲ ਸੋਚਦਾ ਹੈ।" ਜ਼ਿੰਦਗੀ ਨੂੰ ਪਿਆਰ ਕਰਨ ਵਾਲੇ ਸਾਰੇ ਹੀ ਇੰਜ ਸੋਚਦੇ ਹਨ, ਹਰ ਕਿਸੇ ਨੂੰ ਉਨ੍ਹਾਂ ਦੀਆਂ ਪੈੜਾਂ ਮਗਰ ਤੁਰਨ ਦਾ ਜਤਨ ਕਰਨਾ ਚਾਹੀਦਾ ਹੈ। ਸੰਸਾਰ ਪੱਧਰ 'ਤੇ ਮੌਤ ਦੀ ਸਜ਼ਾਂ ਦੇ ਖ਼ਿਲਾਫ ਚੱਲਦੀ ਲਹਿਰ ਵਿੱਚ ਮਨੁੱਖੀ ਅਧਿਕਾਰਾਂ ਦੇ ਹਮਾਇਤੀਆਂ ਨੂੰ ਵੱਧ ਚੜ੍ਹ ਕੇ ਸ਼ਾਮਲ ਹੋਣਾ ਚਾਹੀਦਾ ਹੈ ਕਿ ਜ਼ਿੰਦਗੀ ਦੇ ਹੱਕ ਵਿੱਚ ਆਵਾਜ਼ ਉੱਚੀ ਹੋਵੇ । ਦੁਨੀਆਂ ਭਰ ਦੀਆਂ ਸਰਕਾਰਾਂ ਨੂੰ ਸੂਝਵਾਨ ਲੋਕਾਂ ਦੀ ਮੱਦਦ ਲੈ ਕੇ ਇਸ ਸਬੰਧੀ ਕੋਈ ਹੱਲ ਲੱਭਣਾ ਚਾਹੀਦਾ ਹੈ। ਦੁਨੀਆ ਦੇ ਸਾਰੇ ਹੀ ਦੇਸ਼ਾਂ ਦੀਆਂ ਸਰਕਾਰਾਂ ਮੌਤ ਦੀ ਸਜ਼ਾ ਦੇ ਇਸ ਗੈਰ ਕੁਦਰਤੀ ਵਰਤਾਰੇ ਨੂੰ ਖਤਮ ਕਰਨ ਵਾਸਤੇ ਲੋੜੀਂਦੇ ਕਦਮ ਪੁੱਟਣ। ਇਸ ਤਰ੍ਹਾਂ ਕਿਸੇ ਵੀ ਤਰ੍ਹਾਂ ਦੀ ਬਦੀ ਦਾ ਵਿਰੋਧ ਵਿਚ ਖੜ੍ਹਦਿਆਂ ਅਤੇ ਮਨੁੱਖੀ ਜ਼ਿੰਦਗੀ ਦਾ ਸਤਿਕਾਰ ਕਰਦਿਆਂ ਸਾਨੂੰ ਸਭ ਨੂੰ ਰਲ-ਮਿਲ ਕੇ ਅਮਨ-ਚੈਨ ਨਾਲ ਰਹਿਣ ਵਾਲੀ ਕਿਸੇ ਵੀ ਡਰ ਅਤੇ ਕਿਸੇ ਵੀ ਭੈਅ ਤੋਂ ਮੁਕਤ ਹਰ ਪੱਧਰ 'ਤੇ ਬਰਾਬਰੀ ਵਾਲੀ ਦੁਨੀਆਂ ਵਾਸਤੇ ਹਰ ਹੀਲੇ ਜਤਨ ਕਰਨੇ ਚਾਹੀਦੇ ਹਨ। ਇਸ ਨੂੰ ਹੀ ਜਿੰਦਗੀ ਜੀਊਣ ਦਾ ਸਾਊ ਤੇ ਸੱਭਿਆ ਸਲੀਕਾ ਆਖਿਆ ਜਾ ਸਕਦਾ ਹੈ।

# ਪੰਜਾਬ ਦੇ ਅਸਲੀ ਮੁੱਦੇ ਅਤੇ ਸਿਆਸਤਦਾਨਾਂ ਦੀ ਖ਼ਾਮੋਸ਼ੀ



ਨਿਰਮਲ ਸੰਧੂ

ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਤੇਲ ਕੀਮਤਾਂ ਬਾਰੇ ਅਕਾਲੀਆਂ ਦੀ ਖ਼ਾਮੋਸ਼ੀ ਉੱਤੇ ਸਵਾਲੀਆ ਨਿਸ਼ਾਨ ਲਾਇਆ ਹੈ। ਹੁਣ ਜਦੋਂ ਤੇਲ ਦੀ ਦਰਾਮਦੀ ਕੀਮਤ 69 ਡਾਲਰ ਫ਼ੀ ਬੈਰਲ ਹੈ ਤਾਂ ਮੋਦੀ ਸਰਕਾਰ ਡੀਜ਼ਲ 67 ਰੁਪਏ ਲਿਟਰ ਦੇ ਹਿਸਾਬ ਵੇਚ ਰਹੀ ਹੈ। ਜਾਖੜ ਦਾ ਦਾਅਵਾ ਹੈ ਕਿ ਯੂਪੀਏ ਦੀ ਸਰਕਾਰ ਵੇਲੇ ਜਦੋਂ ਤੇਲ ਦਾ ਦਰਾਮਦੀ ਭਾਅ 104 ਡਾਲਰ ਪ੍ਰਤੀ ਬੈਰਲ ਸੀ ਤਾਂ ਡੀਜ਼ਲ ਦੀ ਕੀਮਤ 41 ਰੁਪਏ ਲਿਟਰ ਸੀ। ਜਾਖੜ ਪੰਜਾਬ ਦੇ ਉਨ੍ਹਾਂ ਕੁਝ ਕੁ ਸੰਜਮੀ ਅਤੇ ਬੇਦਾਗ਼ ਲੀਡਰਾਂ ਵਿੱਚੋਂ ਹਨ ਜੋ ਦਲੀਲ ਅਤੇ ਤੱਥਾਂ ਨਾਲ ਆਪਣੀ ਗੱਲ ਕਰਦੇ ਹਨ।

ਪਰ ਐਤਕੀਂ ਉਹ ਸਹੀ ਨਹੀਂ ਹਨ। ਭਾਜਪਾ ਪ੍ਰਧਾਨ ਅਮਿਤ ਸ਼ਾਹ ਵੱਲੋਂ 2019 ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਭਾਈਵਾਲਾਂ ਨੂੰ ਪਤਿਆਉਣ ਲਈ ਚਲਾਏ ਮਿਸ਼ਨ ਤੋਂ ਬਾਅਦ, ਬਾਦਲਾਂ ਨੇ ਪ੍ਰਧਾਨ ਮੰਤਰੀ ਨਾਲ ਹਾਲ ਹੀ ਵਿੱਚ ਹੋਈ ਮੀਟਿੰਗ ਵਿੱਚ ਤੇਲ ਦਾ ਮਸਲਾ ਉਠਾਇਆ ਹੀ। ਜਿਵੇਂ ਕਿ ਜਾਪਦਾ ਹੀ ਸੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਈ ਪ੍ਰਵਾਹ ਹੀ ਨਹੀਂ ਕੀਤੀ ਕਿ ਬਾਦਲਾਂ ਨੇ ਕਿਹਾ ਕੀ ਹੈ। ਨਾ ਹੀ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਉਨ੍ਹਾਂ ਅੱਗੇ ਰੱਖੀ ਮੰਗਾਂ ਵਾਲੀ ਲੰਮੀ ਸੂਚੀ ਵੱਲ ਉਨ੍ਹਾਂ ਵੱਲੋਂ ਧਿਆਨ ਧਰਨ ਦੀ ਕੋਈ ਉਮੀਦ ਹੈ। ਪੰਜਾਬ ਦੇ ਭਾਜਪਾ ਲੀਡਰ ਮੋਦੀ ਜਾਂ ਸ਼ਾਹ ਨਾਲ ਪੰਜਾਬ ਦੇ ਹੱਕਾਂ ਲਈ ਗੱਲ ਕਰਨ, ਇਹ ਗੱਲ ਮੁਸ਼ਕਿਲ ਜਾਂ ਅਸੰਭਵ ਲੱਗਦੀ ਹੈ।

ਹੁਣ ਸਵਾਲ ਹੈ: ਜਦੋਂ ਤੁਹਾਨੂੰ ਅਣਗੌਲਿਆ ਕੀਤਾ ਜਾ ਰਿਹਾ ਹੋਵੇ ਤਾਂ ਤੁਸੀਂ ਕੀ ਕਰੋਗੇ? ਬਾਦਲ ਵਾਂਗ ਮਕਰ ਕਰੋਗੇ ਕਿ ਸਭ ਅੱਛਾ ਹੈ ਅਤੇ ਲੰਗਰ ਨੂੰ ਜੀਐੱਸਟੀ ਤੋਂ ਛੋਟ ਦੇਣ 'ਤੇ ਪ੍ਰਧਾਨ ਮੰਤਰੀ ਦਾ ਧੰਨਵਾਦ ਕਰੋਗੇ, ਭਾਵੇਂ ਜੋ ਛੋਟ ਮੰਗੀ ਗਈ ਸੀ, ਦਿੱਤੀ ਗਈ ਛੋਟ ਉਸ ਤੋਂ ਬਿਲਕੁਲ ਵੱਖਰੀ ਹੈ? ਜਾਂ ਫਿਰ ਤੋੜ-ਵਿਛੋੜਾ ਕਰੋਗੇ ਅਤੇ ਚੌਥੀ ਕੂਟ ਵੱਲ ਪੈਰ ਧਰਨ ਦੀ ਦਲੇਰੀ ਕਰੋਗੇ; ਜਾਂ ਕੇਜਰੀਵਾਲ ਵਾਲਾ ਰਾਹ ਅਪਣਾਓਗੇ? ਪੰਜਾਬ ਦੇ ਕਾਂਗਰਸੀ, ਖ਼ਾਸ ਕਰਕੇ ਮੋਦੀ ਵੱਲ ਕੁਝ ਵਧੇਰੇ ਹੀ ਸਾਊ ਹਨ ਅਤੇ ਜਦੋਂ ਸੁਖਪਾਲ ਸਿੰਘ ਖਹਿਰਾ, ਦੋਹਾਂ ਬੈਂਸ ਭਰਾਵਾਂ ਜਾਂ ਇੱਥੋਂ ਤੱਕ ਕਿ ਇਨ੍ਹਾਂ ਦੇ ਆਪਣੇ ਨਵਜੋਤ ਸਿੰਘ ਸਿੱਧੂ ਦੀ ਗੱਲ ਹੁੰਦੀ ਹੈ ਤਾਂ ਵਿਹਾਰ ਉੱਕਾ ਹੀ ਵੱਖਰਾ ਹੁੰਦਾ ਹੈ।

ਇਹ ਸਮਝਣਾ ਕੋਈ ਬਹੁਤਾ ਔਖਾ ਨਹੀਂ ਕਿ ਅਕਾਲੀ ਦਲ ਉਨ੍ਹਾਂ ਮਸਲਿਆਂ ਵਿੱਚ ਹੀ ਰੁੱਝਿਆ ਰਹਿੰਦਾ ਹੈ ਜਿਨ੍ਹਾਂ ਦਾ ਪ੍ਰਧਾਨ ਮੰਤਰੀ ਜਾਂ ਭਾਜਪਾ ਪ੍ਰਧਾਨ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਕੇਂਦਰ ਵੱਲੋਂ ਪੰਜਾਬ ਨਾਲ ਵਿਤਕਰੇ ਜਾਂ ਸੂਬਿਆਂ ਨੂੰ ਵੱਧ ਤਾਕਤਾਂ ਦੀ ਕੋਈ ਗੱਲ ਹੀ ਨਹੀਂ, ਜਾਂ ਸਤਲੁਜ-ਯਮੁਨਾ ਲਿੰਕ ਨਹਿਰ ਜਾਂ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਨੂੰ ਮਹਿੰਗਾਈ ਨਾਲ ਜੋੜਨ ਜਾਂ ਪੰਜਾਬ ਨੂੰ ਕਿਸੇ ਪੈਕੇਜ ਦੀ ਵੀ ਕੋਈ ਗੱਲ ਨਹੀਂ। ਨਰਿੰਦਰ ਮੋਦੀ-ਅਮਿਤ ਸ਼ਾਹ ਦੀ ਜੋੜੀ ਸਿਆਸੀ ਦਿਸਹੱਦੇ ਉੱਤੇ ਆਉਣ ਤੋਂ ਪਹਿਲਾਂ ਇਹ ਮੁੱਦੇ ਬਹੁਤ ਸਾਰੇ ਸਾਲਾਂ ਤੋਂ ਅਕਾਲੀ ਸਿਆਸਤ ਦੇ ਅੰਗ-ਸੰਗ ਰਹੇ ਹਨ।

ਅੱਜ ਕੱਲ੍ਹ ਅਕਾਲੀ ਤਰਜਮਾਨ ਸਕੂਲ ਪੁਸਤਕਾਂ ਵਿੱਚ ਸਿੱਖ ਇਤਿਹਾਸ ਉਨ੍ਹਾਂ ਦੇ ਹਿਸਾਬ ਨਾਲ ਪੇਸ਼ ਨਾ ਹੋਣ 'ਤੇ ਥੋੜ੍ਹਾ ਖ਼ਫ਼ਾ ਹੋ ਕੇ ਹੀ ਤਸੱਲੀ ਕਰ ਲੈਂਦੇ ਹਨ। ਵਿਰੋਧੀ ਧਿਰ ਦੇ ਲੀਡਰ ਸੁਖਪਾਲ ਸਿੰਘ ਖਹਿਰਾ ਦੀ "ਰਾਇਸ਼ੁਮਾਰੀ 2020" ਬਾਰੇ ਅਸਪੱਸ਼ਟ ਜਿਹੀ ਟਿੱਪਣੀ ਵਿੱਚੋਂ ਹੀ ਉਹ ਮੁਲਕ ਦੀ ਪ੍ਰਭੁਤਾ ਅਤੇ ਏਕਤਾ ਤੇ ਅਖੰਡਤਾ ਲਈ ਗੰਭੀਰ ਖ਼ਤਰਾ ਲੱਭ ਲੈਂਦੇ ਹਨ। ਬਹੁਤ ਘੱਟ ਜਣਿਆਂ ਨੂੰ ਇਸ ਬਾਰੇ ਖ਼ਬਰ ਹੁੰਦੀ ਹੈ ਪਰ ਇਸ ਮਸਲੇ 'ਤੇ ਸਿਆਸੀ ਲੜਾਈ ਬੜੀ ਬੇਕਿਰਕ ਹੋ ਨਿੱਬੜਦੀ ਹੈ।

ਅਕਾਲੀਆਂ ਨੇ ਕਿਉਂਕਿ ਸਭ ਲਈ ਸੁਰੱਖਿਅਤ ਅਤੇ ਲਾਭਦਾਇਕ ਮੁੱਖ ਮੰਤਰੀ ਖ਼ਿਲਾਫ਼ ਇੱਕ ਖ਼ਾਸ ਹੱਦ ਤੋਂ ਅੱਗੇ ਨਾ ਜਾਣ ਦਾ ਫ਼ੈਸਲਾ ਕੀਤਾ ਹੋਇਆ ਹੈ, ਇਸ ਲਈ ਜਦੋਂ ਉਹ ਸੱਤਾ ਤੋਂ ਬਾਹਰ ਹੋਣ ਕਾਰਨ ਰਤਾ ਕੁ ਅਕੇਵਾਂ ਮਹਿਸੂਸ ਕਰਦੇ ਹਨ ਤਾਂ ਆਪਣੀਆਂ ਤੋਪਾਂ ਦੇ ਮੂੰਹ ਹੋਰ ਪਾਸੇ (ਸਿੱਧੂ ਤੇ ਬੈਂਸ ਭਰਾਵਾਂ ਵੱਲ) ਮੋੜ ਲੈਂਦੇ ਹਨ। ਇਉਂ ਇੱਕ ਵਾਰ ਫਿਰ ਗੱਲ ਸਮਝ ਆਉਣ ਲੱਗਦੀ ਹੈ ਕਿ ਅਕਾਲੀ ਸਿਆਸਤ ਹੁਣ ਸਿਰਫ਼ ਗ਼ੈਰਕਾਨੂੰਨੀ ਰੇਤ ਖਣਨ ਅਤੇ ਕਾਂਗਰਸ ਵੱਲੋਂ ਵਾਅਦੇ ਮੁਤਾਬਕ ਕਰਜ਼ਾ ਮੁਆਫ਼ੀ ਨਾ ਕੀਤੇ ਜਾਣ ਦੇ ਮਸਲਿਆਂ ਤੱਕ ਹੀ ਸੀਮਤ ਕਿਉਂ ਰਹਿੰਦੀ ਹੈ।

"ਵਿਘਨਕਾਰੀ" ਸਿੱਧੂ, ਖਹਿਰਾ ਅਤੇ ਬੈਂਸ ਭਰਾ ਅਕਸਰ ਨਿਸ਼ਾਨੇ 'ਤੇ ਰਹਿੰਦੇ ਹਨ ਕਿਉਂਕਿ ਉਹ ਆਪਣੇ ਹਿਸਾਬ ਨਾਲ ਮਾਹੌਲ ਬਦਲਣਾ ਚਾਹੁੰਦੇ ਹਨ। ਸਿੱਟੇ ਵਜੋਂ, ਉਹ ਉਨ੍ਹਾਂ ਲਈ ਗੰਭੀਰ ਖ਼ਤਰਾ ਬਣਦੇ ਹਨ ਜੋ ਇਸ ਸਿਸਟਮ ਤੋਂ ਲਾਹਾ ਲੈਂਦੇ ਹਨ। ਅਜਿਹੇ ਲੋਕ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਵਿੱਚ ਹਨ ਅਤੇ ਇਨ੍ਹਾਂ ਦੇ ਪਿਛਲੱਗ ਇਨ੍ਹਾਂ ਬਾਹਰਲਿਆਂ ਉੱਤੇ ਝਪਟਣ ਲਈ ਸਦਾ ਆਪਸ ਵਿੱਚ ਮਿਲ ਜਾਂਦੇ ਹਨ ਅਤੇ ਇਨ੍ਹਾਂ ਦੀ ਇਮਦਾਦ ਸਰਕਾਰ ਵਿਚਲੀ ਤਬਦੀਲੀ-ਵਿਰੋਧੀ ਬਹੁਗਿਣਤੀ ਅਤੇ ਪੱਖਪਾਤੀ ਟੈਲੀਵਿਜ਼ਨ ਚੈਨਲਾਂ ਵੱਲੋਂ ਕੀਤੀ ਜਾਂਦੀ ਹੈ। ਹੈਰਾਨੀ ਵਾਲੀ ਗੱਲ ਨਹੀਂ ਕਿ ਇਨ੍ਹਾਂ (ਬਾਹਰਲਿਆਂ) ਵੱਲੋਂ ਕਦੀ-ਕਦਾਈਂ ਲਾਪ੍ਰਵਾਹੀ ਨਾਲ ਕੀਤੀਆਂ ਗ਼ਲਤੀਆਂ ਉੱਤੇ ਵੱਡਾ ਰੱਫੜ ਖੜ੍ਹਾ ਕਰ ਦਿੱਤਾ ਜਾਂਦਾ ਹੈ।

ਸੁਨੀਲ ਜਾਖੜ ਨੇ ਭਾਵੇਂ ਕੇਂਦਰ ਵੱਲੋਂ ਡੀਜ਼ਲ ਕੀਮਤਾਂ ਘਟਾ ਕੇ ਕਿਸਾਨਾਂ ਦੇ ਹੱਕ ਵਿੱਚ ਕੁਝ ਵੀ ਨਾ ਕਰਨ ਦੀ ਵਾਜਬ ਦਲੀਲ ਦਿੱਤੀ ਹੈ ਪਰ ਉਨ੍ਹਾਂ ਦੇ ਕਹੇ ਸ਼ਬਦਾਂ ਦਾ ਵਜ਼ਨ ਉਦੋਂ ਜ਼ਿਆਦਾ ਬਣਦਾ ਜੇ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਤੇਲ ਉੱਤੇ ਕਰ ਘਟਾਉਂਦੀ। ਕਾਂਗਰਸ ਸਰਕਾਰ ਦਿਖਾਵਾ ਤਾਂ ਕਿਸਾਨ-ਪੱਖੀ ਹੋਣ ਦਾ ਕਰਦੀ ਹੈ ਪਰ ਇਹ ਤੇਲ ਉੱਤੇ ਕਰ ਲਾ ਕੇ ਆਪਣੀ ਜੇਬ ਵੀ ਭਰ ਰਹੀ ਹੈ; ਭਾਵ ਜਿੰਨਾ ਮਹਿੰਗਾ ਤੇਲ, ਓਨੀ ਜ਼ਿਆਦਾ ਕਮਾਈ।

ਇਸ ਤੋਂ ਛੁੱਟ, ਸਰਕਾਰ ਨੂੰ ਆਸ ਹੈ ਕਿ ਸਾਰੇ ਦਿਹਾਤੀ ਖਪਤਕਾਰਾਂ ਉੱਤੇ 2 ਫ਼ੀਸਦੀ ਬਿਜਲੀ ਡਿਊਟੀ ਲਾ ਕੇ ਇਸ ਨੂੰ ਸਾਲਾਨਾ 200 ਕਰੋੜ ਰੁਪਏ ਮਿਲਣਗੇ। ਕਿਸਾਨਾਂ ਨੂੰ ਮੁਫ਼ਤ ਬਿਜਲੀ, ਸਨਅਤਾਂ ਨੂੰ ਸਬਸਿਡੀ 'ਤੇ ਬਿਜਲੀ ਅਤੇ ਭ੍ਰਿਸ਼ਟਾਚਾਰ ਦਾ ਭਾਰੀ ਖ਼ਾਮਿਆਜ਼ਾ ਖਪਤਕਾਰਾਂ ਨੂੰ ਭੁਗਤਣਾ ਪੈ ਰਿਹਾ ਹੈ। ਮੀਟਰ ਖਰੀਦਣ ਦੇ 16 ਕਰੋੜੀ ਘਪਲੇ ਤੋਂ ਬਾਅਦ, ਹੁਣ ਕੋਲੇ ਦਾ ਮਾਮਲਾ ਸਾਹਮਣੇ ਆ ਗਿਆ ਹੈ। ਇੱਕ ਹਿੰਦੀ ਅਖ਼ਬਾਰ ਦੀ ਰਿਪੋਰਟ ਮੁਤਾਬਿਕ, ਵਿਧਾਨ ਸਭਾ ਕਮੇਟੀ ਦੀ ਜਾਂਚ ਦੱਸਦੀ ਹੈ ਕਿ ਝਾਰਖੰਡ ਤੋਂ ਕੋਲਾ ਸਪਲਾਈ ਕਰ ਰਹੀ ਪ੍ਰਾਈਵੇਟ ਕੰਪਨੀ ਦੇ ਟੈਕਸ ਪੀਐੱਸਪੀਸੀਐੱਲ ਨੇ ਅਦਾ ਕੀਤੇ ਹਨ ਅਤੇ ਕੋਲੇ ਦਾ ਸਟਾਕ ਹੋਰ ਪਾਸੇ ਭੇਜ ਦਿੱਤਾ ਗਿਆ ਤੇ ਗੱਡੀਆਂ ਵਿੱਚ ਲੱਦਣ ਤੋਂ ਪਹਿਲਾਂ ਹੀ ਵੇਚ ਵੀ ਦਿੱਤਾ ਗਿਆ।

ਪੰਜਾਬ ਵਿੱਚ ਭ੍ਰਿਸ਼ਟਾਚਾਰ ਅਜਿਹਾ ਮਸਲਾ ਹੈ ਜਿਸ ਨੂੰ ਕਾਂਗਰਸ ਸਰਕਾਰ ਹੱਥ ਹੀ ਨਹੀਂ ਪਾਉਣਾ ਚਾਹੁੰਦੀ ਕਿਉਂਕਿ ਸਿਆਸੀ ਵਿਰੋਧੀਆਂ ਖ਼ਿਲਾਫ਼ ਕਾਰਵਾਈ ਕਰਨੀ ਪੈ ਜਾਵੇਗੀ ਜਿਸ ਨੂੰ ਫਿਰ ਕੋਈ ਵੀ "ਬਦਲਾਖੋਰੀ ਵਾਲੀ ਸਿਆਸਤ" ਦੇ ਖਾਤੇ ਪਾ ਦੇਵੇਗਾ। ਇਸ ਤੋਂ ਇਲਾਵਾ ਤੁਹਾਨੂੰ ਮੁੱਖ ਮੰਤਰੀ ਵੀ ਤਾਂ ਐਨ ਖਰਾ ਲੋੜੀਦਾ ਹੈ ਜਿਹੜਾ ਵਧੀਆ ਢੰਗ ਨਾਲ ਇਹ ਸਫ਼ਾਈ ਕਾਰਜ ਆਰੰਭ ਕਰੇ। ਪਹਾੜਾਂ ਵਿੱਚ ਜਾ ਕੇ ਲੁਤਫ਼ ਲੈਣ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਦੂਜੇ, ਤੇ ਸੰਭਵ ਤੌਰ 'ਤੇ ਆਖ਼ਰੀ ਕਾਰਜਕਾਲ ਦੌਰਾਨ ਪਰਦਾਪੋਸ਼ੀਆਂ ਦਾ ਇੱਕ ਹੋਰ ਸ਼ੌਕ ਪਾਲ ਲਿਆ ਹੈ। ਉਹ ਸਿਆਸਤ ਵਿੱਚ ਆਪਣੇ "ਦੁਸ਼ਮਣ" ਨਹੀਂ ਛੱਡ ਕੇ ਜਾਣਾ ਚਾਹੁੰਦੇ ਜਿਹੜੇ ਉਨ੍ਹਾਂ ਦੇ ਸੇਵਾਮੁਕਤੀ ਵਾਲੇ ਦਿਨਾਂ ਦੌਰਾਨ ਮਨ ਦਾ ਚੈਨ ਹੀ ਖੋਹ ਲੈਣ।

ਜ਼ਾਹਿਰ ਹੈ ਕਿ ਉਨ੍ਹਾਂ ਜਦੋਂ ਪ੍ਰਧਾਨ ਮੰਤਰੀ ਕੋਲ 31,000 ਕਰੋੜ ਰੁਪਏ ਦੇ ਕਰਜ਼ੇ ਵਾਲਾ ਮਾਮਲਾ ਉਠਾਇਆ ਤਾਂ ਉਨ੍ਹਾਂ ਸੁਨੀਲ ਜਾਖੜ ਵੱਲੋਂ ਇਸ ਮਸਲੇ ਵਿੱਚ ਸਨਾਖ਼ਤ ਕੀਤੇ ਘਪਲੇ ਦੀ ਭਾਫ਼ ਵੀ ਨਹੀਂ ਕੱਢੀ ਹੋਣੀ। ਮੀਡੀਆ ਰਿਪੋਰਟਾਂ ਵਿੱਚ ਮੀਟਿੰਗ ਦੌਰਾਨ 31,000 ਕਰੋੜ ਰੁਪਏ ਦੀ ਚਰਚਾ ਬਾਰੇ ਵੇਰਵੇ ਛਪੇ ਹਨ - 12,000 ਕਰੋੜ ਰੁਪਏ ਮੂਲ ਅਤੇ 19,000 ਕਰੋੜ ਰੁਪਏ ਵਿਆਜ। ਕਿਤੇ ਕੋਈ ਸੰਕੇਤ ਨਹੀਂ ਦਿੱਤਾ ਗਿਆ ਕਿ 12,000 ਕਰੋੜ ਰੁਪਏ ਦਾ ਅਨਾਜ ਆਖ਼ਿਰਕਾਰ ਕਿੱਥੇ ਗਾਇਬ ਹੋ ਗਿਆ। ਰਿਜ਼ਰਵ ਬੈਂਕ ਨੇ ਬੈਂਕਾਂ ਨੂੰ ਇਸ ਰਕਮ ਨੂੰ ਵੱਟੇ ਖਾਤੇ ਵਜੋਂ ਲੈਣ ਬਾਰੇ ਆਖਣ ਵੇਲੇ ਇਸ ਦਾ ਜ਼ਿਕਰ ਕੀਤਾ ਹੈ।

ਮੁੱਖ ਮੰਤਰੀ ਜਾਂ ਤਾਂ ਭੁੱਲ ਗਏ ਹਨ ਜਾਂ ਭੁੱਲ ਜਾਣਾ ਚਾਹੁੰਦੇ ਹਨ ਕਿ ਇਸ ਮਾਮਲੇ ਬਾਰੇ ਉਨ੍ਹਾਂ ਵੱਲੋਂ ਬਣਾਏ ਕਮਿਸ਼ਨ ਦਾ ਕੀ ਕਹਿਣਾ ਹੈ। ਪਿਛਲੀ ਸਰਕਾਰ ਦੀਆਂ ਕੋਤਾਹੀਆਂ ਅਤੇ ਗ਼ਲਤੀਆਂ ਦੀ ਪੁਣ-ਛਾਣ ਲਈ ਸਰਕਾਰ ਨੇ ਬਹੁਤ ਸਾਰੇ ਕਮਿਸ਼ਨ ਬਣਾਏ ਹਨ। ਹੁਣ 76 ਵਰ੍ਹਿਆਂ ਦੇ ਲੀਡਰ ਲਈ ਇਨ੍ਹਾਂ ਸਾਰੇ ਕਮਿਸ਼ਨਾਂ ਦੀ ਕਾਰਗੁਜ਼ਾਰੀ ਬਾਰੇ ਖ਼ਬਰ ਰੱਖਣਾ ਔਖਾ ਹੀ ਹੋਵੇਗਾ। ਇਸ ਮਸਲੇ ਬਾਰੇ ਕੇਂਥਆਰਥ ਲਖਨਪਾਲ ਦੀ ਅਗਵਾਈ ਹੇਠ ਬਣਾਏ ਪੰਜਾਬ ਪ੍ਰਸ਼ਾਸਨਿਕ ਸੁਧਾਰ ਤੇ ਸਦਾਚਾਰ ਕਮਿਸ਼ਨ ਨੇ 31,000 ਕਰੋੜ ਰੁਪਏ ਦੇ ਕੈਸ਼ ਕਰੈਡਿਟ ਲਿਮਿਟ ਪਾੜੇ ਤੇ ਇਸ ਦੇ ਨਿਪਟਾਰੇ ਬਾਰੇ ਜਾਂਚ ਕਰਵਾਉਣ ਲਈ ਕਿਹਾ ਹੈ। ਇਹ ਕਾਰਜ ਸਹਿਜੇ ਹੀ ਹੋ ਸਕਦਾ ਹੈ ਅਤੇ ਇਸ ਕਾਰਜ ਲਈ ਪ੍ਰਸ਼ਾਸਨ ਵਿੱਚ ਕਿਸੇ ਮਾਹਿਰ ਦੀ ਵੀ ਕੋਈ ਲੋੜ ਨਹੀਂ ਹੈ। ਅਸਲ ਸਵਾਲ ਹੁਣ ਇਹ ਹੈ: "ਵਿਘਨਕਾਰੀਆਂ" ਤੋਂ ਸਿਵਾ ਕੀ ਕਿਸੇ ਸ਼ਖ਼ਸ ਦੀ ਇਸ ਜਾਂਚ ਵਿੱਚ ਕੋਈ ਦਿਲਚਸਪੀ ਹੈ?

ਜੇ ਨਸ਼ਿਆਂ ਦੇ 70 ਫ਼ੀਸਦ ਕੇਸਾਂ ਵਿੱਚ ਮੁਲਜ਼ਮ ਬਰੀ ਹੋ ਸਕਦੇ ਹਨ ਤੇ ਇਸ ਬਾਰੇ ਕੋਈ ਛਾਣ-ਬੀਣ ਵੀ ਨਹੀਂ ਹੁੰਦੀ; ਜੇ ਕਾਂਗਰਸੀਆਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਵਾਲਿਆਂ ਨੂੰ ਕੋਈ ਸਜ਼ਾ ਨਹੀਂ ਮਿਲ ਸਕਦੀ; ਜੇ ਨਸ਼ਿਆਂ ਬਾਰੇ ਸਪੈਸ਼ਲ ਟਾਸਕ ਫੋਰਸ ਦੀ ਰਿਪੋਰਟ ਅਣਪੜ੍ਹੀ ਹੀ ਰਹਿ ਸਕਦੀ ਹੈ ਅਤੇ ਜੇ ਗ਼ੈਰਕਾਨੂੰਨੀ ਖਣਨ ਨਿਰਵਿਘਨ ਜਾਰੀ ਰਹਿ ਸਕਦੀ ਹੈ ਤਾਂ ਇਹ ਫ਼ਿਕਰ ਕਿਸ ਨੂੰ ਹੋਵੇਗਾ ਕਿ ਸੂਬੇ ਸਿਰ ਅਣਚਾਹੇ ਕਰਜ਼ੇ ਦਾ ਬੇਅੰਤ ਬੋਝ ਕਿਉਂ ਲੱਦ ਦਿੱਤਾ ਗਿਆ ਹੈ?

# ਕੀ ਧਰਮ ਵਿਗਿਆਨ ਤੋਂ ਉੱਪਰ ਹੈ?



ਮੇਘ ਰਾਜ ਮਿੱਤਰ
91-98887-87440

'ਆਸੀ ਕਲਾਂ' ਦੇ ਇੱਕ ਵਿਅਕਤੀ ਗੁਰਹੀਣ ਨੇ 13 ਅਕਤੂਬਰ 2010 ਦੇ ਇਕ ਅਖ਼ਬਾਰ ਰਾਹੀਂ ਤਰਕਸ਼ੀਲਾਂ ਤੇ ਨਾਸਤਿਕਾਂ 'ਤੇ ਕਾਫ਼ੀ ਨੁਕਤੇ ਉਠਾਏ ਹਨ। ਮੈਂ ਉਸਨੂੰ ਫੋਨ ਕੀਤਾ ਤਾਂ ਪਤਾ ਲੱਗਿਆ ਕਿ ਉਸਨੇ ਬੀ.ਟੈਕ ਦੀ ਪੜ੍ਹਾਈ ਕੀਤੀ ਹੋਈ ਹੈ। ਇਸ ਨਾਲ ਮੈਨੂੰ ਹੋਰ ਵੀ ਅਫਸੋਸ ਹੋਇਆ ਕਿ ਇੱਕ ਵਿਗਿਆਨ ਪੜ੍ਹਿਆ ਵਿਅਕਤੀ ਲੋਕਾਂ ਨੂੰ ਗੈਰ ਵਿਗਿਆਨਕ ਸੋਚ ਰਾਹੀਂ ਗੁੰਮਰਾਹ ਕਰਨ ਦਾ ਯਤਨ ਕਰ ਰਿਹਾ ਹੈ। ਹੇਠਾਂ ਮੈਂ ਉਸ ਦੁਆਰਾ ਉਠਾਏ ਕੁੱਝ ਨੁਕਤਿਆਂ ਤੇ ਤਰਕਸ਼ੀਲ ਨਜ਼ਰੀਏ 'ਤੇ ਵਿਚਾਰ ਚਰਚਾ ਕਰ ਰਿਹਾ ਹਾਂ।

ਉਹ ਧਰਮ ਨੂੰ ਵਿਗਿਆਨ ਤੋਂ ਉੱਪਰ ਵਿਖਾਉਣ ਦਾ ਯਤਨ ਕਰਦਾ ਹੈ। ਅਸਲ ਵਿੱਚ ਇਹ ਅਸਲੀਅਤ ਨਹੀਂ ਕਿ ਧਰਮ ਤੇ ਵਿਗਿਆਨ ਦਾ ਰਸਤਾ ਇੱਕੋ ਹੀ ਹੈ। ਸਮੁੱਚੇ ਬ੍ਰਹਿਮੰਡ ਵਿੱਚ ਅਰਬਾਂ ਰਹੱਸ ਹਨ। ਇੱਥੇ ਹਰ ਜਗ੍ਹਾ ਰਹੱਸਾਂ ਨਾਲ ਭਰੀ ਪਈ ਹੈ। ਵਿਗਿਆਨ ਇਨ੍ਹਾਂ ਰਹੱਸਾਂ ਤੋਂ ਪਰਦਾ ਉਠਾਉਣ ਦਾ ਯਤਨ ਕਰ ਰਿਹਾ ਹੈ ਅਤੇ ਬਹੁਤ ਸਾਰੇ ਰਹੱਸਾਂ ਤੋਂ ਪਰਦੇ ਲਾਹ ਦਿੱਤੇ ਗਏ ਹਨ। ਰਹਿੰਦਿਆਂ ਦੇ ਆਉਣ ਵਾਲੀਆਂ ਕੁੱਝ ਸਦੀਆਂ ਵਿੱਚ ਲਹਿ ਜਾਣੇ ਹਨ। ਇਹ ਤਾਂ ਵਿਗਿਆਨ ਦਾ ਰਸਤਾ ਹੈ।

ਬਹੁਤ ਸਾਰੇ ਧਰਮਾਂ ਨੇ ਤਾਂ ਲਿਟਰੇਚਰ ਪੜ੍ਹਨ 'ਤੇ ਹੀ ਪਾਬੰਦੀ ਲਾਈ ਹੋਈ ਹੈ। ਸਲਮਾਨ ਰਸ਼ਦੀ ਅਤੇ ਤਸਲੀਮਾ ਵਰਗੇ ਤਰਕਸ਼ੀਲ ਲੇਖਕਾਂ ਦੀਆਂ ਕਿਤਾਬਾਂ ਉੱਤੇ ਪਾਬੰਦੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ। ਚਾਰਲਸ ਡਾਰਵਿਨ ਦੀ ਕਿਤਾਬ 'ਜੀਵਾਂ ਦੀ ਉਤਪਤੀ' ਲਗਭਗ ਅੱਸੀ ਵਰ੍ਹੇ ਇਸਾਈਆਂ ਵੱਲੋਂ ਲਾਈ ਪਾਬੰਦੀ ਦਾ ਸ਼ਿਕਾਰ ਰਹੀ ਹੈ।

ਪੰਜਾਬ ਦੀ ਅਕਾਲੀ ਬੀ.ਜੇ.ਪੀ. ਸਰਕਾਰ ਨੇ 2008 ਵਿੱਚ ਤਰਕਸ਼ੀਲ ਕਿਤਾਬਾਂ 'ਤੇ ਪਾਬੰਦੀ ਲਾਉਣ ਦਾ ਯਤਨ ਕੀਤਾ ਸੀ। ਵਿਗਿਆਨਕ ਖੋਜਾਂ ਕਰਨ ਵਾਲੇ ਵੀ ਧਾਰਮਿਕ ਆਗੂਆਂ ਦੇ ਤਸੀਹਿਆਂ ਦਾ ਸ਼ਿਕਾਰ ਹੁੰਦੇ ਰਹੇ ਹਨ। ਸਰੀਰ ਦੀ ਚੀਰਫਾੜ ਵਿਗਿਆਨ ਦੇ ਮੋਢੀ ਵਾਸਲੀਅਸ ਨੂੰ ਆਪਣੀ ਮਾਂ ਦੇ ਮ੍ਰਿਤਕ ਸਰੀਰ ਦੀ ਚੀਰਫਾੜ ਕਰਨ ਕਰਕੇ ਉਸਨੂੰ ਸਜ਼ਾ ਦੇ ਤੌਰ 'ਤੇ ਧਾਰਮਿਕ ਯਾਤਰਾ 'ਤੇ ਭੇਜ ਦਿੱਤਾ ਸੀ। ਉਸ ਸਮੇਂ ਹਜ਼ਾਰਾਂ ਕਿਲੋਮੀਟਰ ਦੀਆਂ ਯਾਤਰਾਵਾਂ ਬਹੁਤ ਕਠਿਨਾਈਆਂ ਭਰਪੂਰ ਸਨ। ਜਿਸ ਕਾਰਨ ਉਸੇ ਯਾਤਰਾ ਦੌਰਾਨ ਉਸ ਦੀ ਮੌਤ ਹੋ ਗਈ। ਵਿਲੀਅਮ ਹਾਰਵੇ ਦਾ ਹਸ਼ਰ ਵੀ ਕਿਸੇ ਤੋਂ ਭੁੱਲਿਆ ਨਹੀਂ। ਕਦੇ ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਭੇਟ ਕੀਤਾ ਜਾਂਦਾ ਹੈ, ਕਦੇ ਗਲੀਲੀਓ ਨੂੰ ਮੌਤ ਦੀ ਸਜ਼ਾ ਸੁਣਾਈ ਜਾਂਦੀ ਹੈ। ਇਹ ਕੋਈ ਇਕ ਜਾਂ ਦੋ ਘਟਨਾਵਾਂ ਦਾ ਸਿਲਸਿਲਾ ਨਹੀਂ, ਸਗੋਂ ਦੁਨੀਆਂ ਦਾ ਇਤਿਹਾਸ ਅਜਿਹੇ ਧਾਰਮਿਕ ਜ਼ੁਲਮਾਂ, ਜਲੂਸਾਂ ਤੇ ਬੰਦਸ਼ਾਂ ਨਾਲ ਭਰਿਆ ਪਿਆ ਹੈ। ਜਿਹੜੀਆਂ ਲੜਾਈਆਂ ਧਰਮ ਦੇ ਨਾਂ 'ਤੇ ਲੜੀਆਂ ਗਈਆਂ ਤੇ ਮਾਰੇ ਗਏ ਵਿਅਕਤੀਆਂ ਦਾ ਜ਼ਿਕਰ ਅਜਿਹੇ ਲੇਖਕ ਕਦੇ ਨਹੀਂ ਕਰਦੇ ਅਤੇ ਨਾ ਹੀ ਕਰਨਗੇ। ਸੋ ਧਰਮ ਦਾ ਮੁੱਖ ਉਦੇਸ਼ ਮਨੁੱਖੀ ਤਰੱਕੀ ਦੇ ਰਾਹ ਵਿੱਚ ਰੋੜਾ ਬਣਨਾ ਹੈ ਅਤੇ ਵਿਗਿਆਨ ਦਾ ਰਸਤਾ ਸਮੁੱਚੀ ਮਨੁੱਖ ਜਾਤੀ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਹੈ। ਅੱਜ ਜੋ ਸੁੱਖ ਸਹੂਲਤਾਂ ਮੱਧ ਸ਼੍ਰੇਣੀ ਮਨੁੱਖੀ ਜਾਤੀ ਮਾਣ ਰਹੀ ਹੈ, ਉਹ ਇੱਕ ਸਦੀ ਪਹਿਲਾਂ ਮਹਾਰਾਜਾ ਪਟਿਆਲਾ ਦੇ ਬਜ਼ੁਰਗਾਂ ਕੋਲ ਵੀ ਨਹੀਂ ਸਨ। ਅੱਜ ਜੇ ਸਾਡੇ ਦੇਸ਼ ਦੇ ਬਹੁ ਸੰਮਤੀ ਲੋਕ ਗਰੀਬੀ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਹਨ ਤਾਂ ਉਨ੍ਹਾਂ ਦੇ ਪਛੜੇਪਣ ਦੇ ਕਾਰਨ ਵੀ ਜਦੋਂ ਫਰੋਲੇ ਜਾਣਗੇ ਤਾਂ ਧਰਮ ਦਾ ਰੋੜਾ ਹੀ ਇਨ੍ਹਾਂ ਪਿੱਛੇ ਇੱਕ ਕਾਰਨ ਹੋਵੇਗਾ।

### ਕੀ ਵਿਗਿਆਨ ਧਰਮ ਦੀ ਦੇਣ ਹੈ ਜਾਂ ਵਿਗਿਆਨ ਦਾ ਰਸਤਾ ਧਰਮ ਤੋਂ ਸ਼ੁਰੂ ਹੁੰਦਾ ਹੈ?

ਇਹ ਅਸਲੀਅਤ ਹੈ ਕਿ ਦੁਨੀਆਂ ਦੀਆਂ ਬਹੁਤੀਆਂ ਪ੍ਰਾਚੀਨ ਖੋਜਾਂ ਬੋਧੀਆਂ ਦੀ ਧਰਤੀ 'ਤੇ ਹੋਈਆਂ ਸਨ ਕਿਉਂਕਿ ਇਨ੍ਹਾਂ ਦੇਸ਼ਾਂ ਵਿੱਚ ਬੁੱਧ ਧਰਮ ਭਾਰੂ ਰਿਹਾ ਹੈ ਅਤੇ ਬੁੱਧ ਧਰਮ ਦਾ ਯਕੀਨ ਰੱਬ ਵਿੱਚ ਨਹੀਂ ਹੈ। ਧਰਮ ਤਾਂ ਭੂਤਾਂ-ਪ੍ਰੇਤਾਂ, ਕਰਾਮਾਤੀ ਸ਼ਕਤੀਆਂ, ਮੰਦਰਾਂ ਮਸਜਿਦਾਂ ਦੀ ਸ਼ਕਤੀ, ਆਤਮਾ, ਪ੍ਰਮਾਤਮਾ, ਪੁਨਰ ਜਨਮ, ਸਵਰਗਾਂ ਨਰਕਾਂ, ਜਮਦੂਤਾਂ, ਜੂਨੀਆਂ, ਆਵਾਗਮਨ ਆਦਿ ਦੀਆਂ ਗੱਲਾਂ ਕਰਕੇ ਲੋਕਾਈ ਨੂੰ ਗੁੰਮਰਾਹ ਕਰਦਾ ਹੈ। ਇਸ ਲਈ ਨਾ ਤਾਂ ਵਿਗਿਆਨ ਦਾ ਕੋਈ ਰਸਤਾ ਧਰਮ ਤੋਂ ਨਿਕਲਦਾ ਹੈ ਤੇ ਨਾ ਹੀ ਧਰਮ ਤੋਂ ਸ਼ੁਰੂ ਹੁੰਦਾ ਹੈ। ਧਰਮ ਤਾਂ ਮਨੁੱਖ ਜਾਤੀ ਨੂੰ ਡੂੰਘੀਆਂ ਖੱਡਾਂ ਵਿੱਚ ਸਿਜਾਣ ਦਾ ਯਤਨ ਕਰਦਾ ਹੈ ਜਦ ਕਿ ਵਿਗਿਆਨ ਰਾਕਟਾਂ ਰਾਹੀਂ ਚੰਦਰਮਾਂ ਅਤੇ ਤਾਰਿਆਂ 'ਤੇ ਲੈ ਜਾਣ ਲਈ ਯਤਨਸ਼ੀਲ ਹੈ। ਮੈਂ ਇੱਕ ਤਰਕਸ਼ੀਲ ਹਾਂ, ਜਿਸ ਨੇ ਲਗਭਗ ਸਾਰੀ ਜ਼ਿੰਦਗੀ ਕਿਸੇ ਧਰਮ ਤੋਂ ਬਗੈਰ ਪੂਰੀ ਵਧੀਆ ਲੰਘਾਈ ਹੈ। ਕੀ ਕੋਈ ਧਾਰਮਿਕ ਵਿਅਕਤੀ ਜਾਂ ਗੁਰਹੀਣ ਇਹ ਦਾਅਵਾ ਕਰ ਸਕਦਾ ਹੈ ਕਿ ਆਪਣੀ ਜ਼ਿੰਦਗੀ ਵਿੱਚ ਕਿਸੇ ਵੀ ਵਿਗਿਆਨਕ ਢੰਗ ਨਾਲ ਬਣੀਆਂ ਚੀਜ਼ਾਂ ਦਾ ਇਸਤੇਮਾਲ ਨਹੀਂ ਕਰੇਗਾ। ਸੋ ਵਿਗਿਆਨ ਧਰਤੀ 'ਤੇ ਮੌਜੂਦ ਹੋਣ ਕਰਕੇ ਵਿਅਕਤੀ ਦੇ ਜੀਵਨ ਦਾ ਇੱਕ ਅੰਗ ਹੈ। ਪਰ ਦੁਨੀਆਂ ਦੀ ਅੱਧੀ ਆਬਾਦੀ ਇਹਨਾਂ ਸਹੂਲਤਾਂ ਤੋਂ ਬਗੈਰ ਜ਼ਿੰਦਗੀ ਜਿਉਂ ਰਹੀ ਹੈ। ਇਹ ਕਹਿਣਾ ਕਿ ਵਿਗਿਆਨ ਜਿੱਥੋਂ ਸ਼ੁਰੂ ਹੁੰਦਾ ਹੈ, ਉੱਥੋਂ ਅਧਿਆਤਮ ਸ਼ੁਰੂ ਹੁੰਦਾ ਹੈ, ਵੀ ਗਲਤ ਹੈ ਕਿਉਂਕਿ ਵਿਗਿਆਨ ਚੇਤਨਸ਼ੀਲ ਮਨਾਂ ਵਿੱਚ ਸਦਾ ਸੀ, ਸਦਾ ਹੈ, ਸਦਾ ਰਹੇਗਾ। ਇਸ ਦਾ ਮਤਲਬ ਇਹ ਹੋਇਆ ਕਿ ਅਧਿਆਤਮ ਕਦੇ ਨਹੀਂ ਸੀ, ਨਾ ਹੈ ਨਾ ਹੀ ਇਹ ਹੋਵੇਗਾ। ਅਸਲ ਵਿੱਚ ਦੁਨੀਆਂ 'ਤੇ ਮੌਜੂਦ ਪੂਰੀ ਖਲਕਤ ਦੋ ਭਾਗਾਂ ਵਿੱਚ ਵੰਡੀ ਹੋਈ ਹੈ। ਇੱਕ ਨੂੰ ਯਕੀਨ ਹੈ ਕਿ ਸਮੁੱਚੇ ਬ੍ਰਹਿਮੰਡ ਨੂੰ ਚਲਾਉਣ ਵਾਲੀ ਕਾਰਜ ਸ਼ਕਤੀ ਪ੍ਰਾਕ੍ਰਿਤਕ ਨਿਯਮ ਹਨ। ਦੂਜੀ ਨੂੰ ਯਕੀਨ ਹੈ ਕਿ ਅਦਿੱਖ ਸ਼ਕਤੀ ਇਸ ਬ੍ਰਹਿਮੰਡ ਨੂੰ ਚਲਾ ਰਹੀ ਹੈ। ਜਿਸ ਨੂੰ ਪਾਠ ਪੂਜਾ ਰਾਹੀਂ ਆਪਣੇ ਵੱਸ ਵਿੱਚ ਕੀਤਾ ਜਾ ਸਕਦਾ ਹੈ ਜਾਂ ਜਿਸ ਦਾ ਉਪਰੋਕਤ ਢੰਗ ਨਾਲ ਥਾਹ ਪਾਇਆ ਜਾ ਸਕਦਾ ਹੈ।

ਕੀ ਖੋਜਾਂ ਧਾਰਮਿਕ ਗ੍ਰੰਥਾਂ ਵਿੱਚ ਪਹਿਲਾਂ ਹੀ ਦਰਜ ਹੁੰਦੀਆਂ ਹਨ : ਹਰ ਧਰਮ ਦਾ ਸਾਂਝਾ ਗੁਣ ਹੁੰਦਾ ਹੈ। ਉਹ ਦਾਅਵੇ ਕਰਦਾ ਹੈ ਕਿ ਦੁਨੀਆਂ ਦੀ ਹਰ ਖੋਜ ਉਨ੍ਹਾਂ ਦੇ ਧਾਰਮਿਕ ਗ੍ਰੰਥ ਵਿੱਚ ਪਹਿਲਾਂ ਹੀ ਦਰਜ ਹੈ। ਜੇ ਇਹ ਹੁੰਦਾ ਤਾਂ ਦੁਨੀਆਂ ਦੇ ਵੱਡੇ-ਵੱਡੇ ਧਾਰਮਿਕ ਪੁਜਾਰੀਆਂ ਨੇ ਹੀ ਇਹ ਖੋਜਾਂ ਕੀਤੀਆਂ ਹੁੰਦੀਆਂ। ਧਰਮਾਂ ਦੇ ਗ੍ਰੰਥ ਪੰਜ ਹਜ਼ਾਰ ਸਾਲ ਪਹਿਲਾਂ ਤੋਂ ਇੱਥੇ ਮੌਜੂਦ ਹਨ। ਕਰੋੜਾਂ ਲੋਕ ਹਰ ਸਾਲ ਪਲੇਗ ਅਤੇ ਟੀ.ਬੀ. ਵਰਗੀਆਂ ਬਿਮਾਰੀਆਂ ਨਾਲ ਮਰਦੇ ਰਹੇ। ਕੀ ਸਾਡੇ ਧਾਰਮਿਕ ਆਗੂਆਂ ਨੇ ਉਨ੍ਹਾਂ ਗ੍ਰੰਥਾਂ ਵਿੱਚੋਂ ਦਵਾਈਆਂ ਲੱਭ ਕੇ ਉਨ੍ਹਾਂ ਲੋਕਾਂ ਨੂੰ ਬਚਾਉਣ ਦੇ ਕੋਈ ਯਤਨ ਕੀਤੇ? 1935 ਵਿੱਚ ਭਾਰਤੀਆਂ ਦੀ ਔਸਤ ਉਮਰ 35 ਵਰ੍ਹੇ ਸੀ, ਜੋ ਅੱਜ ਇਹ 68 ਵਰ੍ਹਿਆਂ ਨੂੰ ਪੁੱਜ ਗਈ ਹੈ। ਇਹ ਵਿਗਿਆਨਕ ਸੋਚ ਨਾਲ ਹੀ ਸੰਭਵ ਹੋਇਆ ਹੈ ਨਾ ਕਿ ਧਾਰਮਿਕ ਬੰਦਸ਼ਾਂ ਜਾਂ ਰਹੁ ਰੀਤਾਂ ਨਾਲ।

### ਕੀ ਮਨੁੱਖ ਨੂੰ ਮਰਨ ਕਿਨਾਰੇ ਪੁੱਜ ਕੇ ਪ੍ਰਮਾਤਮਾ ਦੇ ਦਰਸ਼ਨ ਹੋਣੇ ਸ਼ੁਰੂ ਹੋ ਜਾਂਦੇ ਹਨ?

ਮਨੁੱਖੀ ਮਨ ਹਮੇਸ਼ਾਂ ਹੀ ਕਲਪਨਾਸ਼ੀਲ ਹੁੰਦਾ ਹੈ। ਕੱਚੀ ਨੀਂਦ ਵਿੱਚ ਕੀਤੀਆਂ ਕਲਪਨਾਵਾਂ ਸੁਪਨੇ ਬਣ ਜਾਂਦੀਆਂ ਹਨ। ਮਰਨ ਕਿਨਾਰੇ ਬੰਦਾ ਜਦੋਂ ਪੁੱਜ ਜਾਂਦਾ ਹੈ ਤਾਂ ਉਸਨੂੰ ਕੁੱਝ ਧੁੰਦਲੀਆਂ ਕਲਪਨਾਵਾਂ ਨਜ਼ਰ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਪਰ ਇਹ ਹਕੀਕਤਾਂ ਨਹੀਂ ਹੁੰਦੀਆਂ। ਧਾਰਮਿਕ ਵਿਅਕਤੀ ਇਸ ਨੂੰ ਪ੍ਰਮਾਤਮਾ ਦੇ ਦਰਸ਼ਨ ਸਮਝ ਲੈਂਦੇ ਹਨ। ਨਾਸਤਿਕਾਂ ਤੇ ਤਰਕਸ਼ੀਲਾਂ ਲਈ ਇਹ ਦ੍ਰਿਸ਼ਟੀਭਰਮ ਹੁੰਦੇ ਹਨ। ਅਜਿਹਾ ਸਭ ਕੁੱਝ ਨਸ਼ੇ ਦੀ ਹਾਲਤ ਵਿੱਚ ਵੀ ਹੋ ਜਾਂਦਾ ਹੈ। ਸੁੱਖੇ ਵਾਲੇ ਪਕੌੜੇ ਖਾ ਕੇ ਕਿਸੇ ਵਿਅਕਤੀ ਨੂੰ ਆਪਣਾ ਸਰੀਰ ਹਵਾ ਵਿੱਚ ਉੱਡਦਾ ਨਜ਼ਰ ਆ ਸਕਦਾ ਹੈ ਪਰ ਕੀ ਤੁਸੀਂ ਕਿਸੇ ਨਸ਼ਈ ਵਿਅਕਤੀ ਨੂੰ ਉਡਾਰੀ ਮਾਰਦੇ ਵੇਖਿਆ ਹੈ?

ਘਟਨਾਵਾਂ ਸਿਰਫ਼ ਨੰਗੀ ਅੱਖ ਨਾਲ ਹੀ ਦੇਖੀਆਂ ਜਾ ਸਕਦੀਆਂ ਹਨ? : ਧਰਤੀ 'ਤੇ ਬਹੁਤ ਸਾਰੀਆਂ ਘਟਨਾਵਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਮਾਪਣ ਲਈ ਜਾਂ ਵੇਖਣ ਲਈ ਯੰਤਰਾਂ ਦੀ ਲੋੜ ਪੈਂਦੀ ਹੈ। ਕੋਈ ਮਾਈਕਰੋਸਕੋਪ ਨਾਲ ਵੇਖੀ ਜਾ ਸਕਦੀ ਹੈ, ਕੋਈ ਇਲੈਕਟਰੋਨਿਕ ਮਾਈਕਰੋਸਕੋਪ ਨਾਲ ਵੇਖੀ ਜਾ ਸਕਦੀ ਹੈ, ਕਿਸੇ ਨੂੰ ਵੇਖਣ ਲਈ ਟੈਲੀਸਕੋਪ ਦੀ ਵਰਤੋਂ ਕੀਤੀ ਜਾਂਦੀ ਹੈ, ਕਿਸੇ ਨੂੰ ਤਾਪਮਾਨ ਦੀ ਘਾਟ-ਵਾਧ ਨਾਲ, ਕਿਸੇ ਨੂੰ ਕਿਰਨਾਂ ਰਾਹੀਂ ਵੇਖਿਆ ਜਾ ਸਕਦਾ ਹੈ, ਕੁੱਝ ਨੂੰ ਵੇਖਣ ਲਈ ਅਜੇ ਤੱਕ ਯੰਤਰ ਵੀ ਨਹੀਂ ਬਣੇ। ਇਸ ਤਰ੍ਹਾਂ ਇਨ੍ਹਾਂ ਵੱਖ-ਵੱਖ ਢੰਗਾਂ ਰਾਹੀਂ ਚੀਜ਼ਾਂ ਵੇਖੀਆਂ ਜਾਂ ਮਹਿਸੂਸ ਕੀਤੀਆਂ ਜਾ ਸਕਦੀਆਂ ਹਨ ਪਰ ਜਿਸ ਢੰਗ ਨਾਲ ਪ੍ਰਮਾਤਮਾ ਨੂੰ ਮਹਿਸੂਸ ਕਰਨ ਦਾ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ, ਉਹ ਗਲਤ ਹੈ। ਮੈਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ 40-40 ਜਾਂ 50-50 ਸਾਲ ਭਗਤੀ ਕਰਨ ਵਾਲੇ ਮਨੁੱਖਾਂ ਨੂੰ ਮਿਲਿਆ ਹਾਂ। ਸਭ ਦਾ ਇਕਬਾਲ ਕਿ ਅਜੇ ਤੱਕ ਪ੍ਰਮਾਤਮਾ ਦੇ ਦਰਸ਼ਨ ਉਨ੍ਹਾਂ ਨੂੰ ਨਹੀਂ ਹੋਏ।

ਜੇ ਕਿਸੇ ਨੂੰ ਇਹ ਹੋ ਵੀ ਜਾਣ ਤਾਂ ਵੀ ਇਹ ਹਕੀਕਤ ਨਹੀਂ ਹੋਵੇਗੀ। ਕਿਉਂਕਿ ਸਭ ਦਾ ਉਸ ਬਾਰੇ ਵਰਣਨ ਵੱਖ-ਵੱਖ ਹੋਵੇਗਾ। ਪਰ ਜੇ ਉਹ ਸੱਚੀ-ਮੁੱਚੀ ਹੋਵੇਗਾ ਤਾਂ ਉਸਦਾ ਅਕਾਰ, ਰੰਗ-ਰੂਪ ਸਭ ਧਰਮਾਂ ਵਾਲਿਆਂ ਨੂੰ ਇੱਕੋ ਜਿਹਾ ਹੀ ਨਜ਼ਰ ਆਵੇਗਾ ਵੱਖ-ਵੱਖ ਨਹੀਂ।


### ਕੀ ਧਰਮ ਨੇ ਮਨੁੱਖੀ ਜੀਵਨ ਨੂੰ ਅਨੁਸ਼ਾਸਨਬੱਧ ਕੀਤਾ ਹੈ?

ਅੱਜ ਦੁਨੀਆਂ ਦੇ ਸਭ ਤੋਂ ਵੱਧ ਧਰਮ ਅਤੇ ਉਨ੍ਹਾਂ ਨੂੰ ਮੰਨਣ ਵਾਲੇ ਲੋਕ ਸਾਡੇ ਦੇਸ਼ ਵਿੱਚ ਹਨ। ਫਿਰ ਤਾਂ ਸਭ ਤੋਂ ਵੱਧ ਅਨੁਸ਼ਾਸਨ ਸਾਡੇ ਦੇਸ਼ ਵਿੱਚ ਹੀ ਹੋਣਾ ਚਾਹੀਦਾ ਸੀ। ਪਰ ਹਕੀਕਤ ਇਸ ਦੇ ਉਲਟ ਹੈ। ਅੱਜ ਸਾਡੇ ਦੇਸ਼ ਵਿੱਚ ਰਿਸ਼ਵਤਖੋਰੀ, ਠੱਗੀ, ਚੋਰੀ, ਬੇਈਮਾਨੀ, ਡਾਕੇ, ਬਿਮਾਰੀਆਂ ਅਤੇ ਦੁਰਘਟਨਾਵਾਂ ਸਭ ਤੋਂ ਜ਼ਿਆਦਾ ਹਨ। ਕੀ ਇਹ ਧਰਮ ਦੇ ਅਨੁਸ਼ਾਸਨ ਕਰਕੇ ਹੀ ਹਨ? ਅੱਜ ਇਹ ਗੱਲ ਸਥਾਪਿਤ ਹੋ ਚੁੱਕੀ ਹੈ ਕਿ ਜਿਹੜੇ ਦੇਸ਼ਾਂ ਵਿੱਚ ਜ਼ਿਆਦਾ ਲੋਕ ਤਰਕਸ਼ੀਲ ਜਾਂ ਨਾਸਤਿਕ ਹਨ, ਉਹ ਜ਼ਿਆਦਾ ਸ਼ਾਂਤ ਹਨ।

ਸੋ ਜਿਹੜੀਆਂ ਗੱਲਾਂ ਕਰਕੇ ਗੁਰਹੀਣ ਜੀ ਨੇ ਧਰਮਾਂ ਦਾ ਗੁਣਗਾਨ ਕੀਤਾ ਹੈ, ਮੈਨੂੰ ਤਾਂ ਤਸਵੀਰ ਇਸ ਦੇ ਉਲਟ ਨਜ਼ਰ ਆਉਂਦੀ।

# ਨਿਊਜ਼ੀਲੈਂਡ ਅਤੇ ਭਾਰਤੀ: ਨਵੀ ਛਪੀ ਕਿਤਾਬ ਅਨੁਸਾਰ ਸੰਨ 1769 ਦੇ ਵਿਚ ਆਏ ਸਨ ਦੋ ਭਾਰਤੀ ਇਸ ਧਰਤੀ 'ਤੇ

## ਇਤਿਹਾਸ 125 ਨਹੀਂ 250 ਸਾਲ ਪੁਰਾਣਾ ਨਿਕਲਿਆ





**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)**-ਨਿਊਜ਼ੀਲੈਂਡ ਦੇ ਸਰਕਾਰੀ ਰਿਕਾਰਡ ਮੁਤਾਬਿਕ 18ਵੀਂ ਸਦੀ ਦੇ ਮੱਧ ਵਿਚਕਾਰ ਇਥੇ ਭਾਰਤੀ ਲੋਕਾਂ ਦੀ ਆਮਦ ਬਾਰੇ ਪਤਾ ਚਲਦਾ ਹੈ ਪਰ ਇਕ ਨਵੀਂ ਕਿਤਾਬ ਮੁਤਾਬਿਕ ਸੰਨ 1769 ਦੇ ਵਿਚ ਦੋ ਭਾਰਤੀਆਂ ਨੇ ਪਹਿਲੀ ਵਾਰ ਨਿਊਜ਼ੀਲੈਂਡ ਦੀ ਧਰਤੀ ਉਤੇ ਆਪਣੇ ਕਦਮ ਧਰ ਕੇ ਆਪਣੇ ਨਿਸ਼ਾਨ ਛੱਡ ਦਿੱਤੇ ਸਨ। ਇਹ ਭਾਰਤੀ ਭਾਵੇਂ ਇਥੇ ਆਪਣਾ ਵਸੇਬਾ ਨਹੀਂ ਕਰ ਸਕੇ ਪਰ ਉਹ ਸਮੁੰਦਰੀ ਜ਼ਹਾਜ ਦੇ ਵਿਚ ਮਲਾਹ ਦੇ ਤੌਰ 'ਤੇ ਆਏ ਅਤੇ ਅੱਗੇ ਚਲੇ ਗਏ। ਵਿਕਟੋਰੀਆ ਯੂਨੀਵਰਸਿਟੀ ਵਲਿੰਗਟਨ ਵਿਖੇ ਏਸ਼ੀਅਨ ਹਿਸਟਰੀ ਦੇ ਪ੍ਰੋਫੈਸਰ ਸ਼ੇਖਰ ਬੰਦੀਓਪਧਾਇ ਨੇ ਇਤਿਹਾਸ ਦੇ ਪੰਨਿਆ ਉਤੋਂ ਇਹ ਪਰਦਾ ਚੁੱਕਿਆ ਹੈ। ਇਹ ਦੋਵੇਂ ਮਲਾਹ ਮੁਸਲਿਮ ਸਨ ਜਿਨ੍ਹਾਂ ਦਾ ਨਾਂਅ ਮੁਹੰਮਦ ਕਾਸਿਮ ਅਤੇ ਨਸਰੀਨ ਸੀ। ਪਾਂਡੀਚਿਰੀ ਤੋਂ ਚੱਲੇ ਇਕ ਫਰੈਂਚ ਸ਼ਿੱਪ 'ਸੇਂਟ ਜੀਨ ਬੈਪਟਿਸਟ' ਦੇ ਉਹ ਮਲਾਹ ਸਨ। ਦਸੰਬਰ 1769 ਦੇ ਵਿਚ ਇਹ ਦੋਵੇਂ ਮਲਾਹ ਨਾਰਥਲੈਂਡ ਵਿਖੇ ਉਤਰੇ ਸਨ। ਇਹ ਦੋਵੇਂ ਮਲਾਹ ਪੇਰੂ ਵਾਸਤੇ ਰਵਾਨਾ ਹੋਏ ਸਨ ਅਤੇ ਪਾਣੀ ਦੇ ਵਿਚ ਇਕ ਬਿਮਾਰੀ ਦੇ ਚਲਦਿਆਂ ਮਾਰੇ ਗਏ। ਸਾਲਾਂ ਬੱਧੀ ਇਸ ਤਰ੍ਹਾਂ ਹੋਰ ਭਾਰਤੀ ਵੀ ਇਥੇ ਸਮੁੰਦਰੀ ਜਹਾਜਾਂ ਦੇ ਵਿਚ ਆਉਂਦੇ ਰਹੇ ਪਰ ਉਹ ਆਪਣਾ ਵਸੇਬਾ ਨਹੀਂ ਸਨ ਬਣਾਉਂਦੇ। ਜੋ ਸਰਕਾਰੀ ਰਿਕਾਰਡ ਦੇ ਵਿਚ ਪਾਇਆ ਗਿਆ ਉਹ 1809 ਅਤੇ 1810 ਦੇ ਵਿਚ ਇਥੇ ਆਉਂਦੇ ਮਿਲਦੇ ਹਨ। ਇਕ ਮਲਾਹ ਬੇਅ ਆਫ ਪਲੈਂਟੀ ਵਿਖੇ ਸ਼ਿੱਪ ਦੇ ਵਿਚੋਂ ਛਾਲ ਮਾਰ ਕੇ ਬਾਹਰ ਆ ਗਿਆ ਸੀ ਅਤੇ ਬਾਅਦ ਵਿਚ ਇਕ ਮਾਓਰੀ ਔਰਤ ਨਾਲ ਉਸਨੇ ਵਿਆਹ ਕਰਵਾ ਲਿਆ ਸੀ ਤੇ ਇਥੇ ਸੈਟਲ ਹੋ ਗਿਆ ਸੀ। 'ਇੰਡੀਅਨ ਐਂਡ ਦਾ ਐਂਟੀਪੋਡਜ਼' (ਭਾਰਤੀ ਅਤੇ ਪ੍ਰਤੀਧਰੁਵ) ਜਾਂ (ਭਾਰਤੀ ਅਤੇ ਧਰਤੀ ਦਾ ਦੂਜਾ ਸਿਰਾ) ਨਾਂਅ ਦੀ ਕਿਤਾਬ ਦੇ ਵਿਚ ਵੱਡਮੁੱਲੀ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ। ਨਵੀਂ ਕਿਤਾਬ ਦਸਦੀ ਹੈ ਕਿ 19ਵੀਂ ਸਦੀ ਦੇ ਵਿਚ ਭਾਰਤੀ ਇਥੇ ਬ੍ਰਿਟਿਸ਼ ਇੰਪਾਇਰ ਦੇ ਨਾਗਰਿਕ ਹੋਣ ਕਰਕੇ ਆਸਾਨੀ ਨਾਲ ਆਉਂਦੇ-ਜਾਂਦੇ ਸਨ।

ਵਰਨਣਯੋਗ ਹੈ ਕਿ 1840 ਦੇ ਵਿਚ ਇਥੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਸ਼ਿੱਪ ਆਸਟਰੇਲੀਆ ਵੱਲ ਜਾਂਦੇ ਹੋਏ ਰੁਕਦੇ ਸਨ। ਇਸ ਦੌਰਾਨ ਕੁਝ ਮਲਾਹ ਅਤੇ ਸਿਪਾਹੀ ਇਥੇ ਰੁਕ ਜਾਂਦੇ ਸਨ। 1880 ਤੋਂ ਪਹਿਲਾਂ ਮਰਦਮ ਸ਼ੁਮਾਰੀ ਦੇ ਵਿਚ ਭਾਰਤੀਆਂ ਦੀ ਪਹਿਚਾਣ ਨਹੀਂ ਸੀ, ਪਰ ਉਨ੍ਹਾਂ ਦੀ ਮੌਜੂਦਗੀ ਜਰੂਰ ਇਥੇ ਸੀ। 1853 ਦੇ ਵਿਚ ਇਕ ਐਡਵਾਰਡ ਪੀਟਰ (ਬਲੈਕ ਪੀਟਰ) ਦੇ ਨਾਂਅ ਵਾਲਾ ਵਿਅਕਤੀ ਇਥੇ ਆਇਆ ਮਿਲਦਾ ਹੈ। 1881 ਦੀ ਮਰਦਮ ਸ਼ੁਮਾਰੀ ਦੇ ਵਿਚ 6 ਭਾਰਤੀ ਮਰਦ ਇਥੇ ਰਹਿੰਦੇ ਸਨ। ਇਨ੍ਹਾਂ ਵਿਚੋਂ ਤਿੰਨ ਕੈਂਟਰਬਰੀ ਖੇਤਰ ਦੇ ਵਿਚ ਭਾਰਤ ਤੋਂ ਪਰਤੇ ਗੋਰਿਆਂ ਦੇ ਨੌਕਰ ਸਨ। 1890 ਤੋਂ ਬਾਅਦ ਇਥੇ ਭਾਰਤੀਆਂ ਦੀ ਗਿਣਤੀ ਵਧਣੀ ਸ਼ੁਰੂ ਹੋਈ। 1896 ਦੇ ਵਿਚ 46 ਵਿਅਕਤੀ ਦਰਜ ਕੀਤੇ ਮਿਲਦੇ ਹਨ। 1916 ਦੇ ਵਿਚ 181 ਜਿਨ੍ਹਾਂ ਵਿਚ 14 ਮਹਿਲਾਵਾਂ ਵੀ ਸ਼ਾਮਿਲ ਸਨ। ਬਹੁਤੇ ਗੁਜਰਾਤੀ ਸਨ ਪਰ ਜਲੰਧਰ ਅਤੇ ਹੁਸ਼ਿਆਰਪੁਰੀਏ ਵੀ ਇਨ੍ਹਾਂ ਵਿਚ ਸ਼ਾਮਿਲ ਸਨ। 1899 ਦੇ ਵਿਚ ਇਮੀਗ੍ਰੇਸ਼ਨ ਰਿਸਟ੍ਰਕਸ਼ਨ ਐਕਟ ਪਾਸ ਕੀਤਾ ਗਿਆ। 1890 ਦੇ ਵਿਚ ਫੁੰਮਣ ਸਿੰਘ ਦੇ ਆਉਣ ਦਾ ਰਿਕਾਰਡ ਹੈ। 1898 ਦੇ ਵਿਚ ਇਸ ਨੇ ਇਕ ਨਰਸ ਨਾਲ ਵਿਆਹ ਕਰਵਾ ਲਿਆ। 1920 ਦੇ ਵਿਚ ਇਨ੍ਹਾਂ ਨੇ ਆਪਣਾ ਕੰਨਫੈਕਸ਼ਰੀ ਦਾ ਬਿਜ਼ਨਸ ਵਧਾ ਲਿਆ ਅਤੇ ਪਾਮਸਰਟਨ ਨਾਰਥ ਵਿਖੇ ਦੋ ਦੁਕਾਨਾਂ ਖੋਲ੍ਹੀਆਂ। 1950 ਦੇ ਵਿਚ ਗੰਡਾ ਸਿੰਘ ਪੰਜਾਬ ਤੋਂ ਇਥੇ ਆਇਆ। ਜੰਗਲਾਂ ਨੂੰ ਸਾਫ ਕਰਨ ਦਾ ਕੰਮ ਕਰਨ ਬਾਅਦ ਉਸਨੇ ਆਪਣੇ ਪੁੱਤਰ ਚੰਨਣ ਸਿੰਘ ਨੂੰ ਇਥੇ ਬੁਲਾਇਆ ਅਤੇ 1952 ਦੇ ਵਿਚ ਇਥੇ ਆਪਣਾ ਫਾਰਮ ਖਰੀਦਿਆ। ਸੋ ਇਸ ਤਰ੍ਹਾਂ ਇਥੇ ਭਾਰਤੀਆਂ ਦਾ ਇਤਿਹਾਸ ਜੋ ਕਿ 125 ਸਾਲ ਪੁਰਾਣਾ ਸਮਝਿਆ ਜਾਂਦਾ ਸੀ ਉਹ ਹੁਣ 250 ਸਾਲ ਪੁਰਾਣਾ ਹੋ ਗਿਆ ਹੈ। 100 ਸਾਲ ਤੋਂ ਉਪਰ ਦੇ ਵੱਧ ਸਮੇਂ ਤੋਂ ਹਮਿਲਟਨ ਵਿਖੇ ਰਹਿ ਰਹੇ ਇਕ ਪਰਿਵਾਰ ਸ. ਜੋਗਿੰਦਰ ਸਿੰਘ ਦੇ ਪੜਦਾਦਾ ਸ. ਹਰਨਾਮ ਸਿੰਘ ਦਾ ਪਹਿਲੀ ਵਾਰ ਸਿੱਖ ਰੀਤੀ ਰਿਵਾਜਾਂ ਅਨੁਸਾਰ ਅੰਤਿਮ ਸੰਸਕਾਰ 1947 ਦੇ ਵਿਚ ਇਥੇ ਕੀਤਾ ਗਿਆ ਸੀ ਅਤੇ ਸਬੰਧਿਤ ਮੰਤਰੀ ਤੋਂ ਇਹ ਆਗਿਆ ਲਈ ਗਈ ਸੀ। ਇਸ ਪਰਿਵਾਰ ਦੇ ਘਰ ਹੀ ਪਹਿਲੀ ਵਾਰ ਨਿਊਜ਼ੀਲੈਂਡ ਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਸੀ।

# ਹੱਸਮੁੱਖ ਤੇ ਮਿਲਾਪੜੇ ਜਿਹੇ ਸੁਭਾਅ ਵਾਲਾ ਅਦਾਕਾਰ -ਬੀ. ਸਿੰਘ ਕੋਹਾਰ

ਅਜੋਕੇ ਸਮੇਂ ਚ' ਫ਼ਿਲਮੀ ਖੇਤਰ ਵਿੱਚ ਇੱਕ ਚੰਗਾ ਕੈਰੀਅਰ ਬਣਾਉਣਾ ਅਤੇ ਵਧੀਆ ਦਰਜਾ ਹਾਸਿਲ ਕਰਨ ਲਈ ਬਹੁਤ ਹੀ ਦ੍ਰਿੜ ਇਰਾਦੇ, ਮਿਹਨਤ ਤੇ ਲਗਨ ਦੀ ਜਰੂਰਤ ਹੁੰਦੀ ਐ। ਜਿੱਥੇ ਅਨੇਕਾਂ ਹੀ ਦੇਸ਼ ਭਗਤ, ਸੁਤੰਤਰਤਾ ਸੰਗਰਾਮੀ ਅਤੇ ਮਾਸਟਰ ਹਰਮਿੰਦਰ ਕੋਹਾਰਵਾਲਾ (ਗ਼ਜ਼ਲਗੋ) ਵਰਗੀਆ ਸ਼ਖਸੀਅਤਾਂ ਨੇ ਜਨਮ ਲਿਆ, ਉੱਥੋ ਦਾ ਹੀ ਨੌਜਵਾਨ ਹੈ, ਹੱਸ-ਮੁੱਖ ਤੇ ਮਿਲਾਪੜੇ ਜਿਹੇ ਸੁਭਾਅ ਵਾਲਾ ਅਦਾਕਾਰ -ਬੀ. ਸਿੰਘ ਕੋਹਾਰ



ਬਚਿੱਤਰ ਸਿੰਘ ਤੋਂ ਫ਼ਿਲਮੀ ਖੇਤਰ ਵਿੱਚ ਬੀ. ਸਿੰਘ ਕੋਹਾਰ ਨਾਲ ਜਾਣੇ ਜਾਂਦੇ ਇਸ ਅਦਾਕਾਰ ਦਾ ਜਨਮ ਕੋਟਕਪੂਰਾ ਸ਼ਹਿਰ ਦੇ ਲਾਗਲੇ ਪਿੰਡ ਕੋਹਾਰਵਾਲਾ ਵਿੱਚ 1 ਅਕਤੂਬਰ 1982 ਨੂੰ ਪਿਤਾ ਸ. ਹਰਦੀਪ ਸਿੰਘ ਦੇ ਘਰ ਮਾਤਾ ਸਰਦਾਨੀ ਮਾਇਆ ਕੌਰ ਦੀ ਕੁੱਖੋਂ ਹੋਇਆ। ਵੱਡੇ ਭਰਾ ਬਲਦੇਵ ਸਿੰਘ ਤੇ ਨਛੱਤਰ ਸਿੰਘ ਦੇ ਲਾਡਲੇ ਵੀਰ ਬੀ. ਸਿੰਘ ਕੋਹਾਰ ਨੂੰ ਬਚਪਨ ਤੋ ਹੀ ਲੇਖਣੀ ਤੇ ਅਦਾਕਾਰੀ ਦਾ ਸ਼ੌਂਕ ਸੀ। ਪਰ ਪਰਿਵਾਰ ਦਾ ਕਿਰਸਾਨੀ ਨਾਲ ਸਬੰਧਿਤ ਹੋਣ ਕਰਕੇ ਉਹ ਆਪਣਾ ਇਹ ਸ਼ੌਂਕ ਅੰਦਰੋਂ-ਅੰਦਰੀ ਪਾਲਦਾ-ਪਾਲਦਾ ਜਵਾਨ ਹੋਇਆ। 12 ਵੀਂ ਕਲਾਸ ਦੀ ਪੜ੍ਹਾਈ ਅੱਧ ਵਿਚਾਲੇ ਛੱਡ ਉਹ ਇੱਕ ਵਾਰ ਪੱਕਾ ਖੇਤੀ ਦੇ ਕੰਮਾਂ ਵਿੱਚ ਜੁੱਟ ਪਿਆ, ਪਰ ਕਿਸਮਤ ਨੇ ਫੇਰ ਮੌਕਾ ਦਿੱਤਾ ਤੇ ਉਹ ਫੋਟੋਗ੍ਰਾਫੀ ਦੇ ਕੰਮ ਚ' ਪੈ ਗਿਆ, ਜਿਸ ਨਾਲ ਉਸ ਦਾ ਸ਼ੌਂਕ ਜੁੜਿਆ ਸੀ, ਫੇਰ ਕੀ ਸੀ। ਮਾਲਵੇ ਦੀ ਪ੍ਰਸਿੱਧ ਦੋਗਾਣਾ ਜੋੜੀ ਸਤਪਾਲ ਕਿੰਗਰਾ ਤੇ ਬੀਬਾ ਕੁਲਵੀਰ ਗੋਗੀ ਨਾਲ ਅਜਿਹਾ ਮੇਲ ਹੋਇਆ ਕਿ ਉਹਨੇ ਮੁੜ ਕੇ ਪਿਛਾਂਹ ਨਹੀਂ ਦੇਖਿਆ। ਪੀ. ਕੇ. ਰਵੀ ਨਾਲ "ਧੀਆਂ ਦੁੱਖ ਵਡਾਉਂਦੀਆਂ ਨੇ", "ਬੇਕਸੂਰ", "ਪੇਕੇ ਹੁੰਦੇ ਮਾਵਾਂ ਨਾਲ", "ਮਾਂ", "ਸ਼ੱਕ" ਅਤੇ "ਮਾਂ-2", ਜਾਗਰ ਅਮਲੀ ਨਾਲ "ਦੂਰੀਆਂ ਵੱਧ ਗਈਆ", ਸਤਵੰਤ ਭੁੱਲਰ ਨਾਲ "ਮੈਂ ਤੇਰੀ ਆਂ", "ਗੁੰਡੇ" ਤੇ "ਮਿੱਠੀ ਛੁਰੀ", ਛਿੰਦਾ ਧਾਲੀਵਾਲ ਕੁਰਾਈਵਾਲਾ ਨਾਲ "ਸਰਵਣ ਪੁੱਤ", ਸੰਨੀ ਅਰੋੜਾ ਨਾਲ "ਬਾਪੂ", "ਕਦਰਾਂ", "ਫੁਕਰੀਆਂ", "ਨਸ਼ਾ" ਤੇ "ਰਿਸਪੈਕਟ", ਵਿੱਕੀ ਮੌੜ ਨਾਲ "ਰਾਖਵਾਂ ਕੋਟਾ", ਜਤਿੰਦਰ ਧਾਲੀਵਾਲ ਨਾਲ "ਨਿਕੰਮੇ ਪੁੱਤ", ਨਵਦੀਪ ਕੰਧਵਾਲੀਆ ਨਾਲ "ਡੰਗਰ ਡਾ. ਆਰ ਜਾਂ ਪਾਰ", "ਵਿਸ਼ਵਾਸ਼ਘਾਤ" ਤੇ ਦਿਲਾਵਰ ਸਿੱਧੂ (ਕੈਲਾ ਬੁੜਾ) ਨਾਲ "ਰਾਣੋ ਧੀ" ਆਦਿ ਟੈਲੀ ਫ਼ਿਲਮਾਂ ਕੀਤੀਆ। ਹਿੰਦੀ ਫ਼ਿਲਮ "ਮੈਸਿਜ" ਅਤੇ "ਸ਼ੇਰਦਿਲ ਮਾਪੇ" ਬਤੌਰ ਕੈਮਰਾਮੈਨ ਕੰਮ ਕੀਤਾ। ਇਹਨਾਂ ਤੋਂ ਇਲਾਵਾ ਗਾਇਕ ਲੱਖਾ ਬਰਾੜ ਦੇ ਗੀਤ "ਮਾਪੇ", ਗਾਇਕ ਹਰਕੀਰਤ ਮਾਨ ਦੇ ਗੀਤ "ਨਿੱਕਾ ਜਿਹਾ ਦਿਲ" ਅਤੇ ਗਾਇਕ ਸੁੱਖ ਗਿੱਲ ਦੇ ਗਾਏ ਲੋਕ-ਤੱਥ ਵਿੱਚ ਵੀ ਵਧੀਆ ਅਦਾਕਾਰੀ ਕਰਨ ਦਾ ਮੌਕਾ ਮਿਲਿਆ। ਜਲਦ ਹੀ ਰਿਲੀਜ਼ ਹੋ ਰਹੀਆ ਪੰਜਾਬੀ ਫ਼ਿਲਮਾਂ "ਕੁੜਮਾਈਆ" (ਗੁਰਮੀਤ ਸਾਜਨ) ਅਤੇ "ਅੱਲਾ ਬਖ਼ਸ" (ਅਵਤਾਰ ਸਿੰਘ) ਵਿੱਚ ਵੀ ਉਹਦੀ ਬਿਹਤਰੀਨ ਐਂਟਰੀ ਹੈ। ਜਿਸ ਨੂੰ ਉਸ ਦੇ ਚਾਹੁੰਣ ਵਾਲੇ ਜਰੂਰ ਸਲਾਹੁਣਗੇ।

ਅਦਾਕਾਰੀ ਖੇਤਰ ਵਿੱਚ ਇੱਥੋਂ ਤੱਕ ਪਹੁੰਚਣ ਵਿੱਚ ਉਹ ਆਪਣੇ ਮਾਤਾ-ਪਿਤਾ, ਧਰਮ ਪਤਨੀ ਬਿੰਦਰ ਕੌਰ, ਬੇਟੇ ਸਰਬਜੀਤ ਸਿੰਘ ਅਤੇ ਹਰਮਨਪ੍ਰੀਤ ਸਿੰਘ ਦਾ ਬੇਹੱਦ ਸਹਿਯੋਗ ਮੰਨਦਾ, ਜਿੰਨ੍ਹਾਂ ਨੇ ਉਹਦਾ ਹਮੇਸਾਂ ਸਾਥ ਦਿੱਤਾ। ਅਦਾਕਾਰ ਬੀ. ਸਿੰਘ ਕੋਹਾਰ ਦੀ ਦਿਲੀਂ ਤਮੰਨਾ ਹੈ ਕਿ ਅਦਾਕਾਰੀ ਦੇ ਖੇਤਰ ਵਿੱਚ ਮਿਆਰੀ ਮੈਟਰ ਨੂੰ ਮੁੱਖ ਰੱਖ ਕੇ ਕੰਮ ਕੀਤਾ ਜਾਵੇ, ਜਿਸ ਨਾਲ ਆਉਣ ਵਾਲੀ ਪੀੜੀ ਨੂੰ ਨਸ਼ਿਆ ਤੋਂ ਰਹਿਤ ਅਤੇ ਬੁਰੀ ਸੰਗਤ ਤੋਂ ਦੂਰ ਰਹਿ ਕੇ ਖੁਸ਼ਹਾਲ ਜ਼ਿੰਦਗੀ ਜਿਊਣ ਦਾ ਢੰਗ ਸਿਖਾਇਆ ਜਾਵੇ।



ਗੁਰਬਾਜ ਗਿੱਲ
+91-98723-62507

ਅਦਾਕਾਰ ਬੀ. ਸਿੰਘ ਕੋਹਾਰ ਨੂੰ ਗਰੀਬ ਤੇ ਬੇ-ਵੱਸ਼ ਲੋਕਾਂ ਦੀ ਮੱਦਦ ਕਰਕੇ ਬੜਾ ਸਕੂਨ ਮਿਲਦਾ। ਮੇਰੀ ਵੀ ਇਹੋ ਦੁਆ ਹੈ ਕਿ ਅਦਾਕਾਰ ਬੀ. ਸਿੰਘ ਕੋਹਾਰ ਨੂੰ ਵਾਹਿਗੁਰੂ ਤੰਦਰੁਸਤੀਆਂ ਬਖਸ਼ੇ, ਪਰਮ-ਪ੍ਰਮਾਤਮਾ ਦਿਨ ਦੁੱਗਣੀਆ ਤੇ ਰਾਤ ਚੋਗੁਣੀਆ ਤਰੱਕੀਆਂ ਦੇਵੇ ਅਤੇ ਉਹ ਇਸੇ ਤਰ੍ਹਾਂ ਸਮਾਜ ਸੇਵਾ ਕਰਦੇ ਹੋਏ ਅਦਾਕਾਰੀ ਖੇਤਰ ਵਿੱਚ ਖੂਬ ਬੁਲੰਦੀਆਂ ਨੂੰ ਪਾਉਣ।

# ਰੋਂਦਿਆਂ ਨੂੰ ਹਸਾਉਣ ਵਾਲੇ ਬਣੋ



ਨਵਜੋਤ ਬਜਾਜ (ਗੱਗੂ)
91-98721-02614

ਖੁਸ ਮਿਜ਼ਾਜ ਲੋਕਾਂ ਕੋਲ ਹਰ ਵੇਲੇ, ਹਰ ਕਿਸੇ ਨੂੰ ਦੇਣ ਲਈ ਬਹੁਤ ਕੁਝ ਹੁੰਦਾ ਹੈ। ਇਸ ਪ੍ਰਕਾਰ ਦਿੱਤਾ ਜਾਣਾ ਕਿਸੇ ਵੀ ਹੋਰ ਜਰੂਰਤ ਦੇ ਰਸਤੇ ਵਿੱਚ ਰੁਕਾਵਟ ਨਹੀਂ ਬਣਦਾ। ਆਪਣੇ ਨਿਯਮਿਤ ਕੰਮ ਧੰਦੇ ਰਾਹੀ ਕੋਈ ਵਿਅਕਤੀ ਸਮਾਜ ਦੀ ਓਨੀ ਭਲਾਈ ਨਹੀਂ ਕਰ ਸਕਦਾ ਜਿੰਨੀ ਕਿ ਸਿਰਫ਼ ਖ਼ੁਸ਼ਮਿਜ਼ਾਜ਼ ਬਣ ਕੇ। ਖੁਸ਼ ਮਿਜ਼ਾਜ ਯਾਨੀ ਹਸਮੁਖ ਲੋਕਾਂ ਵਿੱਚ ਇੰਨੀ ਸ਼ਕਤੀ ਹੁੰਦੀ ਹੈ ਕਿ ਉਹ ਇਨਸਾਨ ਅੰਦਰ ਛੁਪੀ ਸਾਰੀ ਯੋਗਤਾ ਨੂੰ ਉਜਾਗਰ ਕਰ ਦਿੰਦੀ ਹੈ ਅਤੇ ਅੰਦਰਲੀ ਘੁਟਨ ਨੂੰ ਤੋੜ ਕੇ ਸਾਨੂੰ ਇੰਨਾ ਤੇਜ ਕਰ ਦਿੰਦੀ ਹੈ ਕਿ ਅਸੀਂ ਭਵਿੱਖ ਬਾਣੀ ਕਰਨ ਦੇ ਅੰਦਾਜ਼ ਵਿੱਚ ਬੋਲਣ ਲੱਗ ਪੈਂਦੇ ਹਾਂ ਹਸਮੁਖ ਲੋਕ ਸਹੀ ਮਾਅਨਿਆਂ ਵਿੱਚ ਸਮਾਜ ਸੇਵਕ ਹਨ।

ਕੁਮਾਰੀ ਏਡਿਥ ਕਾਲਜ ਵਿੱਚ ਪੜ੍ਹਦੀ ਸੀ ਤਾਂ ਉਹ ਆਪਣੇ ਹਸਮੁਖ ਸੁਭਾਅ ਦੇ ਕਾਰਨ ਉਹ 'ਰੋਂਦਿਆਂ ਨੂੰ ਹਸਾਉਣ ਵਾਲੀ ਲੜਕੀ' ਦੇ ਨਾਂ ਨਾਲ ਮਸ਼ਹੂਰ ਸੀ। ਕਾਲਜ ਭਰ ਦੀਆਂ ਮਾਯੂਸ, ਨਿਰਾਸ਼ ਅਤੇ ਪੜ੍ਹਾਈ ਵਿੱਚ ਪਛੜੀਆਂ ਹੋਈਆਂ ਲੜਕੀਆਂ ਉਸ ਕੋਲ ਸਿਰਫ਼ ਇਸ ਲਈ ਜਾਣਾ ਚਾਹੁੰਦੀਆਂ ਸਨ ਕਿ ਉਸ ਦੇ ਚਿਹਰੇ ਉੱਤੇ ਥਿਰਕਦੀ ਹਾਸੀ ਵਿੱਚੋਂ ਉਹ ਵੀ ਆਪਣੇ ਨਿਰਾਸ ਜੀਵਨ ਵਿੱਚ ਆਸ ਦੀ ਇੱਕ ਨਿੱਖਰੀ ਹੋਈ ਕਿਰਨ ਭਰ ਸਕਣ ਅਤੇ ਇਸ ਵਿੱਚ ਕੋਈ ਸ਼ੱਕ ਵੀ ਨਹੀਂ ਸੀ ਕਿ ਏਡਿਥ ਦੇ ਰੋਮ-ਰੋਮ ਵਿੱਚੋਂ ਉਮੀਦ ਦਾ ਚਾਨਣ ਫੁੱਟ-ਫੁੱਟ ਪੈਂਦਾ ਸੀ।

ਜਿਸ ਤਰ੍ਹਾਂ ਅਸੀਂ ਆਪਣੀ ਰੋਜ਼ੀ ਕਮਾਉਣ ਦੀ ਯੋਗਤਾ ਨੂੰ ਵਿਕਸਿਤ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ, ਉਸੇ ਤਰ੍ਹਾਂ ਸਾਨੂੰ ਆਪਣੇ ਹੱਸਣ ਦੀ ਤਾਕਤ ਨੂੰ ਵਿਕਸਿਤ ਕਰਦੇ ਰਹਿਣਾ ਚਾਹੀਦਾ ਹੈ, ਕਿਉਂਕਿ ਇਸ ਤੋ ਵੱਧ ਇਨਸਾਨ ਨੂੰ ਉਭਰਨ ਵਾਲੀ ਸ਼ਕਤੀ ਕੋਈ ਨਹੀਂ। ਮਾਨਸਿਕ ਪਰੇਸ਼ਾਨੀਆਂ ਦੀ ਇਸ ਤੋ ਵੱਡੀ ਦਵਾਈ ਅੱਜ ਤਕ ਨਹੀਂ ਬਣ ਸਕੀ। ਹਰ ਤਰ੍ਹਾਂ ਦੇ ਹਾਲਾਤ ਵਿੱਚ ਅਨੰਦ ਲੈਣ ਦੀ ਆਦਤ ਪਾ ਲੈਣ ਨਾਲ ਸਾਡੀ ਪੂਰੀ ਜਿੰਦਗੀ ਦੀ ਧਾਰਨਾ ਬਦਲ ਜਾਂਦੀ ਹੈ। ਇਹ ਕੋਈ ਅਨੋਖੀ ਆਦਤ ਨਹੀਂ ਹੈ ਬਲਕਿ ਹਸਮੁਖੇ ਪਨ ਦਾ ਹੀ ਸਹਿਜ ਵਿਕਸਿਤ ਰੂਪ ਹੈ।ਹਰ ਮਹਾਨ ਵਿਅਕਤੀ ਹਸਮੁਖ ਹੁੰਦਾ ਹੈ।

ਬਹੁਤ ਸਾਰੇ ਲੋਕ ਅਜਿਹੇ ਹਨ ਜੋ ਆਪਣੇ ਹੱਸਣ ਦੀ ਤਾਕਤ ਬਰਬਾਦ ਕਰ ਬੈਠੇ ਹਨ। ਇਨ੍ਹਾਂ ਦੀ ਸੋਚਣੀ ਮੁਤਾਬਿਕ ਹੱਸਣਾ ਕਮਜ਼ੋਰ ਦੀ ਨਿਸ਼ਾਨੀ ਹੈ ਤੇ ਹੱਸਣ ਨਾਲ ਜੀਵਨ ਦੀ ਗੰਭੀਰਤਾ ਨਸ਼ਟ ਹੋ ਜਾਂਦੀ ਹੈ। ਬਅਜਿਹਾ ਸੋਚਣਾ ਬਿਲਕੁਲ ਗਲਤ ਹੈ। ਹਸਮੁਖ ਵਿਅਕਤੀ ਨਾ ਸਿਰਫ਼ ਖੁਸ਼ ਮਿਜ਼ਾਜ ਹੁੰਦੇ ਹਨ ਬਲਕਿ ਸਭ ਨਾਲੋਂ ਲੰਮੀ ਉਮਰ ਵੀ ਭੋਗਦੇ ਹਨ। ਇਸ ਤੋ ਬਿਨਾਂ ਜੀਵਨ ਵਿੱਚ ਸਭ ਨਾਲੋਂ ਸਫ਼ਲ ਵੀ ਇਹੀ ਸਿੱਧ ਹੁੰਦੇ ਹਨ, ਕਿਉਂਕਿ ਹਾਸਾ ਇੱਕ ਅਜਿਹਾ ਤੇਲ ਹੈ ਜੋ ਇਨਸਾਨੀ ਸਰੀਰ ਦੀ ਮਸ਼ੀਨ ਨੂੰ ਸਹੀ ਢੰਗ ਨਾਲ ਚਲਾਉਣ ਲਈ ਜਰੂਰੀ ਹੈ ਅਤੇ ਇਸ ਨਾਲ ਇਸ ਮਸ਼ੀਨ ਦੇ ਘਸੇ ਹੋਏ ਪੁਰਜ਼ੇ ਫਿਰ ਸ਼ਕਤੀ ਗ੍ਰਹਿਣ ਕਰ ਲੈਂਦੇ ਹਨ। ਇਸ ਲਈ ਮੈ ਕਰੋੜਪਤੀ ਬਣਨ ਦੀ ਬਜਾਇ ਹਾਸੇ ਦੇ ਖਜਾਨੇ ਨਾਲ ਮਾਲਾ ਮਾਲ ਹੋ ਜਾਣਾ ਬਿਹਤਰ ਸਮਝਦਾ ਹਾਂ।

ਤੁਸੀਂ ਜੋ ਵੀ ਅਤੇ ਚਾਹੇ ਕਿਸੇ ਵੀ ਕੰਮ ਧੰਦੇ ਵਿੱਚ ਹੋ,ਹਰ ਕਿਤੇ ਖੁਸ਼ ਰਹਿਣ ਦੇ ਮੌਕੇ ਪੈਦਾ ਕਰਨੇ ਸਿੱਖ ਸਕਦੇ ਹੋ ਅਤੇ ਇਹ ਕਲਾ ਤੁਹਾਡੀ ਕਾਲਜ ਦੀ ਪੜ੍ਹਾਈ ਦੇ ਮੁਕਾਬਲੇ ਵੀ ਕਿਤੇ ਜਿਆਦਾ ਕੰਮ ਆਵੇਗੀ। ਇਹ ਇੱਕ ਦੌਲਤ ਹੈ ਜੋ ਦੋਵੇਂ ਹੱਥੀ ਲੁਟਾਉਂਦੇ ਰਹਿਣ ਨਾਲ ਵੀ ਜਿਆਦਾ ਜਮਾਂ ਹੁੰਦੀ ਚਲੀ ਜਾਵੇਗੀ। ਚਾਹੇ ਜਿੰਨੇ ਵੀ ਸਖ਼ਤ ਅਤੇ ਕੁਰਖਤ ਲੋਕਾਂ ਵਿੱਚ ਤੁਸੀਂ ਰਹਿ ਰਹੇ ਹੋ ਚਾਹੇ ਜਿੰਨਾਂ ਵੀ ਬੁਰਾ ਦਿਨ ਬੀਤ ਰਿਹਾ ਹੋਵੇ ਜੇ ਤੁਸੀਂ ਹੱਸਣ ਦੀ ਕਲਾਂ ਸਿੱਖ ਚੁੱਕੇ ਹੋ ਤਾਂ ਇਹ ਤੁਹਾਨੂੰ ਹਰ ਮੁਸੀਬਤ ਵਿੱਚੋਂ ਉਭਾਰ ਲਵੇਗੀ। ਦਿਨ ਵਿੱਚ ਇੱਕ ਵਾਰੀ ਜੇ ਖੁੱਲ ਕੇ ਹੱਸ ਸਕੋ ਤਾਂ ਭਾਰੀ ਤੋ ਭਾਰੀ ਦਿਨ ਵੀ ਹਲਕਾ ਫੂਲਕਾ ਲੱਗਣ ਲੱਗੇਗਾ ਜੇ ਤੁਸੀਂ ਹਰ ਵੇਲੇ ਗੰਭੀਰ ਚਿਹਰਾ ਰੱਖੋਗੇ ਤਾਂ ਇਸ ਨਾਲ ਦੂਸਰਿਆਂ ਦਾ ਕੁਝ ਨਹੀਂ ਵਿਗੜੇਗਾ ਬਲਕਿ ਖੁਦ ਆਪਣੀ ਹੀ ਗੰਭੀਰਤਾ ਦਾ ਬੋਝ ਤੁਹਾਡੇ ਕੋਲੋਂ ਜਿਆਦਾ ਸਮਾਂ ਢੋਇਆ ਨਹੀਂ ਜਾਏਗਾ ਅਜੋਕੀ ਜਿੰਦਗੀ ਦੇ ਤਣਾਵਾਂ, ਚਿੰਤਾਵਾਂ ਸੱਕਾਂ, ਹੁਸ਼ਿਆਰੀਆਂ ਅਤੇ ਉਤਸੁਕਤਾਵਾਂ ਦੇ ਵਿਚ ਤਾਂ ਹੱਸ ਸਕਣ ਦੀ ਆਦਤ ਪਾਉਣਾ ਹੋਰ ਜਿਆਦਾ ਜਰੂਰੀ ਹੋ ਗਿਆ ਹੈ।ਨਾ ਹੱਸਣ ਵਾਲੇ ਲੋਕ ਕਦੇ ਵੀ ਖੁਸ਼ ਨਹੀਂ ਰਹਿੰਦੇ ਉਹਨਾਂ ਨੂੰ ਮਿਲ ਕੇ ਇੰਜ ਲਗਦਾ ਹੈ, ਜਿਵੇਂ ਖੁਸ਼ੀ ਇਨ੍ਹਾਂ ਦੀ ਜਿੰਦਗੀ ਵਿੱਚੋਂ ਝਾੜੂ ਮਾਰ ਕੇ ਹੂੰਝ ਦਿੱਤੀ ਗਈ ਹੋਵੇ।

ਅੱਜ ਕੱਲ ਦੇ ਵੱਡੇ ਛੋਟੇ ਵਪਾਰੀ ਚਿੰਤਾ ਦੀ ਚਿੰਤਾ ਵਿੱਚ ਜਲਦੇ ਰਹਿੰਦੇ ਹਨ।ਪੈਸਾ ਹੀ ਉਨਾਂ ਲਈ ਸਭ ਕੁਝ ਹੈ ਅਤੇ ਹੱਸਣਾ ਸ਼ਾਇਦ ਇਨ੍ਹਾਂ ਲਈ ਮਨ੍ਹਾਂ ਹੈ। ਨਿਰਾਸ਼ਾਵਾਦੀ ਵਿਅਕਤੀ ਕਦੇ ਵੀ ਕਾਰੋਬਾਰ ਵਿੱਚ ਕਾਮਯਾਬ ਨਹੀਂ ਹੋ ਸਕਦਾ। ਹਰ ਪ੍ਰਕਾਰ ਦੀ ਕਾਮਯਾਬੀ ਖੁਸ ਰੂਹਾਂ ਅਤੇ ਆਸ਼ਾਵਾਦੀਆਂ ਦੇ ਹੀ ਕਦਮ ਚੁੰਮਦੀ ਹੈ।ਉਮੀਦ ਵਿੱਚ ਇੰਨੀ ਚੁੰਬਕੀ ਸ਼ਕਤੀ ਹੁੰਦੀ ਹੈ ਕਿ ਦੂਰ ਖੜ੍ਹੀ ਸਫ਼ਲਤਾ ਨੂੰ ਵੀ ਕਰੀਬ ਖਿੱਚ ਲਿਆਉਂਦੀ ਹੈ। ਉਮੀਦ ਦਾ ਪੱਲਾ ਫੜੀ ਉਸ ਵਿਅਕਤੀ ਨੂੰ ਚਾਰੋ ਤਰਫ਼ ਕਾਮਯਾਬੀ ਹੀ ਦਿਖਾਈ ਦਿੰਦੀ ਹੈ, ਜਦੋਂ ਕਿ ਨਿਰਾਸ਼ ਵਿਅਕਤੀ ਦੇ ਹਿੱਸੇ ਹਮੇਸ਼ਾ ਅਸਫਲਤਾ ਹੀ ਆਉਂਦੀ ਹੈ। ਮੁਸਕਾਨਾਂ ਦੇ ਗਹਿਣੇ ਪਹਿਨ ਕੇ ਕੋਈ ਵਿਅਕਤੀ ਕਿਤੇ ਵੀ ਚਲਾ ਜਾਵੇ, ਉਸ ਨੂੰ ਆਪਣੀ ਜਾਣ-ਪਹਿਚਾਣ ਕਰਵਾਉਣ ਦੀ ਜਰੂਰਤ ਨਹੀਂ ਪੈਂਦੀ। ਹਰ ਕੋਈ ਉਸ ਨੂੰ 'ਸੁਆਗਤ' ਕਹਿੰਦਾ ਹੀ ਮਿਲੇਗਾ। ਇਸ ਲਈ ਗਰੀਬ ਤੋ ਗਰੀਬ ਵਿਅਕਤੀ ਵੀ ਜੇ ਮੁਸਕਰਾਉਣ ਦੀ ਕਲਾਂ ਸਿੱਖ ਲਵੇ ਅਤੇ ਆਪਣੇ ਚਾਰੇ ਪਾਸੇ ਮੁਸਕਰਾਹਟਾਂ ਦੇ ਫੁੱਲ ਬਿਖੇਰਦਾ ਚੱਲੇ ਤਾਂ ਉਸ ਨੂੰ ਆਪਣੀ ਗਰੀਬੀ ਦੇ ਗਮਾਂ ਤੋ ਛੁਟਕਾਰਾ ਪਾਉਣ ਦਾ ਸੌਖਾ ਰਾਹ ਮਿਲ ਜਾਵੇਗਾ। ਹਰ ਕਿਸੇ ਵੱਲ ਪਿਆਰ ਨਾਲ ਦੇਖੋ ।ਹਰ ਕਿਸੇ ਦੇ ਕੰਮ ਆਉਣ ਦੀ ਕੋਸ਼ਿਸ਼ ਕਰੋ ਤਾਂ ਹਰ ਕੋਈ ਤੁਹਾਡੇ ਉਪਰ ਆਪਣਾ ਪਿਆਰ ਨਿਛਾਵਰ ਕਰ ਦੇਵੇਗਾ ਅਤੇ ਤੁਹਾਡੇ ਕੰਮ ਆਵੇਗਾ। ਤੁਹਾਡਾ ਖੁਸ ਰਹਿਣਾ ਤੇ ਹੋਰ ਲੋਕਾਂ ਨੂੰ ਹਸਾਉਣਾ, ਇਹ ਉੱਦਮ (ਕੋਸ਼ਿਸ਼) ਤੁਹਾਡੇ ਵੱਲੋਂ ਕੀਤੀ ਜਾਣ ਵਾਲੀ ਸਮਾਜ ਦੀ ਸਭ ਤੋ ਵੱਡੀ ਸੇਵਾ ਹੈ।

# ਦਲਿਤ ਦੇ ਢਾਬੇ ਤੋਂ ਚਾਹ ਪੀਣ ਤੇ ਪਿਲਾਉਣ ਵਾਲਾ ਰਾਜਾ ਸ਼ਾਹੂ ਜੀ ਮਹਾਰਾਜ

'ਮੈਂ ਸੁਣਿਆ ਹੈ ਤੁਸੀਂ ਇੱਕ ਢਾਬਾ ਸ਼ੁਰੂ ਕੀਤਾ ਹੈ, ਕੀ ਇਹ ਸੱਚ ਹੈ?'

ਰਾਜਸ਼੍ਰੀ ਸ਼ਾਹੂ ਜੀ ਮਾਹਾਰਾਜ ਨੇ ਗੰਗਾ ਰਾਮ ਕਾਂਬਲੇ ਨੂੰ ਪੁਛਿਆ।

ਗੰਗਾ ਰਾਮ ਨੇ ਦੱਸਿਆ, 'ਜੀ ਮਾਹਾਰਾਜ। ਮੈਂ ਤੁਹਾਡੀ ਸਲਾਹ ਮੰਨ ਕੇ ਆਪਣਾ ਕੰਮ ਸ਼ੁਰੂ ਕਰ ਲਿਆ ਹੈ।

'ਤਾਂ ਫੇਰ ਤੁਸੀਂ ਇਸ ਦੇ ਉੱਪਰ ਆਪਣਾ ਨਾਮ ਕਿਉਂ ਨਹੀਂ ਲਿਖਿਆ?'

'ਮੈਂ ਆਪਣਾ ਨਾਮ ਕਿਉਂ ਲਿਖਾਂ? ਕੀ ਬਾਕੀ ਢਾਬਿਆਂ 'ਤੇ ਉਨ੍ਹਾਂ ਦੇ ਮਾਲਕਾਂ ਦੀ ਜਾਤ ਲਿਖੀ ਹੁੰਦੀ ਹੈ?'

'ਤੁਸੀਂ ਠੀਕ ਹੋ। ਤੁਹਾਡੇ ਢਾਬੇ ਤੋਂ ਹੁਣ ਤੱਕ ਕਿੰਨੇ ਲੋਕਾਂ ਨੇ ਚਾਹ ਪੀਤੀ ਹੈ?'

'ਬਹੁਤ ਸਾਰੇ। ਮੈਨੂੰ ਗਿਣਤੀ ਨਹੀਂ ਪਤਾ।'

'ਲਗਦਾ ਹੈ ਕਿ ਹੁਣ ਤੱਕ ਤਾਂ ਤੁਸੀਂ ਕਸਬੇ ਨੂੰ ਭਿੱਟ ਦਿੱਤਾ ਹੈ। ਮੈਂ ਅਗਲੇ ਕੁਝ ਸਮੇਂ ਵਿੱਚ ਤੁਹਾਡੇ ਢਾਬੇ 'ਤੇ ਆਵਾਂਗਾ। ਮੇਰੇ ਲਈ ਚਾਹ ਬਣਾ ਕੇ ਰੱਖੋ।'





ਮਾਹਾਰਾਜ ਨੇ ਬੱਘੀ ਵਿੱਚ ਬੈਠਿਆਂ ਨੇ ਹੀ ਗੰਗਾ ਰਾਮ ਨੂੰ ਉਸਦੇ ਢਾਬੇ ਉੱਤੇ ਚਾਹ ਪੀਣ ਲਈ ਆਉਣ ਦਾ ਵਾਅਦਾ ਕੀਤਾ। ਮਾਹਾਰਾਜ ਨੇ ਗੰਗਾਰਾਮ ਕਾਂਬਲੇ ਦੇ ਢਾਬੇ ਤੋਂ ਚਾਹ ਪੀਣੀ ਸੀ।

ਗੰਗਾ ਰਾਮ ਕਾਂਬਲੇ ਸ਼ਾਹੂ ਜੀ ਮਹਾਰਾਜ ਦੇ ਇੱਕ ਦਲਿਤ ਸੇਵਕ ਸਨ। ਉਨ੍ਹਾਂ ਨੇ ਹੀ ਗੰਗਾ ਰਾਮ ਦੀ ਢਾਬਾ ਖੋਲ੍ਹਣ ਵਿੱਚ ਮਦਦ ਕੀਤੀ ਸੀ। ਕੋਲ੍ਹਾਪੁਰ ਵਿੱਚ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ।

ਬਹੁਤ ਸਾਰੇ ਲੋਕ ਢਾਬੇ ਦੇ ਬਾਹਰ ਇਕੱਠੇ ਹੋ ਗਏ ਸਨ। ਮਹਾਰਾਜ ਆਏ ਅਤੇ ਉਨ੍ਹਾਂ ਨੇ ਸਭ ਦੇ ਸਾਹਮਣੇ ਚਾਹ ਪੀਤੀ। ਇੰਨਾ ਹੀ ਨਹੀਂ ਉਨ੍ਹਾਂ ਨੇ ਆਪਣੇ ਨਾਲ ਆਏ ਲੋਕਾਂ ਨੂੰ ਵੀ ਚਾਹ ਪੀਣ ਲਈ ਕਿਹਾ।

ਚਾਹ ਪੀਣ ਮਗਰੋਂ ਸ਼ਾਹੂ ਜੀ ਨੇ ਗੰਗਾ ਰਾਮ ਨੂੰ ਕਿਹਾ, "ਤੁਹਾਨੂੰ ਇੱਕ ਸੋਢਾ ਬਣਾਉਣ ਵਾਲੀ ਮਸ਼ੀਨ ਵੀ ਖ਼ਰੀਦਣੀ ਚਾਹੀਦੀ ਹੈ। ਮੈਂ ਤੁਹਾਨੂੰ ਖ਼ਰੀਦ ਕੇ ਦੇਵਾਂਗਾ।"

ਸ਼ਾਹੂ ਜੀ ਨੇ ਗੰਗਾ ਰਾਮ ਦੇ ਢਾਬੇ ਲਈ ਸੋਢਾ ਬਣਾਉਣ ਵਾਲੀ ਮਸ਼ੀਨ ਖ਼ਰੀਦ ਕੇ ਦਿੱਤੀ। ਗੰਗਾ ਰਾਮ ਦੇ ਕੋਲ੍ਹਾਪੁਰ ਦੀ ਭਾਊਸਿੰਗਜੀ ਮਾਰਗ 'ਤੇ ਚਾਹ ਦਾ ਢਾਬਾ ਖੋਲ੍ਹਣ ਦੀ ਗੱਲ ਨੂੰ ਸੌ ਸਾਲ ਹੋ ਗਏ ਹਨ। ਰਾਜਸ਼੍ਰੀ ਸ਼ਾਹੂ ਨੇ ਹੀ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਸੀ ਅਤੇ ਢਾਬਾ ਖੋਲ੍ਹਣ ਵਿੱਚ ਮਦਦ ਵੀ ਕੀਤੀ ਸੀ। ਦੋਹਾਂ ਵਿਚਕਾਰ ਹੋਈ ਗੱਲਬਾਤ ਸਾਨੂੰ ਬਹੁਤ ਕੁਝ ਦੱਸਦੀ ਹੈ।

### ਕੰਮ ਰਾਹੀਂ ਸੰਦੇਸ਼ ਦੇਣ ਵਾਲੇ

ਉਸ ਸਮੇਂ ਦੌਰਾਨ ਜਾਤੀ ਪ੍ਰਥਾ ਦਾ ਦਬਦਬਾ ਸੀ ਅਤੇ ਸਮਾਜ ਵਿੱਚ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀਆਂ ਕਈ ਗੱਲਾਂ ਹੁੰਦੀਆਂ ਸਨ।

ਸ਼ਾਹੂ ਜੀ ਨੇ ਆਪਣੇ ਨਿਮਰ ਕਾਰਜਾਂ ਰਾਹੀਂ ਹਮੇਸ਼ਾ ਇਨ੍ਹਾਂ ਕੁਰੀਤੀਆਂ ਨੂੰ ਖ਼ਤਮ ਕਰਨ ਦਾ ਯਤਨ ਕੀਤਾ। ਕਦੇ ਸਪੱਸ਼ਟਤਾ ਨਾਲ ਕਦੇ ਕੂਟਨੀਤੀ ਨਾਲ, ਉਨ੍ਹਾਂ ਦਾ ਕੰਮ ਕਰਨ ਦਾ ਆਪਣਾ ਹੀ ਤਰੀਕਾ ਸੀ। ਕਦੇ ਉਹ ਵਿਰੋਧੀਆਂ ਨੂੰ ਚੁਣੌਤੀ ਦਿੰਦੇ ਅਤੇ ਕਦੇ ਵਿਅੰਗ ਰਾਹੀਂ ਸਮਝਾ ਦਿੰਦੇ।

ਇਹ ਉਹ ਸਮਾਂ ਸੀ ਜਦੋਂ ਅਛੂਤਾਂ ਨੂੰ ਛੂਹਣ ਨਾਲ ਕੋਈ ਵਿਅਕਤੀ ਭਿੱਟਿਆ ਜਾਂਦਾ ਯਾਨਿ 'ਅਸ਼ੁੱਧ' ਹੋ ਜਾਂਦਾ। ਨੀਵੀਂ ਜਾਤ ਦੇ ਲੋਕ ਕਿਸੇ ਵਸਤੂ ਨੂੰ ਛੂਹ ਨਹੀਂ ਸਕਦੇ ਸਨ, ਉਹ ਮੰਦਰਾਂ ਵਿੱਚ ਨਹੀਂ ਜਾ ਸਕਦੇ ਸਨ। ਅਜਿਹਾ ਕਰਨਾ ਜੁਰਮ ਸੀ। ਬ੍ਰਾਹਮਣਾਂ ਅਤੇ ਮਰਾਠਿਆਂ ਨੂੰ 'ਉੱਚੀ ਜਾਤੀ' ਵਾਲੇ ਸਮਝਿਆ ਜਾਂਦਾ ਸੀ।

ਅਜਿਹੇ ਸਮਾਜਿਕ ਹਾਲਾਤ ਵਿੱਚ ਸ਼ਾਹੂ ਜੀ ਦੇ ਅਜਿਹੇ ਕਾਰਜ ਛੂਤ-ਛਾਤ ਉੱਪਰ ਇੱਕ ਮਾਰੂ ਸੱਟ ਸਨ।

ਸਾਲ 1920 ਵਿੱਚ ਸ਼ਾਹੂ ਜੀ ਨੇ ਨਾਗਪੁਰ ਵਿੱਚ ਅਖਿਲ ਭਾਰਤੀ ਬਹਿਸ਼ਕਰਿਤ ਪਰਿਸ਼ਦ ਦੀ ਪ੍ਰਧਾਨਗੀ ਕੀਤੀ ਅਤੇ ਸਮਾਪਤੀ ਉੱਤੇ ਇੱਕ ਦਲਿਤ ਦੇ ਹੱਥਾਂ ਦੀ ਬਣਾਈ ਚਾਹ ਪੀਤੀ।

ਉਸ ਤੋਂ ਅਗਲੇ ਮਹੀਨੇ ਉਨ੍ਹਾਂ ਨੇ ਦਲਿਤਾਂ ਲਈ ਹੋਸਟਲ ਦੀ ਨੀਂਹ ਰੱਖੀ। ਇੱਥੇ ਉਨ੍ਹਾਂ ਨੇ ਅਜਿਹਾ ਹੀ ਸੰਕੇਤ ਇੱਕ ਦਲਿਤ ਦੇ ਹੱਥੋਂ ਚਾਹ ਪੀ ਕੇ ਦਿੱਤਾ। ਅਜਿਹਾ ਹੀ ਸੰਕੇਤ ਉਨ੍ਹਾਂ ਨੇ ਤਸਗਾਉਂ ਵਿੱਚ ਵੀ ਦਿੱਤਾ।

ਜਾਤੀਵਾਦ ਦੇ ਕੱਟੜ ਪੈਰੋਕਾਰ ਸਮਾਜ ਦੇ ਲੋਕਾਂ ਦਰਮਿਆਨ ਸ਼ਿਵਾ ਜੀ ਦੇ ਵੰਸ਼ਜ ਦਾ ਇੱਕ ਅਛੂਤ ਦੇ ਹੱਥੋਂ ਖਾਣਾ ਖਾਣਾ ਇੱਕ ਕ੍ਰਾਂਤੀਕਾਰੀ ਕਾਰਜ ਸੀ।

ਇਹ ਘਟਨਾ ਛੂਤ-ਛੂਤ ਦੇ ਖਾਤਮੇ ਦੀ ਲੜਾਈ ਵਿੱਚ ਇੱਕ ਮੀਲ ਪੱਥਰ ਸਾਬਤ ਹੋਈ।

### ਪਾਣੀ ਛੂਹਣ ਦੀ ਸਜ਼ਾ

ਗੰਗਾ ਰਾਮ ਦੇ ਢਾਬਾ ਖੋਲ੍ਹਣ ਬਾਰੇ ਇੱਕ ਦਿਲਚਸਪ ਕਹਾਣੀ ਹੈ।

ਕੋਲ੍ਹਾਪੁਰ ਦੇ ਬਵਾੜਾ ਵਿਚਲੇ ਸ਼ਾਹੂ ਜੀ ਦੇ ਬੰਗਲੇ ਦਾ ਸਟਾਫ਼ ਆਪਣੇ ਕੰਮ ਵਿੱਚ ਰੁੱਝਿਆ ਹੋਇਆ ਸੀ। ਗੰਗਾ ਰਾਮ ਸਰਕਾਰੀ ਤਬੇਲਿਆਂ ਦੇ ਨੇੜੇ ਬਣੇ ਕੁਆਰਟਰਾਂ ਵਿੱਚ ਰਹਿੰਦੇ ਸਨ।

ਇੱਕ ਦਿਨ ਦੁਪਹਿਰ ਦੇ ਖਾਣੇ ਤੋਂ ਬਾਅਦ ਨੌਕਰ ਵਿਹੜੇ ਵਿੱਚ, ਇੱਕ ਦਰੱਖ਼ਤ ਥੱਲੇ ਆਰਾਮ ਕਰ ਰਹੇ ਸਨ ਕਿ ਅਚਾਨਕ ਪਏ ਰੌਲੇ-ਰੱਪੇ ਕਰਕੇ ਉਨ੍ਹਾਂ ਨੀਂਦ ਭੰਗ ਹੋ ਗਈ।

ਪਾਣੀ ਦੇ ਤਲਾਬ ਕੋਲ ਕੁਝ ਹੋਇਆ ਸੀ। ਹਰ ਕੋਈ ਉਸ ਪਾਸੇ ਭੱਜਿਆ। ਸੰਤ ਰਾਮ ਇੱਕ ਮਰਾਠਾ ਸੈਨਿਕ ਸੀ ਜੋ ਆਪਣੇ ਸਾਥੀਆਂ ਨਾਲ ਤਬੇਲੇ ਦੇ ਇੱਕ ਕਰਮਚਾਰੀ ਗੰਗਾ ਰਾਮ ਕਾਂਬਲੇ ਨੂੰ ਕੁੱਟ ਰਿਹਾ ਸੀ।

ਗੰਗਾ ਰਾਮ ਨੇ ਪਾਣੀ ਦੇ ਉਸ ਤਲਾਬ ਨੂੰ ਛੂਹਿਆ ਸੀ ਜੋ ਮਰਾਠਿਆਂ ਦੇ ਪਾਣੀ ਭਰਨ ਲਈ ਸੀ। ਇੱਕ ਅਛੂਤ ਨੇ ਪਾਣੀ ਨੂੰ 'ਅਸ਼ੁੱਧ' ਕਰ ਦਿੱਤਾ ਸੀ। ਇਸ ਲਈ ਸੰਤ ਰਾਮ ਅਤੇ ਉਸਦੇ ਸਹਿਯੋਗੀਆਂ ਨੇ ਗੰਗਾ ਰਾਮ ਨੂੰ ਤਦ ਤੱਕ ਹੰਟਰ ਨਾਲ ਮਾਰਿਆ ਜਦ ਤੱਕ ਕਿ ਉਸ ਦੀ ਪਿੱਠ 'ਚੋਂ ਖ਼ੂਨ ਨਹੀਂ ਵਗਣ ਲੱਗ ਪਿਆ। ਸਾਲ 1919 ਵਿੱਚ ਸ਼ਾਹੂ ਜੀ ਨੇ ਜਨਤਕ ਥਾਵਾਂ ਤੇ ਛੂਤ-ਛੂਤ ਦੀ ਮਨਾਹੀ ਕਰ ਦਿੱਤੀ। ਫੇਰ ਵੀ ਇਹ ਘਟਨਾ ਉਨ੍ਹਾਂ ਦੇ ਆਪਣੇ ਰਾਜ ਵਿੱਚ ਵਾਪਰੀ ਸੀ। ਜਦੋਂ ਇਹ ਘਟਨਾ ਵਾਪਰੀ, ਮਾਹਾਰਾਜ ਕਿਸੇ ਕੰਮ ਲਈ ਦਿੱਲੀ ਗਏ ਹੋਏ ਸਨ। ਗੰਗਾ ਰਾਮ ਨੇ ਸ਼ਾਹੂ ਜੀ ਦੇ ਵਾਪਸ ਪਰਤਣ ਦੀ ਉਡੀਕ ਕੀਤੀ। ਸ਼ਾਹੂ ਜੀ ਵਾਪਸ ਆਏ ਤਾਂ ਗੰਗਾਰਾਮ ਨੇ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਨਾਲ ਲੈ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਗੰਗਾ ਰਾਮ ਨੇ ਹਾਉਕੇ ਭਰਦਿਆਂ ਸ਼ਾਹੂ ਜੀ ਨੂੰ ਆਪਣੀ ਜ਼ਖਮੀ ਪਿੱਠ ਦਿਖਾ ਕੇ ਸਾਰੀ ਕਹਾਣੀ ਸੁਣਾਈ। ਇਸ ਜ਼ੁਲਮ ਨੇ ਮਾਹਾਰਾਜਾ ਨੂੰ ਗੁੱਸਾ ਚੜ੍ਹਾ ਦਿੱਤਾ ਸੀ। ਸ਼ਾਹੂ ਜੀ ਨੇ ਗੰਗਾਰਾਮ ਨੂੰ ਮਾਰਨ ਵਾਲਿਆਂ ਨੂੰ ਸੱਦਿਆ ਅਤੇ ਖ਼ੁਦ ਆਪਣੇ ਘੋੜੇ ਦੇ ਛਾਂਟੇ ਨਾਲ ਉਨ੍ਹਾਂ ਨੂੰ ਸਜ਼ਾ ਦਿੱਤੀ।

ਸਜ਼ਾ ਦੇਣ ਲੱਗਿਆਂ ਉਨ੍ਹਾਂ ਨੇ ਦੋਸ਼ੀਆਂ ਦੀ ਜਾਤ ਦੀ ਪ੍ਰਵਾਹ ਨਹੀਂ ਕੀਤੀ ਅਤੇ ਗੰਗਾਰਾਮ ਦੇ ਸਾਹਮਣੇ ਉਨ੍ਹਾਂ ਨੂੰ ਸਜ਼ਾ ਦਿੱਤੀ। ਉਨ੍ਹਾਂ ਨੇ ਗੰਗਾਰਾਮ ਨੂੰ ਬੁਲਾ ਕੇ ਕਿਹਾ, "ਮੈਂ ਤੁਹਾਨੂੰ ਸੇਵਾ ਤੋਂ ਮੁਕਤ ਕਰਦਾ ਹਾਂ। ਤੁਸੀਂ ਆਪਣਾ ਕੰਮ ਸ਼ੁਰੂ ਕਰੋ। ਮੈਂ ਤੁਹਾਡੀ ਮਦਦ ਕਰਾਂਗਾ।" ਉਨ੍ਹਾਂ ਦਿਨਾਂ ਵਿੱਚ ਦਲਿਤ ਆਪਣੇ ਕੰਮ ਨਹੀਂ ਸਨ ਕਰ ਸਕਦੇ ਪਰ ਸ਼ਾਹੂ ਜੀ ਨੇ ਗੰਗਾਰਾਮ ਲਈ ਰਾਹ ਖੋਲ੍ਹ ਦਿੱਤਾ।

### ਢਾਬੇ ਦੀ ਸ਼ੁਰੂਆਤ

ਕੁਝ ਦਿਨ ਮਗਰੋਂ ਗੰਗਾਰਾਮ ਕਾਂਬਲੇ ਨੇ ਕੋਲ੍ਹਾਪੁਰ ਵਿੱਚ ਭਾਊਸਿੰਘਜੀ ਮਾਰਗ 'ਤੇ ਆਪਣਾ ਢਾਬਾ ਖੋਲ੍ਹਿਆ। ਉਨ੍ਹਾਂ ਦੇ ਢਾਬੇ ਦੀ ਸਫਾਈ ਅਤੇ ਚਾਹ ਦਾ ਸਵਾਦ ਬਹੁਤ ਵਧੀਆ ਸੀ ਪਰ ਇਹ ਢਾਬਾ ਅਖੀਰੀ ਸੀ ਤਾਂ ਇੱਕ 'ਅਛੂਤ' ਵਿਅਕਤੀ ਦਾ ਹੀ। ਇਸ ਕਰਕੇ ਉੱਥੇ ਕੋਈ ਨਹੀਂ ਸੀ ਜਾਂਦਾ। ਉੱਚੀ ਜਾਤ ਵਾਲਿਆਂ ਨੂੰ ਨਾਰਾਜ਼ਗੀ ਸੀ ਕਿ ਇੱਕ ਅਛੂਤ ਸਾਰਿਆਂ ਨੂੰ ਚਾਹ ਪਿਆ ਰਿਹਾ ਸੀ।

ਜਦੋਂ ਮਾਹਾਰਾਜਾ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਹ ਆਪ ਗੰਗਾ ਰਾਮ ਦੇ ਢਾਬੇ 'ਤੇ ਗਏ ਅਤੇ ਚਾਹ ਪੀਤੀ। ਇਸੇ ਕਰਕੇ ਜਦੋਂ ਉਹ ਆਪਣੀ ਬੱਘੀ ਵਿੱਚ ਬੈਠ ਕੇ ਕੋਲ੍ਹਾਪੁਰ ਸ਼ਹਿਰ ਦੀ ਸੈਰ ਲਈ ਜਾਂਦੇ ਤਾਂ ਢਾਬੇ ਦੇ ਬਾਹਰ ਰੁਕਦੇ ਅਤੇ ਗੰਗਾਰਾਮ ਨੂੰ ਉੱਚੀ ਆਵਾਜ਼ ਵਿੱਚ ਚਾਹ ਲਿਆਉਣ ਲਈ ਕਹਿੰਦੇ। ਗੰਗਾ ਰਾਮ ਉਨ੍ਹਾਂ ਨੂੰ ਪੂਰੇ ਮਾਣ ਸਨਮਾਨ ਨਾਲ ਚਾਹ ਪੇਸ਼ ਕਰਦੇ।

ਸ਼ਾਹੂ ਜੀ ਸਿਰਫ਼ ਆਪ ਹੀ ਚਾਹ ਨਹੀਂ ਸਨ ਪੀਂਦੇ ਸਗੋਂ ਆਪਣੀ ਬੱਘੀ ਨਾਲ ਚੱਲਣ ਵਾਲੇ ਬ੍ਰਾਹਮਣਾਂ ਅਤੇ ਮਰਾਠਿਆਂ ਵਰਗੇ ਹੋਰ ਉੱਚੀ ਜਾਤ ਵਾਲਿਆਂ ਨੂੰ ਵੀ ਪੀਣ ਲਈ ਦਿੰਦੇ। ਕਿਸੇ ਦੀ ਵੀ ਹਿੰਮਤ ਨਹੀਂ ਸੀ ਹੁੰਦੀ ਕਿ ਉਹ ਮਾਹਾਰਾਜੇ ਦੀ ਵਿਰੋਧਤਾ ਕਰਦਾ ਕਿਉਂਕਿ ਮਾਹਾਰਾਜੇ ਨੇ ਆਪ ਉੱਥੋਂ ਚਾਹ ਪੀਤੀ ਸੀ। ਇਹ ਘਟਨਾ ਮਹਾਰਾਸ਼ਟਰ ਦੀ ਸਮਾਜਿਕ ਤਬਦੀਲੀ ਦੇ ਇਤਿਹਾਸ ਵਿੱਚ ਦਰਜ ਹੋ ਗਈ।

ਸ਼ਾਹੂ ਜੀ ਛੂਤ-ਛਾਤ ਦੇ ਖਾਤਮੇ ਲਈ ਦੋ ਵਿਧੀਆਂ ਅਪਣਾਉਂਦੇ ਸਨ। ਪਹਿਲਾ ਕਾਨੂੰਨੀ ਲੜਾਈ। ਜਦਕਿ ਦੂਸਰਾ ਤਰੀਕਾ ਸੀ ਆਪਣੇ ਨਿੱਜੀ ਕਾਰਜਾਂ ਸਦਕਾ ਇਸ ਪ੍ਰਥਾ 'ਤੇ ਸੱਟ ਮਾਰਨਾ। ਇੱਕ ਰਾਜੇ ਵਜੋਂ ਉਨ੍ਹਾਂ ਨੇ ਕਾਨੂੰਨ ਬਣਾਏ ਦੂਸਰੇ ਪਾਸੇ ਉਨ੍ਹਾਂ ਨੇ ਗੰਗਾ ਰਾਮ ਵਰਗੇ ਲੋਕਾਂ ਦੀ ਦਿਆਲਤਾ ਨਾਲ ਮਦਦ ਕੀਤੀ। ਸ਼ਾਹੂ ਜੀ ਦੀ ਮੌਤ ਦੇ ਤਿੰਨ ਜਾਂ ਚਾਰ ਸਾਲ ਮਗਰੋਂ ਗੰਗਾ ਰਾਮ ਨੇ ਉਨ੍ਹਾਂ ਦੀ ਯਾਦਗਾਰ ਕਾਇਮ ਕਰਨ ਲਈ ਕਮੇਟੀ ਬਣਾਈ। ਇਸ ਕਮੇਟੀ ਨੇ ਸਾਲ 1925 ਵਿੱਚ ਕੋਹਲਾ-ਪੁਰ ਦੇ ਨਰਸਰੀ ਬਾਗ ਵਿੱਚ ਇੱਕ ਯਾਦਗਾਰ ਕਾਇਮ ਕੀਤੀ। ਇਹ ਸ਼ਾਹੂ ਜੀ ਦੀ ਮਹਾਰਾਸ਼ਟਰ ਵਿੱਚ ਹੀ ਨਹੀਂ ਸਗੋਂ ਪੂਰੇ ਭਾਰਤ ਵਿੱਚ ਹੀ ਪਹਿਲੀ ਯਾਦਗਾਰ ਸੀ। ਇਹ ਗੰਗਾ ਰਾਮ ਦੀ ਅਗਵਾਈ ਵਿੱਚ ਦਲਿਤ ਭਾਈਚਾਰੇ ਨੇ ਕਾਇਮ ਕੀਤੀ ਸੀ। (ਸ਼ਾਹੂ ਜੀ ਦਾ ਜਨਮ 26 ਜੂਨ, 1874 ਈਸਵੀ ਨੂੰ ਹੋਇਆ ਸੀ। ਉਨ੍ਹਾਂ ਨੂੰ ਮਾਹਾਰਸ਼ਟਰ ਦੇ ਲੋਕਤੰਤਰਿਕ ਮਾਹਾਰਾਜ ਕਿਹਾ ਜਾਂਦਾ ਹੈ। ਉਨ੍ਹਾਂ ਨੇ ਆਪਣੇ ਰਾਜਕਾਲ ਵਿੱਚ ਦਲਿਤਾਂ ਦੇ ਪੱਖ ਵਿੱਚ ਸਮਾਜਿਕ ਸੁਧਾਰਾਂ ਦਾ ਮੁੱਢ ਬੰਨ੍ਹਿਆ। ਉਹ ਕੋਹਲਾਪੁਰ ਪ੍ਰਿੰਸਲੀ ਸਟੇਟ ਦੇ ਪਹਲੇ ਮਹਾਰਾਜਾ ਸਨ।)

**(ਇਸ ਲੇਖ ਦੇ ਮੁੱਢ ਵਿੱਚ ਦਿੱਤਾ ਗਿਆ ਵਾਰਤਾਲਾਪ- ਭਾਈ ਮਾਧੋਰਾਓ ਬਾਗਲ ਦੀ ਲਿਖੀ ਵਿਸਥਾਰਿਤ ਕਿਤਾਬ 'ਸ਼੍ਰੀ ਸ਼ਾਹੂ ਮਾਹਾਰਾਜ ਯਨਚਿਆ ਅਥਾਵਨੀ' ਵਿੱਚੋਂ ਲਿਆ ਗਿਆ ਹੈ। ਧੰਨਵਾਦ ਸਹਿਤ)**

# ਸਟਾਰ ਯੂਥ ਕਲੱਬ ਨੇ ਟੀ-20 ਕੱਪ ਜਿੱਤਿਆ



**ਗੁਰਦਾਸਪੁਰ-** ਸਰਕਾਰੀ ਕਾਲਜ ਗੁਰਦਾਸਪੁਰ ਦੇ ਕ੍ਰਿਕਟ ਸਟੇਡੀਅਮ ਵਿਚ ਖੇਡਿਆ ਜਾ ਰਿਹਾ ਟੀ-20 ਕੱਪ ਦਾ ਆਖਰੀ ਮੈਚ ਸਟਾਰ ਯੂਥ ਕਲੱਬ ਨੇ ਤਿੱਬੜ ਕ੍ਰਿਕਟ ਕਲੱਬ ਨੂੰ ਹਰਾ ਕੇ ਸੀਰੀਜ਼ ਨੂੰ 3-0 ਨਾਲ ਜਿੱਤ ਲਿਆ।

ਇਸ ਮੌਕੇ ਨਟਾਲੀ ਰੰਗਮੰਚ ਦੇ ਪ੍ਰਧਾਨ ਗੁਰਮੀਤ ਸਿੰਘ ਪਾਹੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਿਤ ਕੀਤੀ। ਉਹਨਾਂ ਨੂੰ ਸਟਾਰ ਯੂਥ ਕਲੱਬ ਨੇ ਉਚੇਚੇ ਤੌਰ ਤੇ ਸਨਮਾਨਿਤ ਕੀਤਾ। ਇਸ ਮੌਕੇ ਤੇ ਗੁਰਮੀਤ ਸਿੰਘ ਪਾਹੜਾ ਨੇ ਡਾ. ਗੁਰਬੀਰ ਸਿੰਘ ਅਤੇ ਕਲੱਬ ਮੈਂਬਰਾਂ ਦੀ ਨੌਜਵਾਨਾਂ ਵਿਚ ਖੇਡਾਂ ਪ੍ਰਤੀ ਰੁਚੀ ਪੈਦਾ ਕਰਨ ਅਤੇ ਹੋਰ ਸਮਾਜਿਕ ਉਪਰਾਲੇ ਕਰਨ ਦੀ ਸ਼ਾਲਘਾ ਕੀਤੀ।

ਇਸ ਮੌਕੇ ਡਾ. ਗੁਰਬੀਰ ਸਿੰਘ, ਬਲਵੰਤ ਸਿੰਘ, ਸੋਨੂੰ ਸ਼ਰਮਾ, ਹੈਰੀ ਚਾਹਲ, ਮਨੂੰ ਸ਼ਰਮਾ, ਮਨਦੀਪ ਕੁਮਾਰ, ਜਗੀਰ ਚੰਦ, ਦਵਿੰਦਰ ਸਿੰਘ, ਬਬਲੂ ਬੰਸੀ, ਰਾਜਮ ਆਦਿ ਹਾਜ਼ਰ ਸਨ।

# ਮੌਨਸੂਨ ਮੁੜ ਸਰਗਰਮ; ਉੱਤਰੀ ਭਾਰਤ ਨੂੰ ਇਸੇ ਹਫ਼ਤੇ ਮਿਲੇਗੀ ਰਾਹਤ

**ਨਵੀਂ ਦਿੱਲੀ-** ਭਾਰਤ ਦੇ ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਹੁਣ ਤੱਕ ਦੇਸ਼ ਦੇ 25 ਫ਼ੀਸਦੀ ਤੋਂ ਘੱਟ ਹਿੱਸੇ ਵਿੱਚ ਆਮ ਜਾਂ ਆਮ ਨਾਲੋਂ ਵੱਧ ਮੀਂਹ ਪਿਆ ਹੈ। ਇਸ ਦੇ ਨਾਲ ਹੀ ਅੱਜ ਮੌਸਮ ਵਿਗਿਆਨੀਆਂ ਨੇ ਕਿਹਾ ਕਿ ਚੱਲ ਰਹੇ ਹਫ਼ਤੇ ਦੇ ਇਨ੍ਹਾਂ ਆਖ਼ਰੀ ਦਿਨਾਂ ਵਿੱਚ ਮੌਨਸੂਨ ਮੁੜ ਸਰਗਰਮ ਹੋ ਗਿਆ ਹੈ ਅਤੇ ਹੌਲੀ-ਹੌਲੀ ਅੱਗੇ ਵੱਧ ਰਿਹਾ ਹੈ।

ਮੌਸਮ ਵਿਭਾਗ ਅਨੁਸਾਰ ਕੇਂਦਰੀ ਤੇ ਉੱਤਰੀ ਭਾਰਤ ਦੇ ਮੈਦਾਨੀ ਇਲਾਕੇ ਜਿੱਥੇ ਕਿ ਕਾਫੀ ਗਰਮੀ ਪੈ ਰਹੀ ਹੈ, ਨੂੰ ਅਗਲੇ ਦੋ-ਤਿੰਨ ਦਿਨਾਂ ਵਿੱਚ ਕੁਝ ਰਾਹਤ ਮਿਲ ਸਕਦੀ ਹੈ। ਮੌਸਮ ਵਿਭਾਗ ਦੇ ਵਧੀਕ ਡਾਇਰੈਕਟਰ ਜਨਰਲ ਮ੍ਰਿਤੁੰਜਯ ਮਹਾਪਾਤਰਾ ਨੇ ਕਿਹਾ ਕਿ ਉੱਤਰ-ਪੱਛਮੀ ਭਾਰਤ ਵਿੱਚ 27 ਜੂਨ ਤੋਂ ਮੌਨਸੂਨ ਤੋਂ ਪਹਿਲਾਂ ਦੇ ਮੀਂਹ ਦੇ ਹਾਲਾਤ ਬਣ ਰਹੇ ਹਨ। ਦਿੱਲੀ ਵਿੱਚ ਮੌਨਸੂਨ 29 ਜੂਨ ਨੂੰ ਪਹੁੰਚਣ ਦੀ ਆਸ ਹੈ ਜੋ ਕੌਮੀ ਰਾਜਧਾਨੀ ਦਿੱਲੀ ਵਿੱਚ ਮੌਨਸੂਨ ਦੇ ਪਹੁੰਚਣ ਦੀ ਆਮ ਤਰੀਕ ਹੈ। ਸ੍ਰੀ ਮਹਾਪਾਤਰ ਨੇ ਕਿਹਾ ਕਿ ਮੌਨਸੂਨ 23 ਜੂਨ ਤੋਂ ਮਜ਼ਬੂਤ ਹੋਇਆ ਹੈ। ਦੱਖਣ-ਪੱਛਮੀ ਮੌਨਸੂਨ ਨਿਰਧਾਰਤ ਆਮ ਤਰੀਕ ਤੋਂ ਤਿੰਨ ਦਿਨ ਪਹਿਲਾਂ 29 ਮਈ ਨੂੰ ਪਹੁੰਚਿਆ ਅਤੇ ਕੇਰਲ, ਮਹਾਰਾਸ਼ਟਰ ਤੇ ਦੱਖਣੀ ਗੁਜਰਾਤ ਦੇ ਤੱਟਵਰਤੀ ਇਲਾਕਿਆਂ ਵਿੱਚ ਮੀਂਹ ਪਿਆ। ਹਾਲਾਂਕਿ ਕੱਲ੍ਹ ਤੱਕ ਕੁੱਲ ਮਿਲਾ ਕੇ ਮੀਂਹ ਆਮ ਨਾਲੋਂ 10 ਫ਼ੀਸਦੀ ਘੱਟ ਪਿਆ।

## ਰਾਜ ਕਰਨ ਮਾਫੀਏ?



ਤਰਲੋਚਨ ਸਿੰਘ ਦੁਪਾਲਪੁਰ
001-408-915-1268

ਜਾਪੇ ਹੱਥ ਪ੍ਰਸ਼ਾਸਨ ਨੇ ਖੜ੍ਹੇ ਕਰ 'ਤੇ
ਚੱਲੇ ਹੁਕਮ ਨਾ ਕਿਤੇ ਸਰਕਾਰ ਦਾ ਜੀ।

ਪੈਣ 'ਪੋਸਟਾਂ' ਜੇਲ੍ਹਾਂ ਦੇ ਅੰਦਰੋਂ ਹੀ
ਮੁਖੀਆ 'ਗੈਂਗ' ਦਾ ਪੂਰਾ ਲਲਕਾਰਦਾ ਜੀ।

ਧੰਦਾ ਆ ਗਿਆ ਰਾਸ ਹੈ ਗੁੰਡਿਆਂ ਨੂੰ
ਚਿੱਟੇ -ਰੇਤ ਦੇ 'ਗਰਮ' ਵਿਉਪਾਰ ਦਾ ਜੀ।

ਮਾਵਾਂ ਪੁੱਤਾਂ ਨੂੰ ਕਿੱਥੇ ਲੈ ਜਾਣ ਯਾਰੋ
ਦੈਂਤ ਨਸ਼ਿਆਂ ਦਾ ਫਿਰਦਾ ਐ ਮਾਰਦਾ ਜੀ।

ਸੁੱਝੇ ਕੁਝ ਨਾ ਹੋਏ ਲਾਚਾਰ ਲਗਦੇ
ਫਸੇ ਪਏ ਨੇ ਲੋਕ ਅਜ਼ਾਬ ਅੰਦਰ।

ਚੁਣੀ ਹੋਈ ਸਰਕਾਰ ਦੇ ਹੁੰਦਿਆਂ ਵੀ
ਕਰਦੇ 'ਮਾਫੀਏ' ਰਾਜ ਪੰਜਾਬ ਅੰਦਰ।

## ਸੁਪਨਾ

ਤੈਨੂੰ ਬਾਹਰ ਦਾ ਸੀ ਚਾਅ ਜਾ ਕੇ ਕਰਾਂਗਾ ਕਮਾਈਆਂ
ਜਦੋਂ ਪਿਆ ਵੇ ਵਿਛੋੜਾ ਸ਼ੁਰੂ ਕੀਤੀਆਂ ਲੜਾਈਆਂ
ਮੱਤਾ ਬੰਦਿਆਂ ਸੀ ਵਾਂਗ ਗੱਲਾਂ ਕਿਵੇਂ ਸਮਝਾਈਆਂ
ਤੇਰੀ ਵੇਖ ਲਈ ਹਿੰਡ ਗੱਲਾਂ ਕਰਦਾ ਹੈ ਪਿੰਡ
ਸਾਰੀ ਗੱਲਬਾਤ ਤੈਨੂੰ ਸਮਝਾਉਣ ਲੱਗੀ
ਹੁਣ ਫੋਟ ਕੱਟ ਦੇ ਤੂੰ ਮਾਹੀ ਮੇਰੇ ਸੌਂ ਜਾ ਵੇ
ਤੇਰੇ ਸੁਪਨੇ 'ਚ ਮੈਂ ਤਾਂ ਹੁਣ ਆਉਣ ਲੱਗੀ।

ਤੂੰ ਬਾਤ ਪਾਈ ਬੱਸ ਮੈਂ ਤਾਂ ਭਰਾਂਗੀ ਹੁੰਗਾਰਾ
ਨਾ ਕੋਈ ਦਿਸੇਗਾ ਤਾਂ ਉਦੋਂ ਫਿਰ ਚੰਨ ਅਤੇ ਤਾਰਾ
ਪੌਣ ਵੱਗਦੀ ਪੁਰੇ ਤੋਂ ਹੁੰਦਾ ਵੱਖਰਾ ਨਜ਼ਾਰਾ
ਮੁੱਲ ਸੁਪਨਾ ਤਾਂ ਮੋੜੇ ਟੁੱਟੇ ਦਿਨ ਵੀ ਤਾਂ ਜੋੜੇ
ਬੱਸ ਥੋੜ੍ਹਾ ਬਹੁਤ ਦੁੱਖ ਤਾਂ ਵੰਡਾਉਣ ਲੱਗੀ
ਫੋਟ ਕੱਟ ਦੇ ਤੂੰ ਮਾਹੀ ਮੇਰੇ ਸੌਂ ਜਾ ਵੇ ਤੇਰੇ ਸੁਪਨੇ 'ਚ ...

ਨਿੱਤ ਉਡੀਕਦਾ ਰਹੇਗਾ ਕਦੋਂ ਸੁਪਨਾ ਤਾਂ ਆਵੇ
ਸੁਪਨੇ ਦੀ ਯਾਦ ਬੰਦਾ ਕਦੇ ਨਾ ਭੁਲਾਵੇ
ਜਿਹੜਾ ਛੱਡ ਯਾਦਾਂ ਜਾਵੇ, ਫਿਰ ਸਦਾ ਹੀ ਸਤਾਵੇ
ਤੈਨੂੰ ਪਤਾ ਲੱਗ ਜਾਊ ਤੇਰਾ ਦਿਲ ਖੜ੍ਹ ਜਾਊ
ਤਾਹੀਉਂ ਵਾਰ ਵਾਰ ਗੱਲਾਂ ਦਰਸਾਉਣ ਲੱਗੀ
ਫੋਟ ਕੱਟ ਦੇ ਤੂੰ ਮਾਹੀ ਮੇਰੇ ਸੌਂ ਜਾ ਵੇ ਤੇਰੇ ਸੁਪਨੇ 'ਚ ..

ਹਾਰ ਹੰਭ ਕੇ ਨੀ ਤੇ ਕੁੜੀਆਂ ਨੇ ਆਵਾਜ਼ ਮੈਨੂੰ ਮਾਰੀ
ਛੱਡ ਫੋਨ ਦਾ ਨੀ ਖਹਿੜਾ ਆ ਕੇ ਕੱਢ ਫੁਲਕਾਰੀ
ਫੋਨ ਕੱਟ ਦਿੱਤਾ ਵੱਜ ਗਈ ਸੀਨੇ ਤਾਂ ਕਟਾਰੀ
ਨਾ ਗੱਲ ਰਹੀ ਵੱਸ ਫਿਰ ਮੈਂ ਵੀ ਦਿੱਤਾ ਦੱਸ
'ਦੇਵ ਘੋਲੀਏ' ਦਾ ਰੁੱਸਿਆ ਮਨਾਉਣ ਲੱਗੀ
ਹੁਣ ਫੋਨ ਕੱਟ ਦੇ ਤੂੰ ਮਾਹੀ ਮੇਰੇ ਸੌਂ ਜਾ ਵੇ
ਤੇਰੇ ਸੁਪਨੇ 'ਚ ਮੈਂ ਤਾਂ ਹੁਣ ਆਉਣ ਲੱਗੀ।



**- ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
**559-232-7764**

## ਜੇਹਾ ਦਿਸਿਆ ਤੇਹਾ ਲਿਖਿਆ

# ਸਿੱਖਿਆ ਖੇਤਰ ਵਿੱਚ ਸੁਧਾਰ ਲਈ ਸਿਆਸਤਦਾਨਾਂ ਨੂੰ ਵੀ ਅੱਗੇ ਆਉਣਾ ਚਾਹੀਦੈ



ਮਨਦੀਪ ਖੁਰਮੀ ਹਿੰਮਤਪੁਰਾ

ਸਿਹਤ, ਵਿੱਦਿਆ ਤੇ ਰੁਜ਼ਗਾਰ ਦੇ ਸਾਧਨਾਂ ਦਾ ਲੋੜ ਅਨੁਸਾਰ ਮੁਹੱਈਆ ਹੋਣਾ ਕਿਸੇ ਵੀ ਸਮਾਜ ਦੇ ਨਰੋਏਪਨ ਦੀ ਨਿਸ਼ਾਨੀ ਹੁੰਦੀ ਹੈ। ਇਹਨਾਂ ਤਿੰਨਾਂ ਵਿੱਚੋਂ ਕਿਸੇ ਇੱਕ ਵੀ ਖੇਤਰ ਦਾ ਅਸਾਂਵਾਂਪਨ ਸਮਾਜ ਦੀਆਂ ਜੜ੍ਹਾਂ 'ਚ ਸਿਉਂਕ ਦਾ ਕੰਮ ਕਰਦੈ। ਜਿਵੇਂ ਸਰੀਰ ਦੀ ਤੰਦਰੁਸਤੀ ਲਈ ਵੱਖ ਵੱਖ ਖਾਧ ਪਦਾਰਥ, ਪੀਣ ਵਾਲੇ ਪਦਾਰਥ, ਆਕਸੀਜਨ, ਵਿਟਾਮਿਨ ਆਦਿ ਬੇਹੱਦ ਜਰੂਰੀ ਹੁੰਦੇ ਹਨ, ਉਸੇ ਤਰਾਂ ਹੀ ਸਿਹਤ, ਵਿੱਦਿਆ ਤੇ ਰੁਜ਼ਗਾਰ ਵਰਗੀਆਂ ਸਹੂਲਤਾਂ ਦੀ ਘਾਟ ਸਮਾਜ ਨੂੰ ਰੋਗੀ ਬਣਾ ਧਰਦੀਆਂ ਹਨ। ਸਮਾਜ ਵਿੱਚ ਆਪਹੁਦਰਾਪਨ, ਗੈਰ ਸਮਾਜਿਕ ਕਾਰਵਾਈਆਂ ਦੀ ਬਹੁਤਾਤ ਲਈ ਕਿਸੇ ਨਾ ਕਿਸੇ ਨਜ਼ਰੀਏ ਤੋਂ ਇਹਨਾਂ ਤਿੰਨਾਂ ਦੇ ਸਮਤੋਲ ਦੀ ਗੜਬੜ ਜਿੰਮੇਵਾਰ ਹੋ ਨਿੱਬੜਦੀ ਹੈ। ਵਿਸ਼ੇਸ਼ ਤੌਰ 'ਤੇ ਸਿੱਖਿਆ ਖੇਤਰ ਦੀ ਗੱਲ ਕਰੀਏ ਤਾਂ ਅਗਾਂਹਵਧੂ ਮੁਲਕਾਂ ਦੀ ਸੋਚ ਇਸ ਵਿਚਾਰ 'ਤੇ ਟਿਕੀ ਹੁੰਦੀ ਹੈ ਕਿ ਇਸ ਬੇਹੱਦ ਸੂਖਮਤਾ ਵਾਲੇ ਖੇਤਰ ਦੀ ਪ੍ਰਤੀਨਿਧਤਾ ਕਰਨ ਲਈ ਮੰਤਰੀ ਪਦ ਲਈ ਉਸੇ ਖੇਤਰ ਪ੍ਰਤੀ ਗੂੜ-ਤਜ਼ਰਬਾ ਰੱਖਦੇ ਕਿਸੇ ਵਿਅਕਤੀ ਨੂੰ ਚੁਣਿਆ ਜਾਵੇ ਪਰ ਭਾਰਤੀ ਸਿਆਸਤ ਦਾ ਗੰਧਲਾਪਣ ਹੀ ਕਿਹਾ ਜਾ ਸਕਦਾ ਹੈ ਕਿ ਕਿਸੇ ਅਹੁਦੇ ਲਈ ਚੋਣ ਹੀ ਉਸ ਵਿਅਕਤੀ ਦੀ ਕੀਤੀ ਜਾਂਦੀ ਹੈ, ਜਿਹੜਾ ਕਿਸੇ ਪਾਸਿਉਂ ਵੀ ਉਸ ਸੈਂਚੇ ਵਿੱਚ ਫਿੱਟ ਨਾ ਬੈਠਦਾ ਹੋਵੇ। ਕਿਸੇ ਅੱਠ ਦਸ ਜਮਾਤਾਂ ਪੜ੍ਹੇ ਵਿਅਕਤੀ ਨੂੰ ਉੱਚ ਸਿੱਖਿਆ ਖੇਤਰ ਨਾਲ ਸੰਬੰਧਤ ਅਹੁਦਾ ਦੇ ਕੇ ਨਿਵਾਜ ਦਿੱਤਾ ਜਾਂਦੈ ਜਾਂ ਉਸ ਵਿਅਕਤੀ ਨੂੰ ਸਿੱਖਿਆ ਖੇਤਰ ਦਾ 'ਲੰਬੜਦਾਰ' ਥਾਪ ਦਿੱਤਾ ਜਾਂਦੈ, ਜਿਸਨੂੰ ਕਿਸੇ ਵਿਸ਼ੇਸ਼ ਖਿੱਤੇ ਦੀ ਭਾਸ਼ਾ ਦਾ ਹੀ ਗਿਆਨ ਨਾ ਹੋਵੇ। ਸਾਡੀ ਸਿਆਸਤ ਵਿੱਚ ਅੰਨੇ ਨੂੰ ਬੋਲਾ ਘੜੀਸੀ ਫਿਰਦੈ। ਇਹੀ ਖਾਸ ਵਜਾ ਹੈ ਕਿ ਸਿੱਖਿਆ ਖੇਤਰ ਵਿੱਚ ਕੋਈ ਵੀ ਠੋਸ ਨੀਤੀ ਨਾ ਤਾਂ ਉਲੀਕੀ ਜਾ ਸਕੀ ਹੈ ਤੇ ਨਾ ਹੀ ਲਾਗੂ ਹੋ ਸਕੀ। ਪੰਜਾਬ ਦੇ ਸਿੱਖਿਆ ਖੇਤਰ ਦੀ ਗੱਲ ਕਰੀਏ ਤਾਂ ਹੁਣ ਤੱਕ ਪੰਜਾਬ ਦਾ ਸਿੱਖਿਆ ਖੇਤਰ ਨਵੇਂ ਨਵੇਂ ਤਜ਼ਰਬਿਆਂ ਦੀ ਧਰਾਤਲ ਬਣਿਆ ਨਜ਼ਰ ਆਉਂਦਾ ਹੈ। ਅਕਾਲੀ-ਕਾਂਗਰਸੀਆਂ ਦੀ ਵਾਰੀ-ਵੱਟੇ ਦੀ ਰਾਨਜੀਤੀ ਵਿੱਚ ਇਹੀ ਅਮਲ ਰਿਹਾ ਹੈ ਕਿ ਇੱਕ ਪਾਰਟੀ ਤੋਂ ਬਾਅਦ ਦੂਜੀ ਪਾਰਟੀ ਸੱਤਾ ਵਿੱਚ ਆ ਕੇ ਪਹਿਲੀ ਦੀਆਂ ਨੀਤੀਆਂ ਨੂੰ ਨਕਾਰ ਕੇ ਆਪਣੀਆਂ ਲਾਗੂ ਕਰਨ 'ਚ ਵਧੇਰੇ ਵਿਸ਼ਵਾਸ਼ ਰੱਖਦੀ ਰਹੀ ਹੈ। ਇਹੀ ਵਜਾ ਹੈ ਕਿ ਪੰਜਾਬ ਦੇ ਸਿੱਖਿਆ ਖੇਤਰ ਨੇ ਅਜੇ ਵੀ ਸੇਰ ਵਿੱਚੋਂ ਪੂਣੀ ਨਹੀਂ ਕੱਤੀ। ਪੰਜਾਬ ਦੀ ਨਵੀ ਕਾਂਗਰਸ ਸਰਕਾਰ ਵੱਲੋਂ ਪੰਜਾਬ ਦੇ ਸਿੱਖਿਆ ਖੇਤਰ ਵਿੱਚ ਸੁਧਾਰ ਦੀ ਮਨਸ਼ਾ ਨਾਲ ਨਵੀਂ ਨੀਤੀ ਉਲੀਕਣ ਦੀਆਂ ਕਨਸੋਆਂ ਮਿਲ ਰਹੀਆਂ ਹਨ। ਸੁਣਨ 'ਚ ਆਇਆ ਹੈ ਕਿ ਮੁੱਖ ਮੰਤਰੀ ਵੱਲੋਂ ਅਜਿਹੀ ਨੀਤੀ ਤਿਆਰ ਕਰਵਾਈ ਜਾ ਰਹੀ ਹੈ, ਜਿਸ ਤਹਿਤ ਇਹ ਪ੍ਰਬੰਧ ਹੋਵੇਗਾ ਕਿ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜਾਉਣ ਦੀ 'ਸ਼ਰਤ' ਰੱਖੀ ਜਾਵੇਗੀ। ਨਾ ਮੰਨਣ ਵਾਲੇ ਕਰਮਚਾਰੀਆਂ ਨੂੰ ਸਰਕਾਰੀ ਨੌਕਰੀ ਵਿੱਚ ਤਰੱਕੀ ਜਾਂ ਤਨਖਾਹ 'ਚ ਵਾਧਾ ਹੋਣ ਵਰਗੀਆਂ ਸਹੂਲਤਾਂ ਮਿਲਣ ਵਿੱਚ ਅੜਿੱਕੇ ਪੈਣਗੇ। ਚਪੜਾਸੀ ਤੋਂ ਲੈ ਕੇ ਉੱਚ ਅਹੁਦੇ 'ਤੇ ਬਿਰਾਜਮਾਨ ਸਰਕਾਰੀ ਅਫ਼ਸਰਾਂ ਦੇ ਜੁਆਕਾਂ ਨੂੰ ਸਰਕਾਰੀ ਸਕੂਲਾਂ 'ਚ ਦਾਖਲ ਕਰਵਾਉਣ ਦੀ ਨੀਤੀ ਦੀ ਕਨਸੋਅ ਨੇ ਵਿਸ਼ਵ ਭਰ ਵਿੱਚ ਬੈਠੇ ਪੰਜਾਬੀਆਂ ਦਾ ਧਿਆਨ ਖਿੱਚਿਆ ਹੈ। ਜੇਕਰ ਅਜਿਹਾ ਫੈਸਲਾ ਹਕੀਕਤ ਬਣ ਜਾਂਦਾ ਹੈ ਤਾਂ ਸਿੱਖਿਆ ਖੇਤਰ ਵਿੱਚ ਸੁਧਾਰ ਦੀ ਗੁੰਜਾਇਸ਼ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਦਾਹਰਣ ਵਜੋਂ ਜੇਕਰ ਕਿਸੇ ਡਿਪਟੀ ਕਮਿਸ਼ਨਰ, ਜਿਲਾ ਸਿੱਖਿਆ ਅਫ਼ਸਰ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਮਜ਼ਦੂਰਾਂ ਕਿਸਾਨਾਂ ਦੇ ਬੱਚਿਆਂ ਵਿੱਚ ਵਿਚਰ ਕੇ ਸਰਕਾਰੀ ਸਕੂਲਾਂ ਦੀ ਪੜਾਈ ਦਾ 'ਲੁਤਫ਼' ਲੈਣਗੇ ਤਾਂ ਉਹਨਾਂ ਬੱਚਿਆਂ ਦੇ ਸਰਕਾਰੀ ਅਫ਼ਸਰ ਮਾਪਿਆਂ ਨੂੰ ਸਹਿਜੇ ਹੀ ਗਿਆਨ ਹੋ ਜਾਵੇਗਾ ਕਿ ਗੈਰ-ਵਿੱਦਿਅਕ ਕੰਮਾਂ ਵਿੱਚ ਨੱਕ ਨੱਕ ਡੋਬੇ ਅਧਿਆਪਕਾਂ ਕੋਲ ਪੜਾਉਣ ਲਈ ਕਿਹੜਾ ਸਮਾਂ ਬਚਦਾ ਹੋਵੇਗਾ? ਉਹ ਅੰਦਾਜ਼ਾ ਲਗਾ ਸਕਣਗੇ ਕਿ ਠੇਕੇ 'ਤੇ ਭਰਤੀ ਕੀਤੇ ਸਿੱਖਿਆ-ਕਰਮੀ ਤਨਖਾਹਾਂ ਖੁਣੋਂ ਕਿਵੇਂ ਵਿਰ ਵਿਰ ਕਰਦੇ ਰਹਿੰਦੇ ਹਨ? ਉਹਨਾਂ ਨੂੰ ਪਤਾ ਲੱਗੇਗਾ ਕਿ ਕਿਵੇਂ ਅਧਿਆਪਕਾਂ ਨੂੰ ਅਧਿਆਪਨ ਨਾਲੋਂ ਜਿਆਦਾ ਰਸੋਈਏ ਦੀ ਜਿੰਮੇਵਾਰੀ ਨਿਭਾਉਣੀ ਪੈਂਦੀ ਹੈ। ਇਹਨਾਂ ਸਤਰਾਂ ਦਾ ਲੇਖਕ ਸਰਕਾਰ ਦੀ ਸੰਭਾਵੀ ਨੀਤੀ ਨਾਲ ਬਹੁਤ ਹੱਦ ਤੱਕ ਸਹਿਮਤ ਵੀ ਹੈ, ਪਰ ਕੁਝ ਹੱਦ ਤੱਕ ਸਹਿਮਤ ਇਸ ਕਰਕੇ ਵੀ ਨਹੀਂ ਕਿ ਇਸ ਤਰਾਂ ਦੀ ਨੀਤੀ ਦੇ ਲਪੇਟੇ 'ਚ ਸਿਰਫ ਸਰਕਾਰੀ ਕਰਮਚਾਰੀ ਹੀ ਕਿਉਂ? ਕੀ ਕਿਸੇ ਵੀ ਖੇਤਰ ਨਾਲ ਸੰਬੰਧਤ ਨੀਤੀਆਂ ਦਾ ਨਿਰਮਾਣ ਸਰਕਾਰੀ ਕਰਮਚਾਰੀ ਕਰਦੇ ਹਨ? ਬਿਲਕੁਲ ਨਹੀ, ਉਹਨਾਂ ਕੋਲੋਂ ਰਾਇ ਤਾਂ ਲਈ ਜਾ ਸਕਦੀ ਹੈ, ਜਦਕਿ ਉਹਨਾਂ ਨੀਤੀਆਂ ਨੂੰ ਲਾਗੂ ਕਰਨ ਦੀ ਮੋਹਰ ਤਾਂ ਲੋਕਾਂ ਦੁਆਰਾ ਵੋਟਾਂ ਪਾ ਕੇ ਚੁਣੇ ਨੁਮਾਇੰਦੇ ਹੀ ਲਾਉਂਦੇ ਹਨ।

ਅਜਿਹੇ ਮਾਹੌਲ ਵਿੱਚ ਇਸ ਨੀਤੀ ਵਿੱਚੋਂ ਉਹਨਾਂ ਸਿਆਸਤਦਾਨਾਂ ਨੂੰ ਬਾਹਰ ਰੱਖਣਾ ਵੀ ਸਿਆਸਤੀ ਵਲ-ਫੇਰ ਹੀ ਕਿਹਾ ਜਾਵੇਗਾ, ਜਿਹੜੇ ਸਰਕਾਰੀ ਖਜ਼ਾਨੇ ਨੂੰ ਸਰਕਾਰੀ ਕਰਮਚਾਰੀਆਂ ਨਾਲੋਂ ਕਿਤੇ ਵੱਡਾ ਧੱਫੜ ਪਾਉਂਦੇ ਹਨ। ਸਰਕਾਰੀ ਕਰਮਚਾਰੀ ਤਾਂ ਫਿਰ ਵੀ ਆਪਣੀ ਵਿੱਦਿਅਕ ਯੋਗਤਾ ਦੀਆਂ ਪੌੜੀਆਂ ਚੜ ਕੇ ਕਿਸੇ ਅਹੁਦੇ 'ਤੇ ਬੈਠਦੇ ਹਨ ਪਰ ਸਿਆਸਤ ਵਿੱਚ ਕਈ ਵਾਰ ਯੋਗਤਾ ਵਿਹੂਣੇ ਲੋਕ ਵੀ ਪੜ੍ਹੇ-ਲਿਖੇ ਅਫ਼ਸਰਾਂ ਨੂੰ ਰੋਹਬ ਮਾਰਨ ਵਾਲੀਆਂ ਕੁਰਸੀਆਂ 'ਤੇ ਬਿਰਾਜ਼ਮਾਨ ਹੋਏ ਦੇਖੇ ਹਨ।

ਜੇ ਸਰਕਾਰ ਨੇ ਸਚਮੁੱਚ ਹੀ ਇਮਾਨਦਾਰੀ ਨਾਲ ਸਿੱਖਿਆ ਖੇਤਰ ਵਿੱਚ ਸੁਧਾਰ ਕਰਨ ਦੀ ਪਾਕ-ਪਵਿੱਤਰ ਸੋਚ ਧਾਰੀ ਹੈ ਤਾਂ ਪਿੰਡ ਦੇ ਪੰਚਾਂ, ਸਰਪੰਚ, ਬਲਾਕ ਸੰਮਤੀ ਮੈਂਬਰ, ਜਿਲਾ ਪ੍ਰੀਸ਼ਦ ਮੈਂਬਰ, ਚੇਅਰਮੈਨ, ਵਿਧਾਇਕ, ਮੈਂਬਰ ਪਾਰਲੀਮੈਂਟ ਸਮੇਤ ਉਹਨਾਂ ਸਭ ਨੂੰ ਇਸ ਨੀਤੀ ਦੇ ਘੇਰੇ 'ਚ ਲਿਆਉਣਾ ਯਕੀਨੀ ਬਨਾਉਣਾ ਚਾਹੀਦਾ ਹੈ। ਫਿਰ ਉਹਨਾਂ ਸਿਆਸਤਦਾਨਾਂ ਦੇ ਮਨਾਂ ਅੰਦਰਲਾ ਸੱਚ ਵੀ ਸਾਹਮਣੇ ਆ ਜਾਵੇਗਾ, ਜੋ ਆਪਣੇ ਆਪ ਨੂੰ ਜਨਤਾ ਦੇ ਸੇਵਕ ਕਹਿ ਕੇ ਜਨਤਾ ਦੀਆਂ ਵੋਟਾਂ ਨਾਲ ਉੱਚੀਆਂ ਕੁਰਸੀਆਂ ਦਾ ਆਨੰਦ ਅਤੇ ਸਾਰੀ ਜ਼ਿੰਦਗੀ ਸ਼ਾਹੀ ਸਹੂਲਤਾਂ ਦਾ ਲੁਤਫ਼ ਲੈਣ ਜੋਕਰੇ ਹੋ ਜਾਂਦੇ ਹਨ। ਜੇਕਰ ਸਰਕਾਰ ਵੱਲੋਂ ਇਸ ਨੀਤੀ ਨੂੰ ਹਰੀ ਝੰਡੀ ਦੇ ਦਿੱਤੀ ਜਾਂਦੀ ਹੈ ਤਾਂ ਪੰਜਾਬ ਦੀਆਂ ਸਮੁੱਚੀਆਂ ਰਾਜਨੀਤਕ ਧਿਰਾਂ ਦੇ ਜੇਤੂ ਸਿਆਸਤਦਾਨਾਂ ਕੋਲੋਂ ਉਮੀਦ ਕਰਨੀ ਬਣਦੀ ਹੈ, ਜੋ ਬਾਂਹ ਕੱਢ ਕੇ ਖੁਦ ਇਹ ਆਖੇ ਕਿ ਸਾਨੂੰ ਲੋਕਾਂ ਨੇ ਨੁਮਾਇੰਦਗੀ ਕਰਨ ਦੀ ਸ਼ਕਤੀ ਬਖ਼ਸ਼ੀ ਹੈ ਤੇ ਅਸੀਂ ਆਪਣੇ ਬੱਚਿਆਂ ਨੂੰ ਆਮ ਲੋਕਾਂ ਦੇ ਬੱਚਿਆਂ ਨਾਲ ਸਰਕਾਰੀ ਸਕੂਲਾਂ ਵਿੱਚ ਪੜਾਉਣ ਲਈ ਸਵੈ-ਇੱਛਾ ਨਾਲ ਰਜ਼ਾਮੰਦ ਹਾਂ। ਬੇਸ਼ੱਕ ਇਹ ਗੱਲ ਦਿਨੇ ਦੇਖੇ ਸੁਪਨੇ ਜਾਂ ਊਠ ਦਾ ਬੁੱਲ ਡਿੱਗਣ ਦੀ ਉਮੀਦ ਵਾਂਗ ਦੇਖੀ ਜਾਵੇ ਪਰ ਸੋਚਣ ਲਈ ਮਜ਼ਬੂਰ ਜਰੂਰ ਕਰਦੀ ਹੈ ਕਿ ਜੇਕਰ ਪੰਜਾਬ ਦੇ ਸਿਆਸਤਦਾਨ (ਬੇਸ਼ੱਕ ਉਹ ਖੁਦ ਮੁੱਖ ਮੰਤਰੀ ਹੀ ਕਿਉਂ ਨਾ ਹੋਣ) ਇਸ ਨੀਤੀ ਨੂੰ ਸਮਰਥਨ ਦੇ ਕੇ ਆਪਣੇ ਬੱਚੇ ਸਰਕਾਰੀ ਸਕੂਲਾਂ 'ਚ ਪੜਾਉਣ ਦੀ ਹਾਮੀ ਭਰਦੇ ਹਨ ਤਾਂ ਪੰਜਾਬ ਦੇ ਪਿੰਡੇ 'ਤੇ ਲੱਗੇ ਵਿੱਦਿਆ ਮਹਿੰਗੇ ਭਾਅ ਵੇਚਣ ਵਾਲੇ ਚਿੱਚੜ ਆਪਣੇ ਆਪ ਝੜ ਜਾਣਗੇ। ਸਿੱਖਿਆ ਖੇਤਰ ਵਿੱਚ ਹੋਣ ਵਾਲਾ ਭਵਿੱਖੀ ਸੁਧਾਰ ਪੂਰੇ ਦੇਸ਼ ਵਿੱਚ ਪੰਜਾਬ ਨੂੰ ਸ਼ਾਬਾਸ਼ੀ ਦਿਵਾਏਗਾ। ਪਰ ਜੇਕਰ ਇਸ ਨੀਤੀ ਦਾ ਮੁੱਖ ਮਕਸਦ ਸਰਕਾਰੀ ਕਰਮਚਾਰੀਆਂ 'ਤੇ ਨਜ਼ਲਾ ਝਾੜਨਾ ਹੀ ਹੈ ਤਾਂ ਮੁੱਖ ਮੰਤਰੀ ਪੰਜਾਬ ਵੱਲੋਂ ਕੀਤੀ ਜਾ ਰਹੀ ਸੁਧਾਰ ਦੀ ਉਮੀਦ ਗਧੇ ਦੇ ਸਿੰਗਾਂ ਵਾਂਗ ਕਿਸੇ ਨੂੰ ਨਹੀਂ ਦਿਸਣੀ। ਹਾਲ ਦੀ ਘੜੀ ਜੇ ਕਿਸੇ ਵੀ ਖੇਤਰ ਵਿੱਚ ਅੱਗੇ ਵਧਣਾ ਹੈ ਤਾਂ ਸਭ ਤੋਂ ਪਹਿਲਾਂ ਸਿਆਸਤਦਾਨਾਂ ਨੂੰ ਉਦਾਹਰਣ ਪੇਸ਼ ਕਰਨੀ ਪਵੇਗੀ ਤਾਂ ਜੋ ਸਰਕਾਰ ਦੀ ਠੋਸੀ ਗਈ ਨੀਤੀ ਸਰਕਾਰੀ ਕਰਮਚਾਰੀਆਂ ਨੂੰ ਤਾਨਾਸ਼ਾਹੀ ਰਵੱਈਆ ਨਾ ਲੱਗੇ।

## ਖਾਲਸੇ ਦੀ ਧਰਤੀ ਰੋਪੜ ਕਾਂਡ ਦੇ ਸੁਨੇਹਾ

# ਰੇਤ ਮਾਫੀਆ ਬਨਾਮ ਪੱਗ, ਪੁਲਿਸ, ਪੱਤਰਕਾਰਤਾ ਅਤੇ ਲੋਕ ਨੁਮਾਇੰਦੇ



ਗੁਰਪ੍ਰੀਤ ਸਿੰਘ ਮਹਿਦੂਦਾਂ
91-98889-75440

ਬੀਤੇ ਦਿਨ ਖਾਲਸੇ ਦੀ ਧਰਤੀ ਰੋਪੜ ਵਿਖੇ ਰੇਤ ਮਾਫੀਆ ਅਤੇ ਲੋਕਾਂ ਦੇ ਚੁਣੇ ਨੁਮਾਇੰਦੇ ਦਰਮਿਆਨ ਪੱਤਰਕਾਰਾਂ ਅਤੇ ਪੁਲਿਸ ਦੇ ਸੁਰੱਖਿਆ ਗਾਰਡਾਂ ਦੀ ਹਾਜਰੀ ਵਿੱਚ ਜੋ ਅਤਿਨਿੰਦਣਯੋਗ ਝੜਪ ਹੋਈ ਉਹ ਕਈ ਸੁਨੇਹੇ ਛੱਡ ਗਈ ਹੈ ਜੋ ਗੰਭੀਰ ਚਿੰਤਨ ਦੀ ਮੰਗ ਕਰਦੇ ਹਨ। ਇਹਨਾਂ ਤੇ ਚਰਚਾ ਕਰਨ ਤੋਂ ਪਹਿਲਾਂ ਪੂਰੀ ਘਟਨਾ ਦਾ ਸੰਖੇਪ ਵੇਰਵਾ ਦੇਣਾ ਵੀ ਜਰੂਰੀ ਹੈ। ਰੋਪੜ ਹੁਣ ਰੂਪਨਗਰ ਜਿਲੇ ਦੇ ਨੂਰਪੁਰ ਬੇਦੀ ਬਲਾਕ ਦੇ ਪਿੰਡ ਬੇਈਂਹਾਰਾ 'ਚ ਪ੍ਰਸ਼ਾਸਨ ਦੀ ਪਾਬੰਧੀ ਦੇ ਬਾਵਜੂਦ ਨਜਾਇਜ ਮਾਈਨਿੰਗ ਧੜੱਲੇ ਨਾਲ ਹੋ ਰਹੀ ਸੀ। ਜਿਸ ਤੇ ਰੋਕ ਲਈ ਆਮ ਆਦਮੀਂ ਪਾਰਟੀ ਦੇ ਰੂਪਨਗਰ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਅਵਾਜ ਬੁਲੰਦ ਕਰਦੇ ਰਹੇ ਹਨ ਅਤੇ ਘਟਨਾ ਵਾਲੇ ਦਿਨ ਵੀ ਉਹ ਕੁਝ ਪੱਤਰਕਾਰਾਂ ਨੂੰ ਨਾਲ ਲੈ ਕੇ ਇਸ ਗੈਰ ਕਾਨੂੰਨੀ ਮਾਈਨਿੰਗ ਵਾਲੇ ਸਥਾਨ ਤੇ ਪਹੁੰਚੇ ਜਿਥੇ ਵਿਧਾਇਕ, ਉਹਨਾਂ ਦੇ ਪੀਏ ਅਤੇ ਅੰਗ ਰੱਖਿਅਕ ਦੀ ਰੇਤ ਮਾਫੀਆ ਦੇ ਕਾਰਕੁੰਨਾ ਦੁਆਰਾ ਕੁੱਟਮਾਰ ਕੀਤੀ ਗਈ। ਰੇਤ ਮਾਫੀਆ ਵੱਲੋਂ ਵਿਧਾਇਕ ਅਤੇ ਉਸਦੇ ਅੰਗ ਰੱਖਿਅਕ ਦੀ ਪੱਗ ਉਤਾਰ ਦਿੱਤੀ ਗਈ ਅਤੇ ਇੱਕ ਅੰਗ ਰੱਖਿਅਕ ਨੇ ਰੇਤ ਮਾਫੀਆ ਦੇ ਮੁੱਖੀ ਅਜਵਿੰਦਰ ਦੀ ਪੱਗ ਉਤਾਰ ਦਿੱਤੀ। ਆਪ ਵਿਧਾਇਕ ਹੁਣ ਪੀ ਜੀ ਆਈ ਹਸਪਤਾਲ ਚੰਡੀਗੜ ਵਿਖੇ ਦਾਖਲ ਹੈ ਜਦਕਿ ਮੁੱਖ ਮੰਤਰੀ ਦੇ ਦਖਲ ਤੋਂ ਬਾਅਦ ਮੁੱਖ ਹਮਲਾਵਰ ਅਜਵਿੰਦਰ ਸਿੰਘ, ਜਸਵਿੰਦਰ ਸਿੰਘ ਗੋਲਡੀ, ਮਨਜੀਤ ਸਿੰਘ, ਅਮਰਜੀਤ ਸਿੰਘ, ਬੱਚਿਤਰ ਸਿੰਘ, ਅਤੇ ਕੁਝ ਹੋਰਨਾਂ ਅਣਪਛਾਤੇ ਹਮਲਾਵਰਾਂ ਤੇ ਧਾਰਾ 307, 295ਏ, 353, 186, 148, 149, ਅਤੇ ਅਸਲਾ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਜਸਵਿੰਦਰ ਸਿੰਘ ਗੋਲਡੀ, ਅਮਰਜੀਤ ਸਿੰਘ, ਮਨਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਜਿਹਨਾਂ ਦਾ ਅਦਾਲਤ ਵੱਲੋਂ ਚਾਰ ਦਿਨ ਦਾ ਪੁਲਿਸ ਰਿਮਾਂਡ ਦਿੱਤਾ ਗਿਆ ਹੈ ਜਦਕਿ ਮੁੱਖ ਦੋਸ਼ੀ ਅਤੇ ਬਾਕੀਆਂ ਦੀ ਗ੍ਰਿਫਤਾਰੀ ਲਈ ਆਮ ਆਦਮੀਂ ਪਾਰਟੀ ਦੀ ਲੀਡਰਸ਼ਿਪ ਵੱਲੋਂ ਰੂਪਨਗਰ ਵਿਖੇ ਧਰਨਾ ਦਿੱਤਾ ਗਿਆ ਹੈ।

ਗੱਲ ਰੇਤ ਮਾਫੀਆ ਦੀ ਕਰੀਏ ਤਾਂ ਇਸ ਦੇ ਹੌਂਸਲੇ ਕਿੰਨੇ ਬੁਲੰਦ ਹਨ ਉਸ ਦਾ ਅੰਦਾਜਾ ਸ਼ਰੇਆਮ ਗੁੰਡਾਗਰਦੀ ਦੀ ਹੋਈ ਇਸ ਤੀਸਰੀ ਘਟਨਾ ਤੋਂ ਲਗਾਇਆ ਜਾ ਸਕਦਾ ਹੈ। ਪਹਿਲੀ ਘਟਨਾ ਵਿੱਚ ਮਾਈਨਿੰਗ ਵਿਭਾਗ ਦੇ ਜਨਰਲ ਮਨੇਜਰ ਟੀ ਐਸ ਸੇਖੋਂ ਨੂੰ ਨਜਾਇਜ ਮਾਈਨਿੰਗ ਕਰਨ ਵਾਲਿਆਂ ਨੇ ਰੇਤ ਦੇ ਟਿੱਪਰ ਹੇਠ ਦੇਣ ਦੀ ਕੋਸ਼ਿਸ ਕੀਤੀ। ਦੂਜੀ ਘਟਨਾ 18 ਜੂਨ ਮੋਹਾਲੀ ਦੀ ਹੈ ਜਿਸ ਵਿੱਚ ਰੇਤ ਮਾਫੀਆ ਵੱਲੋਂ ਜੰਗਲਾਤ ਮਹਿਕਮੇ ਦੇ ਬਲਾਕ ਅਧਿਕਾਰੀ ਦਵਿੰਦਰ ਸਿੰਘ ਨੂੰ ਤੇਜਧਾਰ ਹਥਿਆਰਾਂ ਨਾਲ ਗੰਭੀਰ ਜਖਮੀਂ ਕਰ ਦਿੱਤਾ ਜੋ ਪੀ ਜੀ ਆਈ ਹਸਪਤਾਲ ਦੇ ਆਈ ਸੀ ਯੂ ਵਿੱਚ ਜਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ ਜਦਕਿ ਬੇਲਦਾਰ ਕਰਨੈਲ ਸਿੰਘ ਵੀ ਪੀ ਜੀ ਆਈ ਵਿੱਚ ਹੀ ਜੇਰੇ ਇਲਾਜ ਹੈ। ਤੀਸਰੀ ਘਟਨਾ ਵਿਧਾਇਕ ਤੇ ਹਮਲੇ ਦੀ ਏਹ ਹੈ ਜਿਸ ਵਿੱਚ ਹਥਿਆਰਬੰਦ ਸੁਰੱਖਿਆ ਗਾਰਡਾਂ ਦੇ ਹੁੰਦੇ ਹੋਏ ਰੇਤ ਤਸਕਰਾਂ ਵੱਲੋਂ ਕੀਤਾ ਹਮਲਾ ਅਜਿਹੀ ਸਰਕਾਰੀ ਸੁੱਰਖਿਆ ਨੂੰ ਸਿੱਧਾ ਚੈਲੰਜ ਹੈ। ਜਿਸ ਤੋਂ ਸਾਫ ਸਾਫ ਏਹ ਸੁਨੇਹਾ ਜਾਂਦਾ ਹੈ ਕਿ ਰੇਤ ਮਾਫੀਆ ਪੂਰੀ ਤਰਾਂ ਬੇਲਗਾਮ ਹੈ ਜਿਸਨੂੰ ਨਾ ਤਾਂ ਪੁਲਿਸ ਤੇ ਕਾਨੂੰਨ ਦਾ ਡਰ ਹੈ ਅਤੇ ਨਾ ਹੀ ਕੈਪਟਨ ਸਰਕਾਰ ਦਾ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖੁਦ ਨੂੰ ਸਖਤ ਮੁੱਖ ਮੰਤਰੀ ਦਰਸਾਉਣ ਦੀਆਂ ਜਿੰਨੀਆਂ ਮਰਜੀ ਫੜਾਂ ਮਾਰੀ ਜਾਣ ਪਰ ਜਿਸ ਪ੍ਰਕਾਰ ਰੇਤ ਮਾਫੀਆ ਦੇ ਗੁੰਡਾਗਰਦੀ ਕਰਨ ਵਾਲੇ ਹੌਂਸਲੇ ਬੁਲੰਦ ਹਨ ਉਹ ਸਿੱਧੇ ਸੰਕੇਤ ਕਰਦੇ ਹਨ ਕਿ ਸਰਕਾਰ ਦੇ ਡਰ ਨਾਮ ਦੀ ਕੋਈ ਵੀ ਚੀਜ ਪੰਜਾਬ ਵਿੱਚ ਨਹੀ ਹੈ ਅਤੇ ਏਥੇ ਸਿਰਫ ਜੰਗਲਰਾਜ ਹੈ। ਏਹ ਸੱਭ ਕੁਝ ਸੱਤਾਧਾਰੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨਾਲ ਰੇਤ ਮਾਫੀਆ ਦੀ ਗੂੜੀ ਨੇੜਤਾ ਨਾਲ ਹੀ ਸੰਭਵ ਹੋ ਸਕਦਾ ਹੈ। ਜੇਕਰ ਸੱਤਾਧਾਰੀ ਲੀਡਰਸ਼ਿਪ ਰੇਤ ਮਾਫੀਆ ਹੈ ਜਾਂ ਕਾਲੀ ਕਮਾਈ ਦੇ ਚੱਲਦਿਆਂ ਰੇਤ ਮਾਫੀਆ ਦੇ ਹੱਥਾਂ ਵਿੱਚ ਖੇਡਦੀ ਹੈ ਤਾਂ ਪੁਲਿਸ ਨੂੰ ਤਾਂ ਆਪਣੇ ਆਪ ਹੀ ਰੇਤ ਮਾਫੀਏ ਦੀ ਜੇਬ ਵਿੱਚ ਮੰਨਿਆ ਜਾ ਸਕਦਾ ਹੈ।



ਵਾਪਰੀ ਘਟਨਾ ਵਿੱਚ ਜੋ ਗੱਲਾਂ ਸਾਹਮਣੇ ਆਈਆਂ ਹਨ ਉਹ ਪੰਜਾਬ ਵਰਗੇ ਸੂਬੇ ਜਿਥੋਂ ਦੇ ਲੋਕਾਂ ਜਿਹਨਾਂ ਪੱਗ ਭਾਵ ਦਸਤਾਰ ਨੂੰ ਅਥਾਹ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤਾ ਅਤੇ ਬਚਾਅ ਕੇ ਵੀ ਰੱਖਿਆ ਹੈ ਲਈ ਬੇਹੱਦ ਸ਼ਰਮਨਾਕ ਇਸ ਲਈ ਹੈ ਕਿ ਸਰਦਾਰ ਸਰਦਾਰ ਹੋਣ ਦੀਆਂ ਜੰਬਲੀਆਂ ਮਾਰਨ ਵਾਲਿਆਂ ਨੂੰ ਅਜੇ ਤੱਕ ਪੱਗ ਦੀ ਅਹਿਮੀਅਤ ਹੀ ਨਹੀ ਪਤਾ ਲੱਗੀ। ਰੇਤ ਮਾਫੀਆ ਅਜਵਿੰਦਰ ਜੇਕਰ ਵਿਧਾਇਕ ਸੰਦੋਆ ਦੇ ਸਰੀਰ ਤੇ ਹਮਲਾ ਕਰਦਾ ਤਾਂ ਕੋਈ ਦੁੱਖ ਨਹੀ ਸੀ ਹੋਣਾ। ਇਸ ਨੂੰ ਵਿਧਾਇਕ ਤੇ ਹਮਲਾ ਕਿਹਾ ਜਾ ਸਕਦਾ ਸੀ। ਵੀਡੀਓ ਵਿੱਚ ਸਾਫ ਨਜਰ ਆ ਰਿਹਾ ਹੈ ਕਿ ਪੱਗ ਦੇ ਦੁਸ਼ਮਣ ਅਜਵਿੰਦਰ ਨੇ ਵਿਧਾਇਕ ਤੇ ਨਹੀ ਬਲਕਿ ਝਪਟਾ ਮਾਰ ਕੇ ਉਸਦੀ ਪੱਗ ਤੇ ਹਮਲਾ ਕੀਤਾ ਹੈ। ਪੱਗ ਦਾ ਦੁਸ਼ਮਣ ਇਸ ਸਵਾਲ ਦਾ ਜਵਾਬ ਜਰੂਰ ਦੇਵੇ ਕਿ ਪੱਗ ਤੇ ਹਮਲਾ ਕਰਨ ਨਾਲ ਵਿਧਾਇਕ ਨੂੰ ਕਿਹੜੀ ਸਰੀਰਕ ਸੱਟ ਵੱਜਣੀ ਸੀ। ਜੋ ਬਜਰ ਗਲਤੀ ਪੱਗ ਦੋਖੀ ਅਜਵਿੰਦਰ ਨੇ ਕੀਤੀ ਹੈ ਉਹੀ ਗਲਤੀ ਵਿਧਾਇਕ ਸੰਦੋਆ ਦੇ ਗੰਨਮੈਨ ਨੇ ਅਜਵਿੰਦਰ ਦੀ ਪੱਗ ਉਤਾਰ ਕੇ ਕੀਤੀ ਹੈ। ਜਦੋਂ ਵਿਧਾਇਕ ਤੇ ਹਮਲਾ ਹੋਇਆ ਸੀ ਉਦੋਂ ਤਾਂ ਭਾਵੇਂ ਇਸ ਗੰਨਮੈਨ ਨੇ ਕੋਈ ਬਹਾਦਰੀ ਨਹੀ ਦਿਖਾਈ ਪਰ ਉਸਦੇ ਬਾਅਦ ਇਸਨੇ ਅਜਵਿੰਦਰ ਦੀ ਪੱਗ ਤੇ ਹਮਲਾ ਕਰਕੇ ਉਸਨੂੰ ਉਤਾਰ ਕੇ ਪੱਗ ਦਾ ਦੁਸ਼ਮਣ ਹੋਣ ਦੀ ਬਹਾਦਰੀ ਜਰੂਰ ਦਿਖਾਈ ਹੈ ਜਿਸ ਵਿੱਚ ਉਸ ਦੀ ਆਪਣੇ ਸਿਰ ਦੀ ਪੱਗ ਵੀ ਉਤਰ ਗਈ। ਇਸ ਮਾਮਲੇ ਵਿੱਚ ਵਿਧਾਇਕ ਸੰਦੋਆ ਨੂੰ ਵੀ ਬਰੀ ਨਹੀ ਕੀਤਾ ਜਾ ਸਕਦਾ ਉਸਨੇ ਵੀ ਇੱਕ ਵਿਆਕਤੀ ਤੇ ਸਰੀਰਕ ਹਮਲਾ ਕਰਨ ਦੀ ਬਜਾਏ ਉਸ ਦੀ ਪੱਗ ਤੇ ਹੀ ਹਮਲਾ ਕੀਤਾ ਹੈ। ਮੁੱਕਦੀ ਗੱਲ ਕਿ ਏਹ ਝੜਪ ਮਹਿਜ ਪੱਗਾਂ ਉਤਾਰਨ ਤੱਕ ਹੀ ਸੀਮਤ ਰਹੀ ਜੋ ਕਿ ਕੌਮ ਲਈ ਬਹੁਤ ਹੀ ਦੁੱਖਦਾਈ ਹੈ। ਪੱਗਾਂ ਦੇ ਦੁਸ਼ਮਣ ਇਹਨਾਂ ਲੋਕਾਂ ਨਾਲ ਸੰਗਤ ਨੂੰ ਕਿਹੋ ਜਿਹਾ ਸਬੰਧ ਰੱਖਣਾ ਚਾਹੀਦਾ ਹੈ ਇਸ ਦਾ ਫੈਸਲਾ ਤਾਂ ਸੰਗਤ ਖੁਦ ਕਰੇ ਪਰ ਇਸ ਤੋਂ ਪਹਿਲਾਂ ਪੱਗ ਦੀ ਅਹਿਮੀਅਤ ਸਮਝਣ ਵਾਲੇ ਉਹਨਾਂ ਤਮਾਮ ਲੋਕਾਂ ਨੂੰ ਇੱਕ ਗੱਲ ਪੱਲੇ ਬੰਨ ਲੈਣੀ ਚਾਹੀਦੀ ਹੈ ਕਿ ਭਵਿੱਖ ਵਿੱਚ ਉਹ ਕਿਸੇ ਨੂੰ ਜਲੀਲ ਕਰਨ ਲਈ ਸਿੱਖਾਂ ਦੇ ਧਾਰਮਿਕ ਚਿੰਨ ਪੱਗ ਤੇ ਖੁਦ ਹੀ ਹੋਰ ਹਮਲੇ ਨਾ ਕਰਨ ਜਿਸ ਨਾਲ ਉਹਨਾਂ ਦੀ ਆਪਣੀ ਅਕਲ ਦਾ ਜਨਾਜਾ ਤਾਂ ਨਿਕਲਦਾ ਹੀ ਹੈ ਨਾਲ ਦੀ ਨਾਲ ਉਹਨਾਂ ਦਾ ਪੱਗ ਪ੍ਰਤੀ ਸਤਿਕਾਰ ਵੀ ਜੱਗ ਜਾਹਰ ਹੁੰਦਾ ਹੈ।

ਜੇਕਰ ਇਸ ਘਟਨਾ ਵਿੱਚ ਪੁਲਿਸ ਭਾਵ ਸਰਕਾਰੀ ਤੌਰ ਤੇ ਮਿਲੇ ਸੁਰੱਖਿਆ ਗਾਰਡਾਂ ਦੀ ਗੱਲ ਕਰੀਏ ਤਾਂ ਅਜਿਹੀ ਸੁਰੱਖਿਆ ਲੈਣ ਦੇ ਚਾਹਵਾਨਾਂ ਲਈ ਸਿੱਧਾ ਸੁਨੇਹਾ ਏਹੀ ਹੈ ਕਿ ਏਹ ਉਹਨਾਂ ਦੇ ਜੀਵਨ ਨੂੰ ਖਤਰੇ ਵਿੱਚ ਪਾ ਸਕਦੀ ਹੈ। ਵਿਧਾਇਕ ਦੇ ਸੁਰੱਖਿਆ ਗਾਰਡ ਉਸ ਨੂੰ ਬਚਾਉਣ ਲਈ ਨਾ ਤਾਂ ਖੁਦ ਹਮਲਾਵਰਾਂ ਪ੍ਰਤੀ ਸਖਤ ਰੁੱਖ ਅਖਤਿਆਰ ਕਰ ਸਕੇ ਅਤੇ ਨਾ ਹੀ ਉਹਨਾਂ ਵਿਧਾਇਕ ਨੂੰ ਕੋਈ ਸੁਰੱਖਿਆ ਘੇਰਾ ਬਣਾ ਕੇ ਉਥੋਂ ਕੱਢਣ ਦੀ ਹੀ ਕੋਸ਼ਿਸ ਕੀਤੀ। ਇਹਨਾਂ ਵਿੱਚੋਂ ਇੱਕ ਗਾਰਡ ਦਾ ਜੋਰ ਤਾਂ ਦਸਤਾਰ ਲਾਹੁਣ ਤੱਕ ਸੀਮਤ ਰਿਹਾ ਜਦਕਿ ਦੂਜਾ ਤਾਂ ਮੂਕ ਦਰਸ਼ਕ ਹੀ ਬਣਿਆ ਰਿਹਾ। ਅਜਿਹੀ ਸੁਰੱਖਿਆ ਦਾ ਬਹੁਤ ਹੀ ਮਾੜਾ ਸੁਨੇਹਾ ਜਾਂਦਾ ਹੈ ਏਹ ਕਿਸੇ ਦੇ ਜੀਵਨ ਨੂੰ ਖਤਰੇ ਵਿੱਚ ਪਾ ਸਕਦੀ ਹੈ ਅਤੇ ਕਈ ਮਾੜੇ ਅਨਸਰਾਂ ਦੇ ਵੀ ਹੌਂਸਲੇ ਬੁਲੰਦ ਹੋ ਸਕਦੇ ਹਨ। ਜੇਕਰ ਕਾਨੂੰਨੀ ਪੱਖ ਤੋਂ ਏਹ ਸੁਰੱਖਿਆ ਗਾਰਡ ਕਿਸੇ ਦਾਇਰੇ ਵਿੱਚ ਸੀਮਤ ਹਨ ਤਾਂ ਸਰਕਾਰ ਦੁਆਰਾ ਉਹਨਾਂ ਦੇ ਦਾਇਰੇ ਨੂੰ ਜਿਆਦਾ ਕਰਨ ਦੀ ਜਰੂਰਤ ਹੈ ਨਹੀ ਤਾਂ ਏਹ ਰੁਝਾਨ ਬਹੁਤ ਹੀ ਮਾੜੇ ਨਤੀਜੇ ਦੇ ਸਕਦਾ ਹੈ।

ਇਸ ਘਟਨਾ ਤੋਂ ਬਾਅਦ ਪੱਤਰਕਾਰਤਾ ਦੀ ਸੁਰੱਖਿਆ ਲਈ ਦੇਸ਼ ਦੇ ਰਾਜਨੀਜਤਿਕ, ਸਮਾਜਿਕ ਅਤੇ ਧਾਰਮਿਕ ਆਗੂਆਂ, ਪੁਲਿਸ ਦੇ ਅਧਿਕਾਰੀਆਂ ਤੇ ਕਰਮਚਾਰੀਆਂ, ਸਰਕਾਰੀ ਤੇ ਗੈਰ ਸਰਕਾਰੀ ਬਾਬੂਆਂ, ਨਿਆ ਪਾਲਿਕਾ 'ਚ ਬੈਠੇ ਜੱਜਾਂ ਤੇ ਵਕੀਲਾਂ ਅਤੇ ਆਮ ਲੋਕਾਂ ਨੂੰ ਵੀ ਸੋਚਣਾ ਚਾਹੀਦਾ ਹੈ। ਇੱਕ ਇੱਕਲਾ ਪੱਤਰਕਾਰ ਜਾਂ ਫੋਟੋ ਗ੍ਰਾਫਰ/ ਕੈਮਰਾਮੈਨ ਅਜਿਹੀਆਂ ਖਤਰਨਾਕ ਥਾਵਾਂ ਤੇ ਜਾ ਕੇ ਕਿਵੇਂ ਕਵਰੇਜ ਕਰਦਾ ਹੋਵੇਗਾ ਇਸ ਲਈ ਕੁਝ ਸਮਾਂ ਕੱਢ ਕੇ ਹਰ ਵਿਆਕਤੀ ਆਪਣੇ ਦਿਮਾਗ ਵਿੱਚ ਇੱਕ ਖਿਆਲੀ ਫਿਲਮ ਜਰੂਰ ਚਲਾਏ ਕਿ ਜਦੋਂ ਲੋਕਾਂ ਦਾ ਚੁਣਿਆ ਨੁਮਾਇੰਦਾ ਜਿਸ ਪਿਛੇ ਲੱਖਾਂ ਦੀ ਗਿਣਤੀ ਵਿੱਚ ਉਸ ਦੇ ਸਪੋਟਰ, ਉਸਦੀ ਪਾਰਟੀ ਅਤੇ ਸਰਕਾਰੀ ਤੰਤਰ ਖੜਾ ਹੁੰਦਾ ਹੈ ਤਾਂ ਵੀ ਉਹ ਸੁਰੱਖਿਅਤ ਨਹੀ ਹੈ ਤਾਂ ਪੱਤਰਕਾਰ ਕਿਵੇਂ ਸੁਰੱਖਿਅਤ ਮੰਨੇ ਜਾ ਸਕਦੇ ਹਨੇ। ਜੇਕਰ ਮੈਂ ਆਪਣੀ ਗੱਲ ਕਰਾਂ ਤਾਂ ਖੱਡਾਂ ਵਿੱਚ ਜਾ ਕੇ ਅਜਿਹੀ ਕਵਰੇਜ ਕਰਦਾ ਰਿਹਾ ਹਾਂ।

ਮੈਂ ਉਹਨਾਂ ਭਿਆਨਕ ਤੇ ਜਿੰਦਗੀ ਤੋਂ ਹਮੇਸ਼ਾਂ ਲਈ ਹੱਥ ਥੋ ਬੈਠਣ ਵਾਲੇ ਪੱਲਾਂ ਨੂੰ ਹੁਣ ਮਹਿਸੂਸ ਕਰਨ ਲੱਗਾ ਹਾਂ ਜਿਸ ਪ੍ਰਤੀ ਮੇਰੇ ਪੱਤਰਕਾਰ ਕਈ ਸਾਥੀ ਅਤੇ ਆਮ ਲੋਕ ਮੈਨੂੰ ਸੁਚੇਤ ਵੀ ਕਰਦੇ ਰਹਿੰਦੇ ਸਨ ਪਰ ਇਸ ਦੇ ਬਾਵਜੂਦ ਇੱਕ ਪੱਤਰਕਾਰ ਦੀ ਸੱਚਾਈ ਤੋਂ ਪਰਦਾ ਚੁੱਕਣ ਦੀ ਤਾਂਘ ਮੈਨੂੰ ਅਜਿਹਾ ਕਰਨ ਲਈ ਖਤਰਾ ਖ੍ਰੀਦਣ ਲਈ ਪ੍ਰੇਰਦੀ ਹੈ ਜਿਸਨੂੰ ਮੈਂ ਹੁਣ ਖਤਰਾ ਮਹਿਸੂਸ ਸਮਝਣ ਲੱਗਾ ਹਾਂ। ਅਜਿਹਾ ਸਿਰਫ ਤੇ ਸਿਰਫ ਰੇਤ ਮਾਫੀਆ ਦੀ ਸਾਹਮਣੇ ਆਈ ਅਜਿਹੀ ਗੁੰਡਾਗਰਦੀ ਕਾਰਨ ਹੀ ਹੋਇਆ ਹੈ।

ਮੈਂ ਇਸਨੂੰ ਰੇਤ ਮਾਫੀਆ ਵੱਲੋਂ ਗੈਰਕਾਨੂੰਨੀ ਮਾਈਨਿੰਗ ਵਿਰੁੱਧ ਲੜਨ ਵਾਲੇ ਉਸ ਹਰ ਵਿਆਕਤੀ ਨੂੰ ਦਹਿਸਤ ਪਾਉਣ ਲਈ ਦਿੱਤੀ ਸਿੱਧੀ ਚੇਤਾਵਨੀ ਹੀ ਸਮਝਾਂਗਾ।

ਕੀ ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਦੇਸ਼ ਹਿੱਤ ਲਈ ਕੰਮ ਕਰਨ ਵਾਲੇ ਅਜਿਹੇ ਪੱਤਰਕਾਰਾਂ ਨੂੰ ਕੋਈ ਸੁਰੱਖਿਆ ਛੱਤਰੀ ਦੇਵੇਗੀ ਜੋ ਜਾਨ ਦੀ ਪ੍ਰਵਾਹ ਨਾ ਕਰਦਿਆਂ ਅਜਿਹੀ ਕਵਰੇਜ ਦਿੰਦੇ ਹਨ ਜਾਂ ਫੇਰ ਫਰਜਾਂ ਭੁੱਲ ਡਰਪੋਕ ਬਣਕੇ ਉਹ ਅਜਿਹੀ ਕਵਰੇਜ ਕਰਨਾ ਹੀ ਬੰਦ ਕਰ ਦੇਣ।

ਅਖੀਰ ਵਿੱਚ ਲੋਕਾਂ ਦੇ ਚੁਣੇ ਨੁਮਾਇੰਦਿਆਂ ਦੀ ਗੱਲ ਕਰਕੇ ਸਬਦਾਂ ਨੂੰ ਵਿਰਾਮ ਦੇਵਾਂਗਾ ਕਿ ਜਿਸ ਪ੍ਰਕਾਰ ਇਸ ਵਿਧਾਇਕ ਨੇ ਆਪਣਾ ਫਰਜ ਸਮਝਦੇ ਹੋਏ ਅਜਿਹੀ ਕਾਰਵਾਈ ਕੀਤੀ ਹੈ (ਜਿਸ ਤੇ ਭਾਵੇਂ ਲੱਖਾਂ ਰੁਪਏ ਰਿਸਵਤ ਮੰਗਣ ਦੇ ਆਰੋਪ ਵੀ ਲੱਗੇ ਹਨ ਜੋ ਇੱਕ ਵੱਖਰੀ ਜਾਂਚ ਦਾ ਵਿਸ਼ਾ ਹੈ) ਕੋਈ ਹੋਰ ਵਿਧਾਇਕ ਵੀ ਅਜਿਹਾ ਕਰੇਗਾ। ਜਾਂ ਕੀ ਅਜਿਹੇ ਹੋਰ ਰਹੇ ਗੈਰਕਾਨੂੰਨੀ ਕੰਮਾਂ ਵੱਲ ਧਿਆਨ ਦੇਣਾ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦਾ ਕੰਮ ਨਹੀ।

ਜਾਂ ਕੀ ਜੇਕਰ ਅਜਿਹਾ ਪਹਿਲਾਂ ਨਹੀ ਹੁੰਦਾ ਰਿਹਾ ਤਾਂ ਸੁਰੂ ਹੋਈ ਇਸ ਮੁਹਿੰਮ ਨੂੰ ਨਵੇਂ ਵਿਧਾਇਕਾਂ ਨੂੰ ਜੰਗੀ ਪੱਧਰ ਤੇ ਜਾਰੀ ਨਹੀ ਰੱਖਣਾ ਚਾਹੀਦਾ ਹੈ। ਜਾਂ ਚੱਲ ਰਹੇ ਅਜਿਹੇ ਸਾਰੇ ਗੈਰ ਕਾਨੂੰਨੀ ਕੰਮਾਂ ਲਈ ਸਿੱਧੇ ਤੌਰ ਤੇ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਦੀ ਨਲਾਇਕੀ ਜਾਂ ਮਿਲੀ ਭੁਗਤ ਨੂੰ ਜਿੰਮੇਵਾਰ ਨਾ ਮੰਨਿਆ ਜਾਵੇ, ਜਾਂ ਫੇਰ ਸਰਕਾਰਾਂ ਦੇ ਖੁਦ ਭ੍ਰਿਸਟ ਹੋਣ ਨੂੰ। ਜੇਕਰ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨਵੇਂ ਕਾਨੂੰਨ ਬਣਾਉਣ, ਵਿਕਾਸ ਕਾਰਜ ਕਰਵਾਉਣ, ਲੋਕਾਂ ਨੂੰ ਸਮਾਜ ਭਲਾਈ ਦੀਆਂ ਯੋਜਨਾਵਾਂ ਦੇਣ ਅਤੇ ਅਮਨ ਤੇ ਕਾਨੂੰਨ ਦੀ ਸਥਿਤੀ ਦਰੁਸਤ ਰੱਖਣ ਦੇ ਨਾਲ ਨਾਲ ਅਜਿਹੀ ਪਾਰੀ ਵੀ ਖੇਡਣ ਲੱਗ ਜਾਣ ਤਾਂ ਅਜਿਹੇ ਗੈਰਕਾਨੂੰਨੀ ਕੰਮਾਂ ਨੂੰ ਕਾਫੀ ਬ੍ਰੇਕ ਲੱਗ ਜਾਵੇਗੀ ਬੇਸ਼ਰਤੇ ਕਿ ਅਜਿਹੀ ਕਾਰਵਾਈ 'ਚੋਂ ਕਿਸੇ ਨੂੰ ਬਲੈਕਮੇਲ ਕਰਨ ਦੀ ਬਦਬੋ ਨਾ ਆਵੇ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



## ਪੁਰਾਣੇ ਟਾਇਰਾਂ ਦੀ ਸੇਲ

## ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

## NEW & USED TIRES
## WASH, LUBE, BRAKES

Call:
**530-824-5134**

LUCAS OIL LUCAS INJECTOR CLEANER $28.99

Call:
**650-642-0697**

## 3525 Highway 99, West Corning, CA 96021
Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



ਮਰਨਾ ਸ਼ਾਨ ਨਾਲ

## ਨਾ ਹਮ ਹਿੰਦੂ ਨਾ ਮੁਸਲਮਾਨ ਸਾਡੀ ਮੰਜ਼ਿਲ ਖਾਲਿਸਤਾਨ

ਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨ ਜ਼ਿੰਦਾਬਾਦ

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ

**Fighting for Faith and Nation**



ਜੀਣਾ ਅਣਖ ਨਾਲ

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਯੂਐਸਏ) ਵੈਸਟ ਵੱਲੋਂ ਸਮੂਹ ਪੰਥਕ ਜਥੇਬੰਦੀਆਂ, ਸਿੱਖ ਸਖਸ਼ੀਅਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਧਰਮ ਤੇ ਸਿੱਖ ਕੌਮ ਦੀ ਹੋਂਦ ਸਬੰਧੀ ਪ੍ਰੋਗਰਾਮ

ਕੌਮ ਦੇ ਧਾਰਮਿਕ, ਰਾਜਨੀਤਿਕ ਹਾਲਾਤਾਂ 'ਤੇ ਗੰਭੀਰ ਵਿਚਾਰਾਂ ਕਰਨ ਲਈ ਇਕ ਵੱਡੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਐਸ ਏ (ਵੈਸਟ) ਵੱਲੋਂ ਸਾਰੀਆਂ ਪੰਥਕ ਜਥੇਬੰਦੀਆਂ, ਗੁਰਦੁਆਰਾ ਕਮੇਟੀਆਂ ਅਤੇ ਕੌਮੀ ਸੰਘਰਸ਼ ਲਈ ਯਤਨਸ਼ੀਲ ਸਾਰੇ ਆਗੂਆਂ ਨੂੰ ਨਿਮਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਵਿਚ ਭਾਰਤ ਦੇ ਦੂਜੇ ਹਿੱਸਿਆਂ ਵਿਚ ਵਸਦੇ ਸਿੱਖਾਂ ਨੂੰ ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਤੌਰ 'ਤੇ ਖਤਮ ਕਰਨ ਲਈ ਸਰਕਾਰਾਂ ਅਤੇ ਸਰਕਾਰੀ ਏਜੰਸੀਆਂ ਵੱਲੋਂ ਜੋ ਜਾਲ ਵਿਛਾਇਆ ਗਿਆ ਹੈ ਉਸ ਨੂੰ ਸਮਝਣ ਦੀ ਲੋੜ ਹੈ। ਇਨ੍ਹਾਂ ਸਮੱਸਿਆਵਾਂ ਦੇ ਕਾਰਨ ਅਤੇ ਹੱਲ ਲੱਭਣ ਲਈ ਫਿਕਰਮੰਦ ਹੋ ਤਾਂ ਆਓ ਸਿਰ ਜੋੜ ਕੇ ਵਿਚਾਰ ਕਰੀਏ ਅਤੇ ਪੰਥਕ ਵਿਦਵਾਨਾਂ ਦੇ ਵਿਚਾਰ ਸੁਣੀਏ। ਇਨ੍ਹਾਂ ਸੰਜੀਦਾ ਵਿਸ਼ਿਆਂ 'ਤੇ ਵਿਚਾਰ ਪੇਸ਼ ਕਰਨ ਲਈ ਵਿਸ਼ੇ ਅਤੇ ਬੁਲਾਰਿਆਂ ਦੀ ਜਾਣਕਾਰੀ ਇਸ ਤਰ੍ਹਾਂ ਹੈ।



ਧਾਰਮਿਕ ਤੌਰ 'ਤੇ ਵਧ ਰਹੀਆਂ ਸਮੱਸਿਆਵਾਂ ਅਤੇ ਹੱਲ ਲਈ ਸਭ ਦੇ ਜਾਣੇ-ਪਹਿਚਾਣੇ ਵਿਦਵਾਨ ਇਤਿਹਾਸਕਾਰ, ਚਿੰਤਕ ਅਤੇ ਧਰਮਾਂ ਦੀ ਡੂੰਘੀ ਜਾਣਕਾਰੀ ਦੇਣਗੇ ਡਾ. ਸੁਖਪ੍ਰੀਤ ਸਿੰਘ ਉਦੋਕੇ।



ਜੂਨ 1984 ਤੋਂ ਅੱਜ ਤੱਕ ਸਿੱਖ ਸੰਘਰਸ਼ ਦੀਆਂ ਪ੍ਰਾਪਤੀਆਂ ਤੇ ਕਮੀਆਂ ਤੇ ਕੌਮੀ ਸੰਘਰਸ਼ ਦਾ ਨਿਸ਼ਾਨਾ ਖਾਲਿਸਤਾਨ ਤੇ ਭਵਿੱਖ ਬਾਰੇ ਜਾਣਕਾਰੀ ਦੇਣਗੇ ਡਾ. ਅਮਰਜੀਤ ਸਿੰਘ ਖਾਲਿਸਤਾਨ ਅਫੇਅਰ ਸੈਂਟਰ।



ਪੰਜਾਬ ਦੀ ਆਰਥਿਕਤਾ ਉਸ ਪਿੱਛੇ ਸਿਆਸੀ ਅਤੇ ਕੌਮੀ ਕਾਰਨ ਅਤੇ ਉਜਾੜੇ ਦੀ ਨੀਤੀ ਬਾਰੇ ਜਾਣਕਾਰੀ ਦੇਣਗੇ ਡਾ. ਧਰਮਵੀਰ ਗਾਂਧੀ ਮੌਜੂਦਾ ਮੈਂਬਰ ਪਾਰਲੀਮੈਂਟ ਪਟਿਆਲਾ।



ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਭਾਰਤ ਦੇ ਕਬਜ਼ੇ ਹੇਠ ਵਸਦੇ ਸਿੱਖਾਂ ਦੀ ਗੁਲਾਮ ਮਾਨਸਿਕਤਾ ਅਤੇ ਸਰਕਾਰੀ ਜਬਰ ਅਤੇ ਸਰਕਾਰੀ ਬਦਨੀਤੀ ਬਾਰੇ ਜਾਣਕਾਰੀ ਦੇਣਗੇ ਤੇ ਸਭ ਨੂੰ ਜੀ ਆਇਆਂ ਕਹਿਣਗੇ, ਵੀਡੀਓ ਰਾਹੀਂ।



ਸ. ਤਰਲੋਚਨ ਸਿੰਘ ਦੁਪਾਲ ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉੱਘੇ ਸਿੱਖ ਆਗੂ ਵੀ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ

- ਆਏ ਪਤਵੰਤੇ ਸੱਜਣਾਂ, ਆਗੂਆਂ ਅਤੇ ਗੁਰਦੁਆਰਾ ਕਮੇਟੀਆਂ ਦੀ ਪਹਿਚਾਣ ਅਤੇ ਧੰਨਵਾਦ ਕੀਤਾ ਜਾਵੇਗਾ ਅਤੇ ਸਨਮਾਨਿਤ ਕੀਤਾ ਜਾਵੇਗਾ।
- ਮੀਡੀਆ ਨਾਲ ਸਬੰਧਤ ਸਖਸ਼ੀਅਤਾਂ ਜੋ ਲੰਮੇ ਸਮੇਂ ਤੋਂ ਕੌਮੀ ਸੰਘਰਸ਼ ਅਤੇ ਕੌਮੀ ਸਮੱਸਿਆਵਾਂ ਬਾਰੇ ਨਿਡਰ ਜਾਣਕਾਰੀ ਦਿੰਦੇ ਹਨ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।

## ਸਮਾਂ 24 ਜੂਨ 2018 ਐਤਵਾਰ ਦੁਪਹਿਰ 2 ਵਜੇ ਤੋਂ ਸ਼ਾਮੀਂ 6:30 ਵਜੇ ਤੱਕ ਵਿਚਕਾਰ ਅੱਧੇ ਘੰਟੇ ਦੀ ਬਰੇਕ ਹੋਵੇਗੀ। ਸਾਰਾ ਪ੍ਰੋਗਰਾਮ ਟੀਵੀ ਚੈਨਲ ਅਤੇ ਰੇਡੀਓ ਚੈਨਲ ਲਾਈਵ ਕਰਨਗੇ

## ਸਥਾਨ: Peacock Restaurant 24989 Santa Clara Street Hayward CA 94544

ਹੋਰ ਜਾਣਕਾਰੀ ਲਈ ਸੰਪਰਕ ਕਰੋ : **ਰੇਸ਼ਮ ਸਿੰਘ ਸੀਨੀਅਰ ਵਾਈਸ ਪ੍ਰਧਾਨ ਯੂਐਸਏ 661-209-0118**

### ਬੇਨਤੀ ਕਰਤਾ



ਰੇਸ਼ਮ ਸਿੰਘ ਸੀਨੀਅਰ ਵਾਈਸ ਪ੍ਰਧਾਨ ਯੂਐਸਏ



ਬਲਵਿੰਦਰ ਸਿੰਘ ਮਿੱਠੂ ਪੈਨਲ ਮੈਂਬਰ ਅਮਰੀਕਾ



ਜਗਰਾਜ ਸਿੰਘ ਧਾਲੀਵਾਲ ਵਾਈਸ ਪ੍ਰਧਾਨ, ਸੀਏ



ਕੁਲਜੀਤ ਸਿੰਘ ਨਿੱਝਰ ਪ੍ਰਧਾਨ ਕੈਲੀਫੋਰਨੀਆ



ਗੁਰਦੇਵ ਸਿੰਘ ਮਾਨ ਸਿਆਟਲ, ਪੈਨਲ ਮੈਂਬਰ



ਜਗਤਾਰ ਸਿੰਘ ਯੂਥ ਪ੍ਰਧਾਨ ਯੂਐਸਏ (ਵੈਸਟ)



ਜਾਫੀ ਸਿੰਘ ਖਾਲਸਾ, ਸਿੱਖ ਐਕਟੀਵਿਸਟ



ਨਰਿੰਦਰ ਸਿੰਘ ਨਿਊਯਾਰਕ



ਸੁਲਤਾਨ ਸਿੰਘ ਵਾਈਸ ਪ੍ਰਧਾਨ ਯੂਥ, ਯੂਐਸਏ



ਜਸਬੀਰ ਸਿੰਘ ਤੱਖਰ ਵਾਈਸ ਪ੍ਰਧਾਨ, ਵੈਸਟ ਕੋਸਟ ਯੂਐਸਏ



ਜਸਵਿੰਦਰ ਸਿੰਘ ਜਨਰਲ ਸਕੱਤਰ, ਸੀਏ



ਮਨਦੀਪ ਸਿੰਘ ਯੂਥ ਪ੍ਰਧਾਨ ਵੈਸਟ



ਪਰਮਜੀਤ ਸਿੰਘ ਐਲਏ ਵਾਈਸ ਪ੍ਰਧਾਨ ਯੂਥ ਵੈਸਟ



ਪਰਮਜੀਤ ਸਿੰਘ ਪ੍ਰਧਾਨ ਵਾਸ਼ਿੰਗਟਨ, ਸਿਆਟਲ



ਸਿਮਰਨਜੀਤ ਸਿੰਘ ਮੁਡੈਸਟੋ



ਸੁਖਬੀਰ ਸਿੰਘ ਮੀਡੀਆ ਇੰਚਾਰਜ, ਵੈਸਟ



ਮਨਜੀਤ ਸਿੰਘ ਪਾਤਰ ਅਤੇ ਸਰਦੂਲ ਸਿੰਘ ਬਾਸੀ